# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਸਿੱਖਾਂ ਦੀ ਦਸਤਾਰ ਦਾ ਮਤਲਬ ਅੱਤਵਾਦ ਨਹੀਂ: ਨਿਊਯਾਰਕ ਮੇਅਰ ਐਰਿਕ ਐਡਮਜ਼

- *ਹਾਲ ਹੀ ਵਿੱਚ ਹੋਏ ਨਸਲੀ ਹਮਲੇ ਅਮਰੀਕਾ 'ਤੇ ਧੱਬਾ ਕਰਾਰ*
- *ਸਿੱਖ ਭਾਈਚਾਰੇ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਸੱਦਾ*




ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਸਿੱਖਾਂ 'ਤੇ ਹਾਲ ਹੀ ਵਿੱਚ ਹੋਏ ਹਮਲਿਆਂ ਅਤੇ ਨਫ਼ਰਤੀ ਅਪਰਾਧਾਂ ਨੂੰ ਦੇਸ਼ 'ਤੇ ਧੱਬਾ ਕਰਾਰ ਦਿੰਦਿਆਂ ਕਿਹਾ ਕਿ ਸਿੱਖਾਂ ਦੀ ਦਸਤਾਰ ਦਾ ਮਤਲਬ ਅਤਿਵਾਦ ਨਹੀਂ ਹੈ ਸਗੋਂ ਇਹ ਆਸਥਾ ਦਾ ਪ੍ਰਤੀਕ ਹੈ। ਉਨ੍ਹਾਂ ਸਿੱਖ ਭਾਈਚਾਰੇ ਦੀ ਰਾਖੀ ਕਰਨ ਅਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਸੱਦਾ ਵੀ ਦਿੱਤਾ। ਐਡਮਜ਼ ਨੇ ਸਾਊਥ ਰਿਚਮੰਡ ਹਿੱਲ ਦੇ ਕੁਈਨਜ਼ ਇਲਾਕੇ ਵਿੱਚ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ, ''ਤੁਸੀਂ ਅਤਿਵਾਦੀ ਨਹੀਂ, ਸਗੋਂ ਰਖਵਾਲੇ ਹੋ। ਪੂਰੇ ਸ਼ਹਿਰ ਨੂੰ ਇਹ ਦੱਸਣ ਦੀ ਲੋੜ ਹੈ। ਸਾਡੇ ਨੌਜਵਾਨਾਂ, ਸਾਡੇ ਲੋਕਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੈ।'' ਉਨ੍ਹਾਂ ਕਿਹਾ, ''ਤੁਹਾਡੀ ਦਸਤਾਰ ਦਾ ਮਤਲਬ ਅਤਿਵਾਦ ਨਹੀਂ। ਇਸ ਦਾ ਮਤਲਬ ਰੱਖਿਆ, ਇਸ ਦਾ ਮਤਲਬ ਭਾਈਚਾਰਾ, ਪਰਿਵਾਰ, ਵਿਸ਼ਵਾਸ, ਸ਼ਹਿਰ ਹੈ। ਸਾਡੇ ਲਈ ਇਸ ਦਾ ਮਤਲਬ ਮਿਲ ਕੇ ਰਹਿਣਾ ਹੈ। ਅਸੀਂ ਤੁਹਾਡੇ ਨਾਲ ਮਿਲ ਕੇ ਇਸ ਧਾਰਨਾ ਨੂੰ ਬਦਲ ਦੇਵਾਂਗੇ। ਅਸੀਂ ਇਹ ਮਿਲ ਕੇ ਕਰ ਸਕਦੇ ਹਾਂ।'' ਐਡਮਜ਼ ਅਤੇ ਨਿਊਯਾਰਕ ਸਟੇਟ ਅਸੈਂਬਲੀ ਦੇ ਮੈਂਬਰ ਜੈਨੀਫਰ ਰਾਜਕੁਮਾਰ ਨੇ ਸਿੱਖਾਂ ਖ਼ ?ਲਾਫ਼ ਨਫ਼ਰਤੀ ਅਪਰਾਧ ਅਤੇ ਹਮਲੇ ਦੀਆਂ ਹਾਲ ਹੀ ਦੀਆਂ ਘਟਨਾਵਾਂ ਮਗਰੋਂ ਐਤਵਾਰ ਨੂੰ ਇੱਥੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਨਿਊਯਾਰਕ ਵਿੱਚ 15 ਅਕਤੂਬਰ ਨੂੰ ਸਿੱਖ ਨੌਜਵਾਨ ਉਸ ਸਮੇਂ ਹਮਲੇ ਦਾ ਸ਼ਿਕਾਰ ਹੋਇਆ ਸੀ, ਜਦੋਂ ਉਹ ਗੁਰਦੁਆਰੇ ਜਾ ਰਿਹਾ ਸੀ।

# ਅਮਰੀਕਾ 'ਚ ਯੂ.ਐਸ. ਇੰਡੀਆ ਸਿੱਖ ਅਲਾਇੰਸ ਸੰਸਥਾ ਦੀ ਉਤਸ਼ਾਹ ਨਾਲ ਕੀਤੀ ਗਈ ਸਥਾਪਨਾ

ਵਾਸ਼ਿੰਗਟਨ : ਉੱਘੇ ਸਿੱਖ ਆਗੂ ਅਤੇ ਅਮਰੀਕਾ ਦੀ ਪੁਰਾਣੀ ਸੰਸਥਾ ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ' ਦੀ ਅਗਵਾਈ 'ਚ ਇਕ ਨਵੀ ਸਿੱਖ ਸੰਸਥਾ 'ਯੂ.ਐੱਸ. ਇੰਡੀਆ ਸਿੱਖ ਅਲਾਇੰਸ' ਦੀ ਬੀਤੇ ਦਿਨ ਹੋਈ ਸਥਾਪਨਾ ਬਹੁਤ ਹੀ ਉਤਸ਼ਾਹ ਭਰੇ ਮਾਹੌਲ ਨਾਲ ਕੀਤੀ ਗਈ। ਅਮਰੀਕਾ ਦੇ ਸੂਬੇ ਮੈਰੀਲੈਂਡ 'ਚ ਇਸ ਸੰਸਥਾ ਦੇ ਇਕ ਵੱਡੇ ਉਦਘਾਟਨੀ ਸਮਾਰੋਹ 'ਤੋ ਪਹਿਲਾ ਇਕ ਸਮਾਗਮ ਅਯੋਜਿਤ ਕੀਤਾ ਗਿਆ।

ਇਸ ਵਿਚ ਅਕਾਲੀ ਦਲ ਵੱਲੋਂ ਮੈਰੀਲੈਂਡ ਦੇ ਉੱਘੇ ਸਿੱਖ ਆਗੂ ਹਰਬੰਸ ਸਿੰਘ ਸੰਧੂ ਤੇ ਪ੍ਰਿਤਪਾਲ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਅਮਰੀਕਾ ਦੇ ਸੀਨੀਅਰ ਪ੍ਰਧਾਨ ਅਡੱਪਾ ਪ੍ਰਸ਼ਾਦ ਤੇ ਸਿੱਖ ਵਿੰਗ ਦੇ ਆਗੂ ਕੰਵਲਜੀਤ ਸਿੰਘ ਸੋਨੀ ਵੀ ਸ਼ਾਮਲ ਹੋਏ। ਆਮ ਆਦਮੀ ਪਾਰਟੀ ਦੇ ਨੁਮਾਇੰਦਿਆਂ ਜਿਨ੍ਹਾਂ ਵਿਚ ਜਲਾਲਪੁਰੀਆ ਅਤੇ ਸੁਖਦੀਪ ਅੱਪਰਾ ਦੇ ਨਾਂ ਸ਼ਾਮਲ ਹਨ, ਵੱਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਹਾਜ਼ਰੀ ਲਗਵਾਈ ਗਈ ਅਤੇ ਇੰਡੀਆ ਤੋਂ ਸਹਿਯੋਗ ਦੇਣ ਦਾ ਪੂਰਾ ਵਾਅਦਾ ਕੀਤਾ ਗਿਆ। ਯੂ.ਐੱਸ.-ਇੰਡੀਆ ਸਿੱਖ ਅਲਾਇੰਸ ਦੇ ਫਾਊਂਡਰ ਜਸਦੀਪ ਸਿੰਘ ਜੱਸੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਭਾਰਤ ਅਤੇ ਅਮਰੀਕਾ ਦੇ ਵਧਦੇ ਸਬੰਧ ਹੋਰ ਮਜ਼ਬੂਤ ਕਰਨ ਵਿਚ ਸਿੱਖਾਂ ਦਾ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਦੀ ਸਥਾਪਨਾ ਦਾ ਮਕਸਦ ਸਾਰੀਆਂ



ਸਿਆਸੀਆਂ ਪਾਰਟੀਆਂ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਮੁੱਦਿਆਂ 'ਤੇ ਕੰਮ ਕਰਨਾ ਹੈ। ਇਸ ਮੌਕੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਰਲ ਕੇ ਸਿੱਖ ਮੁੱਦਿਆਂ ਉੱਤੇ ਸੰਸਥਾ ਦਾ ਸਹਿਯੋਗ ਕਰਨ ਦਾ ਵਾਅਦਾ ਕੀਤਾ ਅਤੇ ਸੰਸਥਾ ਦੀ ਸਥਾਪਤੀ ਦੀਆਂ ਸਾਰੇ ਹੀ ਅਹੁਦੇਦਾਰਾਂ ਨੂੰ ਵਧਾਈਆਂ ਦਿੱਤੀਆਂ। ਅਕਾਲੀ ਦਲ ਮੈਰੀਲੈਂਡ ਦੇ ਆਗੂ ਹਰਬੰਸ ਸਿੰਘ ਸੰਧੂ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਉਹ ਯੂ.ਐੱਸ. ਇੰਡੀਆ ਸਿੱਖ ਅਲਾਇੰਸ ਦੀ ਸਥਾਪਨਾ 'ਤੇ ਅਕਾਲੀ ਦਲ ਅਮਰੀਕਾ ਵੱਲੋਂ ਵਧਾਈ ਪੇਸ਼ ਕਰਦੇ ਹਨ ਅਤੇ ਸੰਸਥਾ ਵੱਲੋਂ ਉਠਾਏ ਜਾਣ ਵਾਲੇ ਸਿੱਖ ਮੁੱਦਿਆਂ ਉੱਤੇ ਸਹਿਯੋਗ ਦੇਣ ਦਾ ਵਾਅਦਾ ਕਰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ ਸਮਾਗਮ ਦੇ ਵਿਚ ਬਲਜਿੰਦਰ ਸਿੰਘ ਸ਼ੰਮੀ, ਗੁਰਵਿੰਦਰ ਸਿੰਘ ਸੇਠੀ, ਧਰਮਪਾਲ ਸਿੰਘ, ਮਨਿੰਦਰ ਸਿੰਘ ਸੇਠੀ, ਜਸਵਿੰਦਰ ਸਿੰਘ ਜੌਨੀ, ਜਸਵਿੰਦਰ ਸਿੰਘ ਰੌਇਲ ਤਾਜ, ਰਤਨ ਸਿੰਘ, ਦਿਲਵੀਰ ਸਿੰਘ, ਜਸਵਿੰਦਰ ਸਿੰਘ, ਸ਼ਿਵਰਾਜ ਸਿੰਘ ਗੋਰਾਇਆ, ਕਰਮਜੀਤ ਸਿੰਘ, ਵਰਿੰਦਰ ਸਿੰਘ ਅਮੇਜ਼ਿੰਗ ਟੀ.ਵੀ., ਚਤਰ ਸਿੰਘ ਸੈਣੀ, ਸਰਬਜੀਤ ਢਿੱਲੋਂ, ਹਰਜੀਤ ਚੰਡੋਕ, ਸਰਬਜੀਤ ਸਿੰਘ ਬਖਸ਼ੀ, ਰਾਜ ਸੈਣੀ, ਚਰਨਜੀਤ ਸਿੰਘ ਸਰਪੰਚ, ਸਤਪਾਲ ਸਿੰਘ, ਗੁਰਮੁੱਖ ਸਿੰਘ, ਜਸਵਿੰਦਰ ਸਿੰਘ, ਹਰਬੀਰ ਬਤਰਾ, ਪ੍ਰਭਜੋਤ ਬਤਰਾ, ਇੰਦਰਜੀਤ ਗੁਜਰਾਲ, ਚੰਚਲ ਸਿੰਘ, ਡਾ. ਦਰਸ਼ਨ ਸਿੰਘ ਸਲੂਜਾ, ਦਵਿੰਦਰ ਸਿੰਘ ਸ਼ਿੱਬ, ਜਸਵੰਤ ਸਿੰਘ ਧਾਲੀਵਾਲ, ਜਰਨੈਲ ਸਿੰਘ ਟੀਟੂ, ਰਜਿੰਦਰ ਸਿੰਘ ਲਾਡੀ ਵੀ ਸ਼ਾਮਿਲ ਹੋਏ। ਅੰਤ ਵਿਚ ਵਿਚ ਅਡੱਪਾ ਪ੍ਰਸਾਦ, ਕਮਲਜੀਤ ਸਿੰਘ ਸੋਨੀ, ਹਰਬੰਸ ਸਿੰਘ ਸੰਧੂ ਅਤੇ ਪ੍ਰਿਤਪਾਲ ਸਿੰਘ ਲੱਕੀ, ਬਲਜਿੰਦਰ ਸਿੰਘ ਸ਼ੰਮੀ, ਚਤਰ ਸਿੰਘ ਸੈਣੀ ਅਤੇ ਗੁਰਵਿੰਦਰ ਸਿੰਘ ਸੇਠੀ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਸੁਖਪਾਲ ਸਿੰਘ ਧਨੋਆ ਵਲੋਂ ਬੜੀ ਬਾਖੂਬੀ ਨਾਲ ਨਿਭਾਈ ਗਈ।

# ਰਾਜਸਥਾਨ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਉਮੀਦਵਾਰਾਂ ਦਾ ਐਲਾਨ





ਸੰਗਰੀਆ : ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੀ ਚੋਣ ਮੈਦਾਨ 'ਚ ਉਤਰ ਗਿਆ ਹੈ। ਅੱਜ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਲਈ ਸਿੱਖ ਬਹੁਗਿਣਤੀ ਵਾਲੀਆਂ ਸੀਟਾਂ ਸੰਗਰੀਆ ਅਤੇ ਕਰਨਪੁਰ ਤੋਂ ਅਕਾਲੀ ਦਲ ਅੰਮ੍ਰਿਤਸਰ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਅੱਜ ਸੰਗਰੀਆ 'ਚ ਹੋਈ ਮੀਟਿੰਗ ਦੌਰਾਨ ਸ. ਕੌਮੀ ਯੂਥ ਪ੍ਰਧਾਨ ਤੇਜਿੰਦਰ ਸਿੰਘ ਦਿਓਲ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਇਸ ਦੇ ਨਾਲ ਹੀ ਬਲਕਰਨ ਸਿੰਘ ਨੂੰ ਰਾਜਸਥਾਨ ਦਾ ਇੰਚਾਰਜ ਬਣਾ ਕੇ ਮਜ਼ਬੂਤ ਜਥੇਬੰਦੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਅਤੇ ਬਾਕੀ ਰਹਿੰਦੀਆਂ ਸੀਟਾਂ 'ਤੇ ਅਗਲੇ ਦਿਨਾਂ ਵਿੱਚ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ।

ਪਦਮਪੁਰ ਪੰਚਾਇਤ ਸਮਿਤੀ ਦੇ ਸਾਬਕਾ ਪ੍ਰਧਾਨ ਜੈ ਸਿੰਘ ਸੋਖਲ ਦੇ ਭਰਾ ਅਰਜੁਨ ਸਿੰਘ ਦੇ ਪੋਤਰੇ ਬਲਕਰਨ ਸਿੰਘ ਨੂੰ ਸ਼੍ਰੀ ਕਰਨਪੁਰ ਸੀਟ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਹ ਪਹਿਲਾ ਮੌਕਾ ਹੋਵੇਗਾ ਜਿਸ ਵਿੱਚ ਮੂਲ ਓ.ਬੀ.ਸੀ. ਕੈਟਾਗਰੀ ਤੋਂ ਚੋਣ ਲੜਨਗੇ, ਜਦਕਿ ਸੰਗਰੀਆ ਸੀਟ ਤੋਂ ਉਮੀਦਵਾਰ ਭਾਈ ਨਿਸ਼ਾਨ ਸਿੰਘ ਖਾਲਸਾ ਹੋਣਗੇ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਬਲਕਰਨ ਸਿੰਘ ਨੇ ਕਿਹਾ ਕਿ ਅਕਾਲੀ ਦਲ ਅੰਮ੍ਰਿਤਸਰ ਕਾਂਗਰਸ ਭਾਜਪਾ ਦੀਆਂ ਘੱਟ ਗਿਣਤੀਆਂ, ਕਿਸਾਨ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਆਮ ਲੋਕਾਂ ਵਿੱਚ ਨੰਗਾ ਕਰੇਗਾ। ਇਸ ਮੀਟਿੰਗ ਵਿੱਚ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਜਗਜੀਤ ਸਿੰਘ, ਡਾ.ਪਰਮਜੀਤ ਸਿੰਘ ਬੱਬੂ, ਪੰਥਕ ਪ੍ਰਚਾਰਕ ਗੁਰਜੀਤ ਸਿੰਘ ਭਾਈ ਬਖਤੌਰ, ਗੁਰਵਿੰਦਰ ਸਿੰਘ ਸਿੱਧੂ, ਗੁਰਮੇਲ ਸਿੰਘ ਮੋਰਜੰਡ ਕੁਲਦੀਪ ਸਿੰਘ, ਜਗਸੀਰ ਸਿੰਘ ਨੁਕੇਰਾ, ਜਸਕਰਨ ਸਿੰਘ ਸਾਦੂਲਸ਼ਹਿਰ, ਜਸਵਿੰਦਰ ਸਿੰਘ ਕਰਨਪੁਰ, ਨਿਸ਼ਾਨ ਸਿੰਘ ਖਾਲਸਾ ਅਤੇ ਵੱਡੀ ਗਿਣਤੀ ਵਿਚ ਵਰਕਰ ਹਾਜ਼ਰ ਸਨ, ਇਹ ਜਾਣਕਾਰੀ ਬਲਕਰਨ ਸਿੰਘ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ।




ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਕਪੂਰਥਲਾ ਦੇ ਨੌਜਵਾਨ ਦੀ ਅਮਰੀਕਾ 'ਚ ਮੌਤ, ਪੁੱਤ ਦੀ ਤਸਵੀਰ ਸੀਨੇ ਲਗਾ ਕੇ ਰੋ-ਰੋ ਮਾਂ ਮਾਰ ਰਹੀ ਆਵਾਜ਼ਾਂ



ਅਮਰੀਕਾ/ਕਪੂਰਥਲਾ : ਅਮਰੀਕਾ ਤੋਂ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਥੇ ਕਪੂਰਥਲਾ ਦੇ ਰਹਿਣ ਵਾਲੇ ਇਕ ਨੌਜਵਾਨ ਦੀ ਹਾਰਟ ਅਟੈਕ ਆਉਣ ਕਰਕੇ ਮੌਤ ਹੋ ਗਈ। ਇਹ ਮਾਮਲਾ ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ ਤੋਂ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਮਨਪ੍ਰੀਤ ਸਿੰਘ ਪੁੱਤਰ ਜੋਗਾ ਸਿੰਘ ਪਿੰਡ ਸੁਰਖਪੁਰ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਮਨਪ੍ਰੀਤ ਸਿੰਘ ਚੰਗੇ ਭਵਿੱਖ ਲਈ 9 ਮਹੀਨੇ ਪਹਿਲਾਂ ਅਮਰੀਕਾ ਗਿਆ ਸੀ ਪਰ ਪਰਮਾਤਮਾ ਨੂੰ ਕੁਝ ਹੋਰ ਮਨਜ਼ੂਰ ਸੀ। ਦੱਸਣਯੋਗ ਹੈ ਕਿ ਮ੍ਰਿਤਕ ਮਨਪ੍ਰੀਤ ਸਿੰਘ ਦੇ ਪਿਤਾ ਦੀ ਵੀ ਮੌਤ ਹੋ ਚੁੱਕੀ ਹੈ ਅਤੇ ਉਹ ਵਿਧਵਾ ਮਾਂ ਦਾ ਇਕਲੌਤਾ ਸਹਾਰਾ ਸੀ। ਫਿਲਹਾਲ ਪਰਿਵਾਰ ਡੂੰਘੇ ਸਦਮੇਂ ਵਿਚ ਹੈ ਅਤੇ ਉਹ ਬਹੁਤੀ ਗੱਲਬਾਤ ਕਰਨ ਦੀ ਸਥਿਤੀ ਵਿੱਚ ਨਹੀਂ ਹੈ, ਜਿਸ ਕਾਰਨ ਉਹ ਦੱਸ ਨਹੀਂ ਸਕਿਆ ਕਿ ਮ੍ਰਿਤਕ ਦਾ ਸਰੀਰ ਭਾਰਤ ਲਿਆਂਦਾ ਜਾਵੇਗਾ ਜਾਂ ਅਮਰੀਕਾ ਵਿਚ ਰਿਸ਼ਤੇਦਾਰਾਂ ਵਲੋਂ ਅੰਤਿਮ ਸੰਸਕਾਰ ਕਰ ਦਿੱਤਾ ਜਾਵੇਗਾ। ਜਿਵੇਂ ਹੀ ਮੌਤ ਦੀ ਖ਼ਬਰ ਪਰਿਵਾਰ ਨੂੰ ਮਿਲੀ ਤਾਂ ਪਰਿਵਾਰ ਵਿਚ ਸੋਗ ਛਾ ਗਿਆ। ਧਾਹਾਂ ਮਾਰ-ਮਾਰ ਰੋਂਦੀ ਮਾਂ ਪੁੱਤ ਦੀ ਤਸਵੀਰ ਨੂੰ ਗਲੇ ਨਾਲ ਲਗਾ ਕੇ ਆਵਾਜ਼ਾਂ ਮਾਰ ਰਹੀ ਹੈ। ਉਥੇ ਹੀ ਇਲਾਕਾ ਵਾਸੀ ਅਤੇ ਰਿਸ਼ਤੇਦਾਰਾਂ ਵੱਲੋਂ ਮਾਂ ਨੂੰ ਦਿਲਾਸਾ ਦਿੱਤਾ ਜਾਂਦਾ ਰਿਹਾ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਨਗਰ ਕੀਰਤਨ ਦੌਰਾਨ ਚਮਕਿਆ ਖਾਲਸਾਈ ਰੰਗ

ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ) : ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਸਲਾਨਾ ਨਗਰ ਕੀਰਤਨ ਕਰਵਾਇਆ ਗਿਆ। ਜਿਸ ਦੀ ਸੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ ਬਾਅਦ ਹੋਈ। ਗੁਰੂਘਰ ਵਿਖੇ ਹਾਜ਼ਰ ਬਹੁਤ ਸਾਰੇ ਕੀਰਤਨੀ ਜੱਥਿਆ ਅਤੇ ਕਥਾਕਾਰਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿੱਚ ਸਾਮਲ ਸੰਗਤਾਂ ਕੇਸ਼ਰੀ, ਨੀਲੀਆਂ, ਹਰੀਆਂ, ਪੀਲੀਆਂ ਅਤੇ ਹੋਰ ਬਹੁਤ ਰੰਗਾ ਦੇ ਨਜ਼ਾਰੇ ਪੇਸ਼ ਕਰਦੀਆਂ ਦਸਤਾਰਾ ਅਤੇ ਦੁਪੱਟਿਆ ਨੇ ਜਿਵੇਂ ਸਾਰੇ ਫਰਿਜ਼ਨੋ ਸ਼ਹਿਰ ਨੂੰ ਹੀ ਖਾਲਸਾਈ ਰੰਗ ਵਿੱਚ ਰੰਗ ਦਿੱਤਾ ਹੋਵੇ।

ਬੱਚਿਆ ਦੇ ਗੱਤਕਾ ਗਰੁੱਪਾਂ ਦੁਆਰਾ ਆਪਣੀ ਇਸ ਕਲਾ ਦਾ ਖੁਲ ਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਦੁਕਾਨਦਾਰਾ ਵੱਲੋਂ ਅਨੇਕਾ ਦੁਕਾਨਾਂ ਅਤੇ ਵੱਖ-ਵੱਖ ਬੂਥ ਵੀ ਸੰਗਤਾ ਲਈ ਖਿੱਚ ਦਾ ਕੇਂਦਰ ਬਣੇ ਨਜ਼ਰ ਆ ਰਹੇ ਸਨ। ਲਾਉਡ ਸਪੀਕਰਾ ਵਿੱਚ ਗੂੰਜਦੇ ਬੋਲੇ ਸੋ ਨਿਹਾਲ ਦੇ ਜੈਕਾਰਿਆ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ।



ਨਗਰ ਕੀਰਤਨ ਦੀ ਸੁਰੂਆਤ ਵਿੱਚ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆਂ ਦਾ ਝੰਡਾ ਅਤੇ ਖਾਲਸੇ ਦਾ ਕੇਸ਼ਰੀ ਨਿਸ਼ਾਨ ਸਾਹਿਬ ਦੁਆਰਾ ਅਗਵਾਈ ਕਰਦੇ ਹੋਏ ਪੰਜ ਪਿਆਰੇ ਕਰ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ਸੋਭਿਤ ਸਨ। ਪੰਜ ਪਿਆਰੇ ਅਤੇ ਨਿਸਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਭਾਰੀ ਉਤਸਾਹ ਅਤੇ ਸਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਜਿਸ ਬਾਅਦ ਫਲੋਟ ਚਲ ਰਹੇ ਸਨ। ਸਥਾਨਕ ਗਤਕਾ ਦਲ ਦੇ ਸਿੰਘਾ ਦੇ ਜਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਇਸ ਸਮੇਂ ਪੰਜਾਬ ਤੋਂ ਮੰਗਵਾਏ ਟਰੈਕਟਰ ਅਤੇ ਟਰਾਲੀਆਂ ਤੋਂ ਇਲਾਵਾ ਸਿੱਖ ਟਰੱਕ ਵੀ ਨਗਰ ਕੀਰਤਨ ਦਾ ਸ਼ਿੰਗਾਰ ਬਣ ਰਹੇ ਸਨ। ਇਸ ਸਮੇਂ ਗੁਰੂਘਰ ਅਤੇ ਹੋਰ ਵੱਖ-ਵੱਖ ਸੰਸਥਾਵਾ ਵੱਲੋਂ ਗੁਰੂ ਦੇ ਲੰਗਰ ਅਤੁੱਟ ਵਰਤੇ। ਇਹ ਨਗਰ ਕੀਰਤਨ ਫਾਊਲਰ ਸ਼ਹਿਰ ਦੇ ਮਿੱਥੇ ਰੂਟ ਨੂੰ ਤਹਿ ਕਰਦਾ ਹੋਇਆ ਕੁਝ ਸਮੇਂ ਲਈ ਫਾਊਲਰ ਸ਼ਹਿਰ ਪਾਰਕ ਵਿੱਚ ਰੁਕਿਆ। ਜਿੱਥੇ ਸ਼ਟੇਜ ਤੋਂ ਬਹੁਤ ਸਾਰੇ ਧਰਮ ਪ੍ਰਚਾਰਕਾਂ, ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਨ ਕਰਵਾਇਆ। ਇਸੇ ਤਰਾਂ ਗੁਰੂਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਚੁਣੇ ਹੋਏ ਖਾਸ ਸੇਵਾਦਾਰਾਂ ਨੂੰ ਸਨਮਾਨ ਦਿੱਤਾ ਗਿਆ। ਇੱਥੇ ਵੀ ਵੱਖ-ਲੰਗਰਾਂ ਦੇ ਸਟਾਲ ਲੱਗੇ ਹੋਏ ਸਨ। ਇਸ ਪਾਰਕ ਦੇ ਪੜਾਅ ਦੀ ਸਮਾਪਤੀ ਦੇ ਉਪਰੰਤ ਨਗਰ ਕੀਰਤਨ ਵਾਪਸ ਗੁਰੂਘਰ ਪਹੁੰਚ ਸਮਾਪਤ ਹੋਇਆ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਨਗਰ ਕੀਰਤਨ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆ।



# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੇਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਸਿਨਸਿਨਾਟੀ ਵਿਖੇ 21ਵਾਂ ਕੀਰਤਨ ਸਮਾਗਮ ਕਰਵਾਇਆ, ਦੂਰ ਦੁਰਾਡੇ ਦੀਆਂ ਸੰਗਤਾਂ ਵੀ ਹੋਈਆਂ ਸ਼ਾਮਲ




ਨਿਊਯਾਰਕ : ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ 21ਵਾਂ ਸਲਾਨਾ ਤਿੰਨ ਰੋਜ਼ਾ ਕੀਰਤਨ ਸਮਾਗਮ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਮਰੀਕਾ ਅਤੇ ਕੈਨੇਡਾ ਤੋਂ ਗੁਰਸਿੱਖ ਪਰਿਵਾਰ ਆਨੰਦਮਈ ਕੀਰਤਨ ਅਤੇ ਸੰਗਤ ਲਈ ਕਈ ਘੰਟਿਆਂ ਦੀ ਯਾਤਰਾ ਕਰਕੇ ਇੱਥੇ ਪਹੁੰਚੇ। ਹਰ ਸਾਲ ਦੀ ਤਰ੍ਹਾਂ ਸਿਨਸਿਨੈਟੀ ਅਤੇ ਲਾਗਲੇ ਸ਼ਹਿਰਾਂ ਡੇਟਨ ਆਦਿ ਦੀ ਸੰਗਤ ਇਸ ਸਾਲਾਨਾ ਸਮਾਗਮ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੀ ਹੈ ਅਤੇ ਗੁਰੂ ਸਾਹਿਬ ਤੇ ਗੁਰੂ ਜੀ ਦੇ ਪਿਆਰੇ ਸਿੱਖਾਂ ਦੀ ਸੰਗਤ ਵਿੱਚ ਤਿੰਨ ਦਿਨ ਬਿਤਾਉਣ ਲਈ ਉਤਸੁਕ ਰਹਿੰਦੀ ਹੈ।

ਇਸ ਸਮਾਗਮ ਵਿੱਚ ਭਾਗ ਲੈਣ ਲਈ ਟੋਰਾਂਟੋ, ਬਰੈਂਪਟਨ ਸੈਨ ਫਰੈਂਸਿਸਕੋ ਅਤੇ ਹੋਰ ਦੂਰ-ਦੁਰਾਡੇ ਇਲਾਕਿਆਂ ਤੋਂ ਸੰਗਤ ਪੁੱਜੀ ਸੀ। ਤਿੰਨ ਦਿਨਾਂ 'ਚ ਕੀਰਤਨੀਆਂ ਨੇ ਕੁੱਲ 18 ਘੰਟੇ, ਜਿਸ ਵਿੱਚ ਬੱਚੇ ਅਤੇ ਨੌਜਵਾਨ ਵੀ ਸ਼ਾਮਲ ਸਨ, ਗੁਰਬਾਣੀ ਦਾ ਮਨੋਹਰ ਕੀਰਤਨ ਗਾਇਨ ਕੀਤਾ। ਸਵੇਰੇ ਰੋਜ਼ਾਨਾ ਨਿਤਨੇਮ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਗਾਇਨ ਵੀ ਕੀਤਾ ਗਿਆ। ਕੀਰਤਨ ਦੌਰਾਨ ਕੋਈ ਘੋਸ਼ਣਾ ਨਹੀਂ ਕੀਤੀ ਗਈ ਅਤੇ ਸਾਰੇ ਕੀਰਤਨ ਕਰਨ ਵਾਲੇ ਸੇਵਾਦਾਰਾਂ ਨੂੰ ਪਹਿਲਾਂ ਹੀ ਵਾਰੀ ਅਤੇ ਸਮਾਂ ਦਿੱਤਾ ਗਿਆ ਸੀ। ਕਿਸੇ ਹੋਰ ਨੇ ਕੀਰਤਨ ਕਰਨ ਲਈ ਵਾਰੀ ਮੰਗਣ ਬਾਰੇ ਸੋਚਿਆ ਵੀ ਨਹੀਂ ਕਿਉਂਕਿ ਸਾਰੇ ਕੀਰਤਨ ਦੌਰਾਨ ਨਾਮ ਦੇ ਪ੍ਰੇਮ ਵਿੱਚ ਰੰਗੇ ਹੋਏ ਸਨ। ਕਈ ਘੰਟੇ ਬੀਤ ਜਾਣ ਤੋਂ ਬਾਅਦ ਵੀ ਸੰਗਤ ਵਿੱਚ ਬੈਠੇ ਕਿਸੇ ਨੂੰ ਘਰ ਜਾਣ ਜਾਂ ਸੌਣ ਦੀ ਕੋਈ ਇੱਛਾ ਨਹੀਂ ਸੀ।

ਲੰਗਰ ਵਿੱਚ ਸੇਵਾ ਨਿਰੰਤਰ ਚੱਲਦੀ ਰਹੀ ਅਤੇ ਨਾਮ ਦੀ ਗੂੰਜ ਮਹਿਸੂਸ ਹੁੰਦੀ ਰਹੀ। ਦੱਸਣਯੋਗ ਹੈ ਕਿ ਸਿਨਸਿਨੈਟੀ ਵਿਖੇ ਸਾਲ 2003 ਵਿੱਚ ਸੰਗਤਾਂ ਦੇ ਸਹਿਯੋਗ ਨਾਲ ਇਸ ਸਲਾਨਾ ਕੀਰਤਨ ਸਮਾਗਮ ਨੂੰ ਸ਼ੁਰੂ ਕਰਨ ਵਾਲੇ ਨੌਜਵਾਨ ਭਾਈ ਜੈਪਾਲ ਸਿੰਘ, ਜੋ ਬੀਤੇ ਸਾਲ ਮਈ ਮਹੀਨੇ ਵਿੱਚ 41 ਸਾਲ ਦੀ ਉਮਰ ਵਿੱਚ ਕੈਂਸਰ ਦੀ ਬਿਮਾਰੀ ਕਾਰਨ ਸੰਗਤਾਂ ਨੂੰ ਵਿਛੋੜਾ ਦੇ ਗਏ ਸਨ, ਹੁਣ ਉਹਨਾਂ ਦੇ ਦੁਨੀਆ ਤੋਂ ਜਾਣ ਤੋਂ ਬਾਅਦ ਵੀ ਸਾਰੀ ਸੰਗਤ ਨੇ ਇਸ ਨੂੰ ਜਾਰੀ ਰੱਖਦੇ ਹੋਏ ਇਸ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਜਿਹੜਾ ਉੱਦਮ ਅਤੇ ਸਿੱਖੀ ਦਾ ਬੂਟਾ ਜੈਪਾਲ ਸਿੰਘ ਨੇ ਬੀਜਿਆ ਸੀ, ਉਸ ਸਮੇਂ ਜਿਹੜੇ ਬੱਚੇ 6-7 ਸਾਲ ਦੀ ਉਮਰ ਦੇ ਸਨ, ਹੁਣ ਉਹਨਾਂ ਸਭਨਾਂ ਨੌਜਵਾਨਾਂ ਵਲੋਂ ਇਹਨਾਂ ਸਮਾਗਮਾਂ ਵਿੱਚ ਕੀਰਤਨ ਦੀ ਸੇਵਾ ਹਾਲੇ ਵੀ ਜਾਰੀ ਹੈ। ਸੰਗਤਾਂ ਨੇ ਇਹ ਅਰਦਾਸ ਕੀਤੀ ਕਿ ਇਸ ਸਲਾਨਾ ਸਮਾਗਮਦਾ ਆਯੋਜਨ ਸਤੰਬਰ ਜਾਂ ਅਕਤੂਬਰ ਮਹੀਨੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਨੇੜੇ ਹੁੰਦਾ ਰਹੇ ਅਤੇ ਇਸੇ ਤਰਾਂ ਹਰ ਸਾਲ ਦੂਰ ਦੁਰਾਡੇ ਤੋਂ ਆ ਕੇ ਸੰਗਤ ਗੁਰਬਾਣੀ ਕੀਰਤਨ ਦਾ ਆਨੰਦ ਮਾਨਣ ਲਈ ਇੱਥੇ ਜੁੜਦੀ ਰਹੇ।

# ਫਲੋਰਿਡਾ 'ਚ ਗੋਲੀਬਾਰੀ ਦੌਰਾਨ 2 ਲੋਕਾਂ ਦੀ ਮੌਤ, 18 ਜ਼ਖਮੀ



ਫਲੋਰਿਡਾ : ਫਲੋਰਿਡਾ ਦੇ ਟੈਂਪਾ ਸ਼ਹਿਰ 'ਚ ਦੋ ਧਿਰਾਂ ਵਿਚਾਲੇ ਹੋਈ ਲੜਾਈ ਉਸ ਸਮੇਂ ਖੂਨੀ ਰੂਪ ਧਾਰ ਗਈ, ਜਦੋਂ ਉਨ੍ਹਾਂ ਵਿਚਾਲੇ ਹੋਈ ਗੋਲੀਬਾਰੀ 'ਚ 2 ਲੋਕਾਂ ਦੀ ਮੌਤ ਹੋ ਗਈ ਅਤੇ 18 ਹੋਰ ਜ਼ਖਮੀ ਹੋ ਗਏ। ਜ਼ਖਮੀ ਲੋਕਾਂ ਨੂੰ ਤੁਰੰਤ ਨੇੜੇ ਦੇ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਪੁਲਸ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ।

ਟੈਂਪਾ ਪੁਲਸ ਦੇ ਮੁਖੀ ਲੀ ਬਾਰਕਾਵ ਨੇ ਇਕ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਯੋਰ ਸਿਟੀ ਇਲਾਕੇ 'ਚ 'ਈਸਟ ਸੈਵੇਂਥ ਐਵੇਨਿਊ' 'ਚ ਤੜਕੇ 3 ਵਜੇ ਗੋਲੀਬਾਰੀ ਦੀ ਖ਼ਬਰ ਮਿਲਣ ਤੋਂ ਬਾਅਦ ਅਧਿਕਾਰੀ ਮੌਕੇ 'ਤੇ ਪੁੱਜੇ। ਜਿਹੜੀ ਥਾਂ 'ਤੇ ਲੜਾਈ ਹੋਈ, ਉੱਥੇ ਕਈ ਬਾਰ ਅਤੇ ਕਲੱਬ ਹਨ। ਦੇਰ ਰਾਤ ਤੱਕ ਉੱਥੇ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ। ਉਨ੍ਹਾਂ ਕਿਹਾ ਕਿ ਫਿਲਹਾਲ ਪੁਲਸ ਕੋਲ ਕੋਈ ਠੋਸ ਜਾਣਕਾਰੀ ਨਹੀਂ ਹੈ ਕਿ ਜਿਨ੍ਹਾਂ ਲੋਕਾਂ ਦਰਮਿਆਨ ਲੜਾਈ ਹੋਈ ਹੈ, ਉਹ ਗੋਲੀਬਾਰੀ ਤੋਂ ਪਹਿਲਾਂ ਕਿਸੇ ਬਾਰ ਦੇ ਅੰਦਰ ਸਨ ਜਾਂ ਨਹੀਂ।

# ਬਾਈਡੇਨ ਪ੍ਰਸ਼ਾਸਨ ਨੇ ਨਫ਼ਰਤ ਅਪਰਾਧ ਨੂੰ ਰਾਸ਼ਟਰੀ ਖਤਰੇ ਦੀ ਤਰਜੀਹ ਵਜੋਂ ਕੀਤਾ ਸ਼ਾਮਲ

ਵਾਸ਼ਿੰਗਟਨ : ਅਮਰੀਕੀ ਸਰਕਾਰ ਦੇ ਇਕ ਚੋਟੀ ਦੇ ਅਧਿਕਾਰੀ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਬਾਈਡੇਨ ਪ੍ਰਸ਼ਾਸਨ ਨੇ ਰਾਸ਼ਟਰੀ ਖਤਰੇ ਦੀ ਤਰਜੀਹ ਵਿਚ ਨਫ਼ਰਤ ਅਪਰਾਧ ਨੂੰ ਵੀ ਸ਼ਾਮਲ ਕੀਤਾ ਹੈ। ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੱਖ-ਵੱਖ ਅੱਤਵਾਦੀ ਸੰਗਠਨਾਂ ਦੁਆਰਾ ਕੀਤੇ ਗਏ ਧਰਮ-ਅਧਾਰਤ ਹਮਲਿਆਂ ਵਿੱਚ 60 ਪ੍ਰਤੀਸ਼ਤ ਯਹੂਦੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ।

ਐਫਬੀਆਈ ਦੇ ਡਾਇਰੈਕਟਰ ਕ੍ਰਿਸਟੋਫਰ ਰੇਅ ਨੇ ਅਮਰੀਕੀ ਕਾਂਗਰਸ ਦੀ ਸੁਣਵਾਈ ਦੌਰਾਨ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਐਫਬੀਆਈ ਕਾਨੂੰਨ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦੀ ਇੱਕ ਲੜੀ ਰਾਹੀਂ ਨਫ਼ਰਤ ਅਪਰਾਧਾਂ ਨਾਲ ਨਜਿੱਠ ਰਿਹਾ ਹੈ, ਜਿਸ ਵਿੱਚ ਸੰਯੁਕਤ ਅੱਤਵਾਦ



ਵਿਰੋਧੀ ਟਾਸਕ ਫੋਰਸ, ਨਫ਼ਰਤ ਅਪਰਾਧ ਜਾਂਚ ਅਤੇ ਖੁਫ਼ੀਆ ਜਾਣਕਾਰੀ ਸਾਂਝੀਆਂ ਸ਼ਾਮਲ ਹਨ। ਉਹਨਾਂ ਨੇ ਕਿਹਾ, 'ਅਸੀਂ ਅੱਤਵਾਦ ਵਿਰੋਧੀ 56 ਸੰਯੁਕਤ ਟਾਸਕ ਫੋਰਸਿਜ਼ ਦੁਆਰਾ ਨਫ਼ਰਤੀ ਅਪਰਾਧਾਂ ਨਾਲ ਨਜਿੱਠ ਰਹੇ ਹਾਂ'। ਉਸ ਨੇ ਅੱਗੇ ਕਿਹਾ, "ਅਸੀਂ ਨਫ਼ਰਤ ਵਾਲੇ ਅਪਰਾਧਾਂ ਨੂੰ ਰਾਸ਼ਟਰੀ ਖਤਰੇ ਦੀ ਤਰਜੀਹ ਵਿਚ ਸ਼ਾਮਿਲ ਕੀਤਾ ਹੈ। ਅਸੀਂ ਰਾਸ਼ਟਰੀ ਪੱਧਰ 'ਤੇ ਸੰਗਠਨਾਂ ਅਤੇ ਯਹੂਦੀ ਭਾਈਚਾਰੇ ਨਾਲ ਸੰਪਰਕ ਬਣਾਏ ਹਨ।" ਰੇਅ ਨੇ ਕਿਹਾ ਕਿ ਉਸਨੇ ਕਈ ਵਾਰ ਅਜਿਹੇ ਸੰਪਰਕ ਬਣਾਉਣ ਵਿੱਚ ਨਿੱਜੀ ਤੌਰ 'ਤੇ ਹਿੱਸਾ ਲਿਆ ਹੈ ਅਤੇ ਇਸ ਤਰ੍ਹਾਂ ਹਰ ਐਫਬੀਆਈ ਫੀਲਡ ਦਫਤਰ ਵੀ ਹੈ। ਉਸਨੇ ਕਿਹਾ,"ਯਹੂਦੀ ਭਾਈਚਾਰਾ ਅਮਰੀਕਾ ਦੀ ਆਬਾਦੀ ਦਾ 2.4 ਪ੍ਰਤੀਸ਼ਤ ਬਣਦਾ ਹੈ। ਧਰਮ ਅਧਾਰਤ ਨਫ਼ਰਤੀ ਅਪਰਾਧਾਂ ਵਿੱਚ ਇਹ ਦੇਖਿਆ ਗਿਆ ਹੈ ਕਿ 60 ਫੀਸਦੀ ਮਾਮਲਿਆਂ ਵਿੱਚ ਇਸ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ। ਅਜਿਹੀ ਸਥਿਤੀ ਵਿੱਚ ਇਹ ਹਰ ਇੱਕ ਲਈ ਇੱਕ ਪਰੇਸ਼ਾਨੀ ਦੀ ਗੱਲ ਹੈ ਅਤੇ ਇਸ ਭਾਈਚਾਰੇ ਨੂੰ ਸਾਡੀ ਲੋੜ ਹੈ।

# ਟਰੰਪ ਨੇ ਮੁਸਲਮਾਨਾਂ ਲਈ ਯਾਤਰਾ ਪਾਬੰਦੀ ਬਹਾਲ ਕਰਨ ਦਾ ਕੀਤਾ ਵਾਅਦਾ, ਵ੍ਹਾਈਟ ਹਾਊਸ ਨੇ ਕੀਤੀ ਆਲੋਚਨਾ

ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਅਦਾ ਕੀਤਾ ਹੈ ਕਿ ਜੇਕਰ ਉਹ ਦੂਜੀ ਵਾਰ ਵ੍ਹਾਈਟ ਹਾਊਸ ਲਈ ਚੁਣੇ ਜਾਂਦੇ ਹਨ ਤਾਂ ਉਹ ਕੁਝ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ ਦੇ ਲੋਕਾਂ 'ਤੇ ਅਤੀਤ ਵਿਚ ਲਗਾਈ ਗਈ ਵਿਵਾਦਤ ਯਾਤਰਾ ਪਾਬੰਦੀ ਨੂੰ ਬਹਾਲ ਕਰ ਦੇਣਗੇ। 'ਰਿਪਬਲਿਕਨ ਯਹੂਦੀ ਗੱਠਜੋੜ' ਦੇ ਸਾਲਾਨਾ ਸੰਮੇਲਨ 'ਚ ਟਰੰਪ (77) ਨੇ ਕਿਹਾ, "ਤੁਹਾਨੂੰ ਯਾਤਰਾ ਪਾਬੰਦੀ ਯਾਦ ਹੈ? ਇੱਕ ਦਿਨ ਮੈਂ ਯਾਤਰਾ ਪਾਬੰਦੀ ਨੂੰ ਬਹਾਲ ਕਰਾਂਗਾ। ਅਸੀਂ ਯਾਤਰਾ ਪਾਬੰਦੀ ਲਗਾਈ ਕਿਉਂਕਿ ਅਸੀਂ ਨਹੀਂ ਚਾਹੁੰਦੇ ਸੀ ਕਿ ਸਾਡੇ ਦੇਸ਼ ਵਿਚ ਅਜਿਹੇ ਲੋਕ ਆਉਣ ਜੋ ਇਸ ਨੂੰ ਨੁਕਸਾਨ ਪਹੁੰਚਾਉਣ ਦੇ ਵਿਚਾਰ ਨੂੰ ਪਸੰਦ ਕਰਦੇ ਹਨ।

ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੌਰਾਨ ਲਗਾਈ ਗਈ ਯਾਤਰਾ ਪਾਬੰਦੀ ਕਾਫੀ ਸਫਲ ਰਹੀ। ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਨਾਮਜ਼ਦਗੀ ਦੀ ਦੌੜ ਵਿੱਚ ਸ਼ਾਮਲ ਟਰੰਪ ਨੇ ਕਿਹਾ, 'ਸਾਡੇ ਦੇਸ਼ ਵਿੱਚ ਚਾਰ ਸਾਲਾਂ ਵਿੱਚ ਇੱਕ ਵੀ ਘਟਨਾ ਨਹੀਂ ਵਾਪਰੀ, ਕਿਉਂਕਿ ਅਸੀਂ ਬੁਰੇ ਲੋਕਾਂ ਨੂੰ ਆਪਣੇ ਦੇਸ਼ ਵਿੱਚੋਂ ਬਾਹਰ



ਰੱਖਿਆ।' ਅਸੀਂ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ। ਸਾਡੇ ਦੇਸ਼ ਵਿਚ ਇਕ ਵੀ ਘਟਨਾ ਨਹੀਂ ਵਾਪਰੀ।" ਟਰੰਪ ਨੇ 2017 ਵਿਚ ਆਪਣੇ ਰਾਸ਼ਟਰਪਤੀ ਕਾਰਜਕਾਲ ਦੀ ਸ਼ੁਰੂਆਤ ਦੌਰਾਨ ਈਰਾਨ, ਲੀਬੀਆ, ਸੋਮਾਲੀਆ, ਸੀਰੀਆ, ਯਮਨ, ਇਰਾਕ ਅਤੇ ਸੂਡਾਨ ਦੇ ਲੋਕਾਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਸੀ।

**ਵ੍ਹਾਈਟ ਹਾਊਸ ਨੇ ਕੀਤੀ ਆਲੋਚਨਾ :** ਵ੍ਹਾਈਟ ਹਾਊਸ ਨੇ ਇਸ ਬਿਆਨ ਲਈ ਸਾਬਕਾ ਰਾਸ਼ਟਰਪਤੀ ਦੀ ਆਲੋਚਨਾ ਕੀਤੀ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਐਂਡਰਿਊ ਬੇਟਸ ਨੇ ਕਿਹਾ, "2020 ਵਿੱਚ ਰਾਸ਼ਟਰਪਤੀ ਜੋਅ ਬਾਈਡੇਨ ਨੇ ਇਸਲਾਮੋਫੋਬੀਆ ਵਿੱਚ 'ਬਹੁਤ ਜ਼ਿਆਦਾ' ਵਾਧੇ ਦੀ ਨਿੰਦਾ ਕੀਤੀ, ਜਿਸ ਨੂੰ ਉਸਨੇ 'ਹਾਨੀਕਾਰਕ ਬਿਮਾਰੀ' ਦੱਸਿਆ ਅਤੇ ਗੈਰ-ਅਮਰੀਕੀ ਮੁਸਲਮਾਨਾਂ 'ਤੇ ਆਪਣੇ ਤੋਂ ਪਹਿਲਾਂ ਆਗੂ ਦੁਆਰਾ ਲਗਾਈ ਪਾਬੰਦੀ' ਨੂੰ ਹਟਾ ਦਿੱਤਾ ਸੀ। ਬੈਟਸ ਨੇ ਕਿਹਾ, "ਹੁਣ ਪਹਿਲਾਂ ਨਾਲੋਂ ਕਿਤੇ ਵੱਧ ਸਾਨੂੰ ਨਫ਼ਰਤ ਵਿਰੁੱਧ ਇੱਕਜੁੱਟ ਹੋਣ ਦੀ ਲੋੜ ਹੈ ਕਿਉਂਕਿ ਅਮਰੀਕੀ ਮੁਸਲਮਾਨ ਅਤੇ ਅਰਬ ਅਮਰੀਕੀ ਲਗਾਤਾਰ ਭਿਆਨਕ ਅਤੇ ਦਿਲ ਦਹਿਲਾਉਣ ਵਾਲੀ ਹਿੰਸਾ ਦਾ ਨਿਸ਼ਾਨਾ ਬਣੇ ਹੋਏ ਹਨ, ਜਿਸ ਵਿੱਚ ਛੇ ਸਾਲ ਦੀ ਉਮਰ ਦੇ ਬੱਚੇ ਵੀ ਸ਼ਾਮਲ ਹਨ।"

ਉਸਨੇ ਕਿਹਾ ਕਿ ਰਾਸ਼ਟਰਪਤੀ ਬਾਈਡੇਨ ਨੇ ਇਸਲਾਮੋਫੋਬੀਆ (ਮੁਸਲਮਾਨਾਂ ਪ੍ਰਤੀ ਨਫ਼ਰਤ) ਵਿਰੁੱਧ ਬੇਮਿਸਾਲ ਕਾਰਵਾਈ ਕੀਤੀ ਹੈ। ਸੈਂਕੜੇ ਸਮਰਥਕਾਂ ਦੇ ਉਤਸ਼ਾਹ ਨਾਲ ਟਰੰਪ ਨੇ ਹਮਾਸ ਨੂੰ ਤਬਾਹ ਕਰਨ ਦੀ ਇਜ਼ਰਾਈਲ ਦੀ ਮੁਹਿੰਮ ਨਾਲ ਇਕਜੁੱਟ ਰਹਿਣ, ਵਹਿਸ਼ੀ ਅੱਤਵਾਦੀਆਂ ਤੋਂ ਅਮਰੀਕਾ ਅਤੇ ਇਜ਼ਰਾਈਲ ਨੂੰ ਬਚਾਉਣ ਅਤੇ ਬਾਈਡੇਨ ਪ੍ਰਸ਼ਾਸਨ ਦੀ ਈਰਾਨ ਤੁਸ਼ਟੀਕਰਨ ਨੀਤੀ ਨੂੰ ਉਲਟਾਉਣ ਲਈ ਇਜ਼ਰਾਈਲ ਦੀ ਮੁਹਿੰਮ ਨਾਲ ਇਕਜੁੱਟ ਹੋਣ ਦਾ ਵਾਅਦਾ ਵੀ ਕੀਤਾ।

# ਅਮਰੀਕਾ ਦੇ ਓਹੀਓ ਰਾਜ 'ਚ ਚਰਚ ਨੂੰ ਅੱਗ ਲਾਉਣ ਦਾ ਯਤਨ, ਇਕ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਓਹੀਓ ਰਾਜ ਵਿਚ ਇਕ ਚਰਚ ਨੂੰ ਅੱਗ ਲਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿਚ ਇਕ ਨਵ ਨਾਜ਼ੀ ਗਰੁੱਪ ਦੇ ਮੈਂਬਰ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਨਿਆਂ ਵਿਭਾਗ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗ੍ਰਿਫਤਾਰ ਏਮੈਨਨ ਡੀ ਪੈਨੀ (20) ਵਿਰੁੱਧ ਯੂ ਐਸ ਡਿਸਟ੍ਰਿਕਟ ਕੋਰਟ ਕਲੀਵਲੈਂਡ ਵਿਚ ਦੋਸ਼ ਆਇਦ ਕੀਤੇ ਗਏ



ਹਨ। ਅਧਿਕਾਰੀਆਂ ਨੇ ਕੀਤੇ ਦਾਅਵੇ ਵਿਚ ਕਿਹਾ ਹੈ ਕਿ ਪੈਨੀ ਨੇ ਚੈਸਟਰਲੈਂਡ ਸਥਿੱਤ ਚਰਚ ਨੂੰ ਸਾੜਨ ਲਈ "ਮੋਲੋਟੋਵ ਕਾਕਟੇਲਜ" ਦੀ ਵਰਤੋਂ ਕੀਤੀ। ਐਫ ਬੀ ਆਈ ਨੇ ਦਾਅਵਾ ਕੀਤਾ ਹੈ ਕਿ ਪੈਨੀ ਨਾਜ਼ੀ ਸਮਰਥਕ ਗਰੁੱਪ "ਵਾਈਟ ਲਿਵਜ਼ ਮੈਟਰ" ਦਾ ਮੈਂਬਰ ਹੈ। ਅਪਰਾਧਕ ਸ਼ਿਕਾਇਤ ਅਨੁਸਾਰ ਪੈਨੀ ਨੇ ਚਰਚ ਨੂੰ ਸਾੜਣ ਦੀ ਕੋਸ਼ਿਸ਼ ਦਾ ਗੁਨਾਹ ਕਬੂਲ ਲਿਆ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ "ਡਰੈਗ ਸ਼ੋਅ" ਦੇ ਵਿਰੋਧ ਵਿਚ ਅਜਿਹਾ ਕੀਤਾ ਹੈ।

# ਕੈਲੀਫੋਰਨੀਆ ਵਿਚ ਡਲਿਵਰੀ ਡਰਾਈਵਰ ਨਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਦੇ ਸੈਨਹੋਜੇ ਸ਼ਹਿਰ ਵਿਚ ਇਕ ਮੋਟਲ ਵਿਚ ਠਹਿਰੀ ਨਬਾਲਗ ਲੜਕੀ ਉਪਰ ਜਬਰ ਜਨਾਹ ਕਰਨ ਦੇ ਮੰਤਵ ਨਾਲ ਹਮਲਾ ਕਰਨ ਦੇ ਦੋਸ਼ ਤਹਿਤ ਇਕ 21 ਸਾਲਾ ਡਲਿਵਰੀ ਡਰਾਈਵਰ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਸੈਨਹੋਜੇ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀ ਦੀ ਪਹਿਚਾਣ ਸੰਦੀਪ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਹ ਘਟਨਾ 1000 ਅਲਾਮੇਡਾ ਵਿਚ ਵਾਪਰੀ ਜਿਥੇ ਇਕ ਨਬਾਲਗ ਲੜਕੀ ਆਪਣੀ ਮਾਂ ਨਾਲ ਠਹਿਰੀ ਹੋਈ ਸੀ। ਉਨਾਂ ਨੇ ਪੀਜ਼ਾ ਮੰਗਵਾਇਆ ਸੀ। ਸੈਨਹੋਜੇ



ਪੁਲਿਸ ਵਿਭਾਗ ਦੇ ਸੈਕਸਚੂਅਲ ਅਸਾਲਟ ਇਨਵੈਸਟੀਗੇਸ਼ਨ ਯੂਨਿਟ ਅਨੁਸਾਰ ਜਦੋਂ ਡਲਿਵਰੀ ਡਰਾਈਵਰ ਪੀਜ਼ਾ ਦੇਣ ਆਇਆ ਤਾਂ ਉਸ ਸਮੇ ਮਾਂ ਕਮਰੇ ਵਿਚ ਨਹੀਂ ਸੀ। ਡਲਿਵਰੀ ਡਰਾਈਵਰ ਜਬਰਦਸਤੀ ਮੋਟਲ ਦੇ ਕਮਰੇ ਵਿਚ ਦਾਖਲ ਹੋਇਆ ਤੇ ਉਸ ਨੇ ਲੜਕੀ ਨਾਲ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਜਾਂਚ ਅਧਿਕਾਰੀਆਂ ਤੇ ਗਸ਼ਤੀ ਪਾਰਟੀ ਦੇ ਪੁਲਿਸ ਅਫਸਰਾਂ ਨੇ ਉਸੇ ਸ਼ਾਮ ਨੂੰ ਦੇਰ ਗਏ ਕੈਂਪਬੈਲ ਵਿਚੋਂ ਸੰਦੀਪ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਸੈਕਸ ਅਪਰਾਧ ਤਹਿਤ ਸਾਂਟਾ ਕਲਾਰਾ ਕਾਊਂਟੀ ਦੀ ਮੁੱਖ ਜੇਲ ਵਿਚ ਰਖਿਆ ਗਿਆ ਹੈ।

# ਫਲੋਰੀਡਾ ਦੇ ਵਾਲਟ ਡਿਜ਼ਨੀ ਵਰਲਡ ਰਿਜ਼ੋਰਟ 'ਚ ਪਹਿਲੀ ਵਾਰ ਮਨਾਈ ਗਈ ਦੀਵਾਲੀ




ਨਿਊਯਾਰਕ : ਅਮਰੀਕਾ ਦੇ ਫਲੋਰੀਡਾ ਵਿਚ 'ਵਾਲਟ ਡਿਜ਼ਨੀ ਵਰਲਡ ਰਿਜ਼ੋਰਟ' ਵਿਚ ਪਹਿਲੀ ਵਾਰ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਇਸ ਦੌਰਾਨ ਸੈਂਕੜੇ ਡਾਂਸਰਾਂ ਨੇ ਡਾਂਸ ਰਾਹੀਂ ਆਲਮੀ ਦਰਸ਼ਕਾਂ ਨੂੰ ਭਾਰਤ ਦੇ ਸੱਭਿਆਚਾਰ ਅਤੇ ਵਿਰਾਸਤ ਤੋਂ ਜਾਣੂ ਕਰਵਾਇਆ। ਇਸ ਸਬੰਧੀ ਜਾਰੀ ਪ੍ਰੈਸ ਬਿਆਨ ਅਨੁਸਾਰ 'ਜਸ਼ਨ ਪ੍ਰੋਡਕਸ਼ਨ' ਵੱਲੋਂ ਦੀਵਾਲੀ ਦਾ ਪਹਿਲਾ ਯੁਵਕ ਮੇਲਾ ਕਰਵਾਇਆ ਗਿਆ। ਇਸ ਵਿੱਚ ਦੇਸ਼ ਭਰ ਦੇ 400 ਤੋਂ ਵੱਧ ਡਾਂਸਰਾਂ ਨੇ ਡਿਜ਼ਨੀ ਸਪ੍ਰਿੰਗਜ਼ ਅਤੇ ਡਿਜ਼ਨੀ ਦੇ ਐਨੀਮਲ ਕਿੰਗਡਮ ਥੀਮ ਪਾਰਕਾਂ ਵਿੱਚ ਪ੍ਰਦਰਸ਼ਨ ਕੀਤਾ।

'ਜਸ਼ਨ ਪ੍ਰੋਡਕਸ਼ਨ' ਦੀ ਸੰਸਥਾਪਕ ਜੈਨੀ ਬੇਰੀ ਦੇ ਨਿਰਦੇਸ਼ਨ ਹੇਠ ਕਰਵਾਏ ਤਿੰਨ ਰੋਜ਼ਾ 'ਡਾਂਸ ਫੈਸਟ' ਵਿੱਚ ਉੱਤਰੀ ਅਮਰੀਕਾ ਤੋਂ ਆਏ ਡਾਂਸਰਾਂ ਨੇ ਭਾਗ ਲਿਆ। ਬੇਰੀ ਨੇ ਕਿਹਾ, "ਵਾਲਟ ਡਿਜ਼ਨੀ ਵਰਲਡ ਰਿਜ਼ੋਰਟ 'ਚ ਪਹਿਲੀ ਵਾਰ ਦੀਵਾਲੀ ਮਨਾਉਣਾ ਇੰਨਾ ਖੁਸ਼ੀ ਭਰਿਆ ਰਿਹਾ।" ਅਸੀਂ ਦੱਖਣੀ ਏਸ਼ੀਆਈ ਡਾਂਸ ਭਾਈਚਾਰੇ ਨਾਲ ਇਸ ਮਹੱਤਵਪੂਰਨ ਤਿਉਹਾਰ ਦੀ ਖੁਸ਼ੀ ਅਤੇ ਉਤਸ਼ਾਹ ਨੂੰ ਸਾਂਝਾ ਕਰਕੇ ਇਤਿਹਾਸ ਰਚਿਆ। 'ਧਰਤੀ 'ਤੇ ਸਭ ਤੋਂ ਜਾਦੂਈ ਸਥਾਨ' ਵਿੱਚ ਦੀਵਾਲੀ ਦਾ ਜਾਦੂ ਮਨਾਉਣਾ ਸੱਚਮੁੱਚ ਇੱਕ ਸੁਪਨੇ ਦੇ ਸੱਚ ਹੋਣ ਵਾਂਗ ਰਿਹਾ। ਬੇਰੀ ਨੇ ਕਿਹਾ ਕਿ ਜਸ਼ਨ ਪ੍ਰੋਡਕਸ਼ਨ ਦੀਵਾਲੀ ਡਾਂਸ ਫੈਸਟ ਵਰਗੇ ਹੋਰ ਸਮਾਗਮਾਂ ਦਾ ਆਯੋਜਨ ਕਰਕੇ ਦੱਖਣੀ ਏਸ਼ੀਆ ਦੇ ਅਮੀਰ ਸੱਭਿਆਚਾਰਕ ਵਿਰਸੇ ਦਾ ਜਸ਼ਨ ਮਨਾਉਣ ਲਈ ਲੋਕਾਂ ਨੂੰ ਇਕੱਠੇ ਕਰਨ ਲਈ ਉਤਸੁਕ ਹੈ। ਡਾਂਸ ਫੈਸਟ 26 ਅਕਤੂਬਰ ਨੂੰ ਸ਼ੁਰੂ ਹੋਇਆ ਅਤੇ 28 ਅਕਤੂਬਰ ਨੂੰ ਸਮਾਪਤ ਹੋਇਆ। ਡਿਜ਼ਨੀ ਐਨੀਮਲ ਕਿੰਗਡਮ ਥੀਮ ਪਾਰਕ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਗੁਜਰਾਤ, ਪੰਜਾਬ, ਆਂਧਰਾ ਪ੍ਰਦੇਸ਼ ਸਮੇਤ ਭਾਰਤ ਦੇ ਵੱਖ-ਵੱਖ ਖੇਤਰਾਂ ਤੋਂ ਆਏ ਡਾਂਸਰਾਂ ਨੂੰ ਪੌਪ ਅਤੇ ਹਿੱਪ-ਹਾਪ ਗੀਤਾਂ 'ਤੇ ਨੱਚਦੇ ਹੋਏ ਦੇਖਿਆ ਗਿਆ। ਰਿਲੀਜ਼ ਦੇ ਅਨੁਸਾਰ, ÷ਇਹ ਫੈਸਟ ਆਪਣੀ ਕਿਸਮ ਦਾ ਪਹਿਲਾ ਸੀ, ਜਿਸ ਨੇ ਬੱਚਿਆਂ ਨੂੰ ਵਿਸ਼ਵ-ਪ੍ਰਸਿੱਧ ਮੰਚ 'ਤੇ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ। ਦੀਵਾਲੀ ਸਮਾਗਮ ਦੌਰਾਨ 1,000 ਤੋਂ ਵੱਧ ਮਹਿਮਾਨਾਂ ਨੇ ਭਾਰਤੀ ਸੰਗੀਤ ਅਤੇ ਪੁਸ਼ਾਕਾਂ ਦਾ ਆਨੰਦ ਲਿਆ।'

# ਜੰਗਬੰਦੀ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ, ਪੁਲਸ ਨੇ 200 ਲੋਕ ਹਿਰਾਸਤ 'ਚ ਲਏ




ਨਿਊਯਾਰਕ (ਅਮਰੀਕਾ) : ਗਾਜ਼ਾ ਪੱਟੀ 'ਤੇ ਇਜ਼ਰਾਈਲ ਦੀ ਬੰਬਾਰੀ ਤੇਜ਼ ਹੋਣ ਕਾਰਨ ਸ਼ੁੱਕਰਵਾਰ ਸ਼ਾਮ ਨੂੰ ਸੈਂਕੜੇ ਪ੍ਰਦਰਸ਼ਨਕਾਰੀ ਨਿਊਯਾਰਕ ਸਿਟੀ ਦੇ ਮਸ਼ਹੂਰ 'ਗ੍ਰੈਂਡ ਸੈਂਟਰਲ ਟਰਮੀਨਲ' ਦੇ ਮੁੱਖ ਕੰਪਲੈਕਸ 'ਤੇ ਇਕੱਠੇ ਹੋਏ ਤੇ ਜੰਗਬੰਦੀ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ।

ਨਿਊਯਾਰਕ ਪੁਲਸ ਵਿਭਾਗ (ਐੱਨ. ਵਾਈ. ਪੀ. ਡੀ.) ਦੇ ਅਧਿਕਾਰੀਆਂ ਨੇ ਇਨ੍ਹਾਂ ਪ੍ਰਦਰਸ਼ਨਕਾਰੀਆਂ 'ਚੋਂ ਘੱਟੋ-ਘੱਟ 200 ਨੂੰ ਹਿਰਾਸਤ 'ਚ ਲਿਆ ਤੇ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਤੋਂ ਬਾਹਰ ਲੈ ਗਏ।

ਐੱਨ. ਵਾਈ. ਪੀ. ਡੀ. ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਥੋੜ੍ਹੇ ਸਮੇਂ ਲਈ ਹਿਰਾਸਤ 'ਚ ਲਿਆ ਗਿਆ, ਸੰਮਨ ਜਾਰੀ ਕੀਤੇ ਗਏ ਤੇ ਫਿਰ ਰਿਹਾਅ ਕਰ ਦਿੱਤਾ ਗਿਆ। ਪ੍ਰਦਰਸ਼ਨ ਦੌਰਾਨ ਮੈਟਰੋਪੋਲੀਟਨ ਟਰਾਂਸਪੋਰਟੇਸ਼ਨ ਅਥਾਰਟੀ ਨੇ ਯਾਤਰੀਆਂ ਨੂੰ ਪੇਨ ਸਟੇਸ਼ਨ ਦੀ ਵਰਤੋਂ ਕਰਨ ਲਈ ਕਿਹਾ। ਪੁਲਸ ਵਲੋਂ ਪ੍ਰਦਰਸ਼ਨਕਾਰੀਆਂ ਨੂੰ ਸਟੇਸ਼ਨ ਤੋਂ ਹਟਾਏ ਜਾਣ ਮਗਰੋਂ ਬਾਕੀ ਪ੍ਰਦਰਸ਼ਨਕਾਰੀ ਸੜਕਾਂ 'ਤੇ ਆ ਗਏ। ਉਧਰ ਇਜ਼ਰਾਈਲ ਨੇ ਗਾਜ਼ਾ ਪੱਟੀ 'ਚ ਇੰਟਰਨੈੱਟ ਤੇ ਸੰਚਾਰ ਦੇ ਹੋਰ ਸਾਧਨਾਂ ਨੂੰ ਬੰਦ ਕਰ ਦਿੱਤਾ ਹੈ, ਜਿਸ ਕਾਰਨ ਉਥੇ ਰਹਿਣ ਵਾਲੇ 23 ਲੱਖ ਲੋਕ ਆਪਸ 'ਚ ਤੇ ਬਾਹਰੀ ਦੁਨੀਆ ਨਾਲੋਂ ਕੱਟੇ ਗਏ ਹਨ।

# ਅਮਰੀਕਾ 'ਚ 22 ਲੋਕਾਂ ਦੇ ਕਤਲਕਾਂਡ 'ਚ ਨਵਾਂ ਮੋੜ, ਜੰਗਲ 'ਚੋਂ ਮਿਲੀ ਕਾਤਲ ਦੀ ਲਾਸ਼



ਵਾਸ਼ਿੰਗਟਨ : ਅਮਰੀਕਾ ਦੇ ਮੇਨ ਸੂਬੇ ਦੇ ਲੇਵਿਸਟਨ ਸ਼ਹਿਰ 'ਚ ਅੰਨ੍ਹੇਵਾਹ ਗੋਲੀਬਾਰੀ ਕਰਕੇ 22 ਲੋਕਾਂ ਦੀ ਹੱਤਿਆ ਕਰਨ ਵਾਲੇ ਹਮਲਾਵਰ ਦੀ ਲਾਸ਼ ਮਿਲੀ ਹੈ। ਅੰਨ੍ਹੇਵਾਹ ਫਾਇਰਿੰਗ ਕਰਨ ਵਾਲਾ ਵਿਅਕਤੀ ਘਟਨਾ ਤੋਂ ਬਾਅਦ ਲਾਪਤਾ ਸੀ ਅਤੇ ਪੁਲਸ ਉਸ ਦੀ ਭਾਲ ਕਰ ਰਹੀ ਸੀ। ਦੋ ਦਿਨ ਬਾਅਦ ਪੁਲਸ ਨੂੰ ਉਸ ਦੀ ਲਾਸ਼ ਮਿਲੀ ਹੈ।

ਪੁਲਸ ਨੇ ਪਹਿਲਾਂ ਰਾਈਫਲ ਨਾਲ ਹਮਲਾਵਰ ਦੀ ਤਸਵੀਰ ਜਾਰੀ ਕੀਤੀ ਸੀ ਅਤੇ ਲੋਕਾਂ ਨੂੰ ਉਸ ਦੀ ਪਛਾਣ ਕਰਨ ਵਿਚ ਮਦਦ ਕਰਨ ਦੀ ਅਪੀਲ ਕੀਤੀ ਸੀ। ਹਮਲਾਵਰ ਦਾ ਨਾਂ ਰੌਬਰਟ ਕਾਰਡ ਦੱਸਿਆ ਗਿਆ ਹੈ। ਉਸ ਦੀ ਲਾਸ਼ ਸ਼ਹਿਰ ਤੋਂ 8 ਕੁ ਕਿਲੋਮੀਟਰ ਦੂਰ ਇਕ ਜੰਗਲ ਵਿਚੋਂ ਮਿਲੀ। ਪੁਲਸ ਨੂੰ ਸ਼ੱਕ ਹੈ ਕਿ ਦੋਸ਼ੀ ਨੇ ਕਤਲ ਕਰਨ ਤੋਂ ਬਾਅਦ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਹਾਲਾਂਕਿ ਪੁਲਸ ਨੇ ਅਜੇ ਤੱਕ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ। ਗੋਲੀਬਾਰੀ ਦੀ ਘਟਨਾ ਤੋਂ ਬਾਅਦ ਇਸ ਸ਼ਹਿਰ ਦੇ ਲੋਕਾਂ ਵਿਚ ਡਰ ਅਤੇ ਸਹਿਮ ਦਾ ਮਾਹੌਲ ਹੈ। ਸਾਰੇ ਮ੍ਰਿਤਕਾਂ ਦੀ ਪਛਾਣ ਕਰ ਲਈ ਗਈ ਹੈ। ਜਿੰਨਾਂ ਵਿਚ ਮਾਰੇ ਗਏ 14 ਸਾਲ ਦੇ ਬੱਚੇ ਤੋਂ ਲੈ ਕੇ 70 ਸਾਲ ਦੀ ਉਮਰ ਦੇ ਬਜ਼ੁਰਗ ਜੋੜੇ ਤੱਕ ਵੀ ਸ਼ਾਮਲ ਹਨ।



# ਅਸਥਿਰਤਾ ਨਾਲ ਘਿਰੇ ਸੰਸਾਰ 'ਚ ਸਥਿਰ ਭਾਰਤ

ਦੁਨੀਆ ਹਾਲੇ ਰੂਸ-ਯੂਕਰੇਨ ਜੰਗ ਤੋਂ ਪੈਦਾ ਹੋਏ ਹਾਲਾਤ ਤੋਂ ਉੱਭਰ ਨਹੀਂ ਸਕੀ ਸੀ ਕਿ ਪੱਛਮੀ ਏਸ਼ੀਆ ਵਿਚ ਸੰਘਰਸ਼ ਦੇ ਇਕ ਨਵੇਂ ਮੁਹਾਜ਼ ਨੇ ਵਿਸ਼ਵ ਨੂੰ ਇਕ ਨਵੀਂ ਬੇਯਕੀਨੀ ਵੱਲ ਧੱਕ ਦਿੱਤਾ ਹੈ। ਰੂਸ-ਯੂਕਰੇਨ ਦੀ ਜੰਗ ਕਾਰਨ ਜਿੱਥੇ ਖ਼ੁਰਾਕੀ ਪਦਾਰਥਾਂ ਤੋਂ ਲੈ ਕੇ ਕਈ ਜ਼ਰੂਰੀ ਵਸਤਾਂ ਦੀ ਸਪਲਾਈ ਪ੍ਰਭਾਵਤ ਹੋਣ ਨਾਲ ਮਹਿੰਗਾਈ ਬੇਲਗਾਮ ਹੋ ਗਈ ਤਾਂ ਇਜ਼ਰਾਈਲ-ਹਮਾਸ ਟਕਰਾਅ ਕਾਰਨ ਇਹੀ ਗੱਲ ਕੱਚੇ ਤੇਲ ਬਾਰੇ ਆਖੀ ਜਾ ਸਕਦੀ ਹੈ।

ਇਤਿਹਾਸ ਗਵਾਹ ਹੈ ਕਿ ਪੱਛਮੀ ਏਸ਼ੀਆ ਵਿਚ ਕੋਈ ਵੀ ਟਕਰਾਅ ਕੱਚੇ ਤੇਲ ਦੀਆਂ ਕੀਮਤਾਂ ਨੂੰ ਅੱਗ ਲਗਾਉਣ ਦਾ ਹੀ ਕੰਮ ਕਰਦਾ ਆਇਆ ਹੈ। ਇਸ ਵਾਰ ਦੀ ਸਥਿਤੀ ਹੋਰ ਖ਼ਤਰਨਾਕ ਹੈ ਕਿਉਂਕਿ ਰੂਸ ਅਤੇ ਸਾਊਦੀ ਅਰਬ ਵਰਗੇ ਮੁੱਖ ਤੇਲ ਉਤਪਾਦਕ ਦੇਸ਼ਾਂ ਨੇ ਪਹਿਲਾਂ ਹੀ ਆਪਣਾ ਉਤਪਾਦਨ ਘਟਾ ਦਿੱਤਾ ਹੈ। ਇਸੇ ਕਾਰਨ ਕੱਚੇ ਤੇਲ ਦੇ ਭਾਅ 95 ਡਾਲਰ ਪ੍ਰਤੀ ਬੈਰਲ ਤੱਕ ਪੁੱਜ ਗਏ ਸਨ।

ਆਲਮੀ ਅਰਥਚਾਰੇ ਵਿਚ ਕੁਝ ਸੁਸਤੀ ਕਾਰਨ ਤੇਲ ਦੀਆਂ ਕੀਮਤਾਂ ਟੁੱਟ ਕੇ 85 ਡਾਲਰ ਪ੍ਰਤੀ ਬੈਰਲ ਦੇ ਪੱਧਰ 'ਤੇ ਪੁੱਜੀਆਂ ਪਰ ਇਜ਼ਰਾਈਲ-ਹਮਾਸ ਟਕਰਾਅ ਤੋਂ ਬਾਅਦ ਕੀਮਤਾਂ ਨੇ ਫਿਰ ਤੋਂ ਲਗਪਗ 93 ਡਾਲਰ ਪ੍ਰਤੀ ਬੈਰਲ ਦਾ ਰੁਖ਼ ਕਰ ਲਿਆ ਹੈ। ਜੇ ਪੱਛਮੀ ਏਸ਼ੀਆ ਵਿਚ ਇਹ ਜੰਗ ਲੰਬੀ ਖਿੱਚੀ ਜਾਂਦੀ ਹੈ ਤਾਂ ਤੇਲ ਦੀਆਂ ਕੀਮਤਾਂ ਹੋਰ ਉੱਪਰ ਜਾ ਸਕਦੀਆਂ ਹਨ। ਭਾਰਤ ਕਿਉਂਕਿ ਵੱਡੀ ਮਾਤਰਾ ਵਿਚ ਤੇਲ ਦਰਾਮਦ ਕਰਦਾ ਹੈ ਤਾਂ ਸੁਭਾਵਿਕ ਹੈ ਕਿ ਤੇਲ ਦੇ ਭਾਅ ਵਧਣ ਨਾਲ ਭਾਰਤ ਦਾ ਆਰਥਿਕ ਗਣਿਤ ਗੜਬੜਾ ਜਾਵੇਗਾ। ਇਸ ਕਾਰਨ ਸਿੱਕੇ ਦਾ ਪਸਾਰ ਦਾ ਦਬਾਅ ਮਹਿੰਗਾਈ ਨੂੰ ਨਵੇਂ ਸਿਰੇ ਤੋਂ ਵਧਾ ਸਕਦਾ ਹੈ।

ਆਗਾਮੀ ਚੋਣਾਂ ਨੂੰ ਦੇਖਦੇ ਹੋਏ ਪੈਟਰੋਲੀਅਮ ਉਤਪਾਦਾਂ ਦੀਆਂ ਪਰਚੂਨ ਕੀਮਤਾਂ ਵਿਚ ਵਾਧੇ ਦੇ ਆਸਾਰ ਤਾਂ ਨਹੀਂ ਲਗਦੇ ਪਰ ਤੇਲ ਦੀਆਂ ਉੱਚੀਆਂ ਕੀਮਤਾਂ ਕਿਸੇ ਨਾ ਕਿਸੇ ਰੂਪ ਵਿਚ ਅਸਰ ਤਾਂ ਦਿਖਾਉਣਗੀਆਂ ਹੀ। ਤੇਲ ਦੀਆਂ ਕੀਮਤਾਂ ਦਾ ਰੁਖ਼ ਇਸ ਦੋਹਰੇ ਰੁਝਾਨ ਤੋਂ ਨਿਰਧਾਰਤ ਹੋਵੇਗਾ ਕਿ ਕੀ ਪੱਛਮੀ ਏਸ਼ੀਆ ਦਾ ਹਿੰਸਕ ਟਕਰਾਅ ਅਤੇ ਤੇਲ ਉਤਪਾਦਕ ਦੇਸ਼ਾਂ ਦੀ ਕਟੌਤੀ ਦਾ ਜ਼ਿਆਦਾ ਅਸਰ ਹੋਵੇਗਾ ਜਾਂ ਫਿਰ ਆਲਮੀ ਅਰਥਚਾਰੇ ਵਿਚ ਸੁਸਤੀ ਕਾਰਨ ਮੰਗ ਵਿਚ ਕਮੀ ਤੇਲ ਦੀਆਂ ਕੀਮਤਾਂ 'ਤੇ ਕਾਬੂ ਰੱਖੇਗੀ। ਯੂਕਰੇਨ ਜੰਗ ਕਾਰਨ ਆਲਮੀ ਸਪਲਾਈ ਲੜੀ ਪਹਿਲਾਂ ਤੋਂ ਹੀ ਦਬਾਅ ਵਿਚ ਹੈ ਜਿਸ ਨੂੰ ਪੱਛਮੀ ਏਸ਼ੀਆ ਦਾ ਤਾਜ਼ਾ ਘਟਨਾਚੱਕਰ ਹੋਰ ਵਧਾਉਣ ਦਾ ਕੰਮ ਕਰੇਗਾ। ਇਸ ਕਾਰਨ ਮਹਿੰਗਾਈ ਵਿਸ਼ਵ ਲਈ ਵੱਡੀ ਚੁਣੌਤੀ ਬਣੀ ਰਹੇਗੀ। ਕਈ ਦੇਸ਼ਾਂ ਵਿਚ ਇਹ ਹਾਲੇ ਵੀ ਅਸਹਿਜ ਸਥਿਤੀ ਵਿਚ ਬਣੀ ਹੋਈ ਹੈ। ਇਹੀ ਕਾਰਨ ਹੈ ਕਿ ਪੱਛਮੀ ਦੇਸ਼ਾਂ ਦੇ ਕੇਂਦਰੀ ਬੈਂਕਾਂ ਨੇ ਵਿਆਜ ਦਰਾਂ ਵਿਚ ਵਾਧੇ ਦੇ ਸਿਲਸਿਲੇ 'ਤੇ ਵਿਰਾਮ ਨਹੀਂ ਲਗਾਇਆ ਹੈ। ਇਸ ਦੇ ਬਹੁਤ ਜ਼ਿਆਦਾ ਆਸਾਰ ਹਨ ਕਿ ਪੱਛਮੀ ਦੇਸ਼ਾਂ ਵਿਚ ਵਿਆਜ ਦਰਾਂ ਵਿਚ ਵਾਧੇ ਦਾ ਇਹ ਸਿਲਸਿਲਾ ਹਾਲੇ ਕਾਇਮ ਰਹੇਗਾ। ਭਾਰਤ ਵਰਗੇ ਅਰਥਚਾਰਿਆਂ 'ਤੇ ਇਸ ਦਾ ਸੁਭਾਵਿਕ ਅਸਰ ਪਵੇਗਾ ਕਿਉਂਕਿ ਵਿਦੇਸ਼ੀ ਨਿਵੇਸ਼ਕ ਆਪਣੀ ਪੂੰਜੀ ਵਿੱਤੀ ਅਸਾਸਿਆਂ ਦੇ ਲਿਹਾਜ਼ ਨਾਲ ਉਮੀਦ ਮੁਤਾਬਕ ਸੁਰੱਖਿਅਤ ਪੱਛਮੀ ਮੁਲਕਾਂ ਵਿਚ ਲਗਾਉਣ ਨੂੰ ਤਰਜੀਹ ਦੇਣਗੇ। ਇਸ ਕਾਰਨ ਭਾਰਤ ਵਿਚ ਹੋਣ ਵਾਲੇ ਪੂੰਜੀ ਪਲਾਇਨ ਦਾ ਅਸਰ ਵਿਦੇਸ਼ੀ ਕਰੰਸੀ ਭੰਡਾਰ ਤੋਂ ਲੈ ਕੇ ਰੁਪਏ ਦੀ ਸਿਹਤ 'ਤੇ ਵੀ ਦਿਸ ਸਕਦਾ ਹੈ। ਕੌਮਾਂਤਰੀ ਅਰਥਚਾਰੇ ਵਿਚ ਸੁਸਤੀ ਵੀ ਇਕ ਵੱਡੀ ਚਿੰਤਾ ਵਾਲੀ ਗੱਲ ਹੈ।

ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਤੋਂ ਲੈ ਕੇ ਵਿਸ਼ਵ ਬੈਂਕ ਨੇ ਆਪਣੇ ਅਨੁਮਾਨਾਂ ਵਿਚ ਆਲਮੀ ਅਰਥਚਾਰੇ ਦੀ ਵਾਧਾ ਦਰ ਵਿਚ ਕਮੀ ਆਉਣ ਦਾ ਖ਼ਦਸ਼ਾ ਜ਼ਾਹਰ ਕੀਤਾ ਹੈ। ਇਸ ਸਾਲ ਦੀ ਪਹਿਲੀ ਛਿਮਾਹੀ ਵਿਚ ਆਲਮੀ ਆਰਥਿਕ ਮੁਹਾਂਦਰਾ ਚੰਗੀ ਹਾਲਤ ਵਿਚ ਦਿਸ ਰਿਹਾ ਸੀ ਪਰ ਦੂਜੀ ਛਿਮਾਹੀ ਵਿਚ ਸੰਕੇਤ ਓਨੇ ਚੰਗੇ ਨਹੀਂ ਦਿਸ ਰਹੇ। ਇਸ ਵਿਸ਼ਵ-ਵਿਆਪੀ ਸੁਸਤੀ ਦਾ ਅਸਰ ਭਾਰਤ 'ਤੇ ਵੀ ਦਿਸਣ ਲੱਗਾ ਹੈ ਕਿਉਂਕਿ ਦੇਸ਼ ਤੋਂ ਹੋਣ ਵਾਲੀ ਬਰਾਮਦ ਘਟ ਰਹੀ ਹੈ। ਬਰਾਮਦ ਦੇ ਮੁਹਾਜ਼ 'ਤੇ ਭਾਰਤ ਲਈ ਚਿੰਤਾ ਦੋਤਰਫ਼ੀ ਹੈ। ਪਹਿਲੀ ਇਹ ਕਿ ਅਮਰੀਕਾ ਤੇ ਯੂਰਪ ਨੂੰ ਹੋਣ ਵਾਲੀ ਬਰਾਮਦ ਵਿਚ ਓਨੀ ਜ਼ਿਆਦਾ ਕਮੀ ਨਹੀਂ ਆਈ ਹੈ ਪਰ ਖ਼ਤਰਾ ਇਹੀ ਹੈ ਕਿ ਪੱਛਮ ਦੇ ਬਾਜ਼ਾਰਾਂ ਵਿਚ ਆਰਥਿਕ ਸੁਸਤੀ ਦਾ ਪਰਛਾਵਾਂ ਮੰਡਰਾ ਰਿਹਾ ਹੈ। ਇਸ ਕਾਰਨ ਸੰਭਵ ਹੈ ਕਿ ਦੇਰ-ਸਵੇਰ ਮੰਗ ਘਟਣ ਕਾਰਨ ਉੱਥੇ ਵੀ ਬਰਾਮਦਾਂ ਸੁੰਗੜਨ ਲੱਗਣ। ਭਾਰਤ ਦੇ ਨਜ਼ਰੀਏ ਨਾਲ ਦੂਜੀ ਚਿੰਤਾ ਇਹ ਹੈ ਕਿ ਉਮੀਦ ਮੁਤਾਬਕ ਤੇਜ਼ੀ 'ਤੇ ਸਵਾਰ ਏਸ਼ਿਆਈ ਬਾਜ਼ਾਰ ਵਿਚ ਉਸ ਦੀਆਂ ਬਰਾਮਦਾਂ ਕਾਫ਼ੀ ਤੇਜ਼ੀ ਨਾਲ ਘਟ ਰਹੀਆਂ ਹਨ। ਅਰਥਾਤ ਜਿਸ ਪੱਛਮੀ ਬਾਜ਼ਾਰ ਵਿਚ ਸਾਡੀਆਂ ਬਰਾਮਦਾਂ ਠੀਕ-ਠਾਕ ਹਾਲਤ ਵਿਚ ਹਨ, ਉੱਥੇ ਮੰਗ 'ਤੇ ਗ੍ਰਹਿਣ ਲੱਗ ਸਕਦਾ ਹੈ। ਜਦਕਿ ਏਸ਼ਿਆਈ ਬਾਜ਼ਾਰ ਵਿਚ ਸੰਭਾਵਨਾਵਾਂ ਪਹਿਲਾਂ ਤੋਂ ਹੀ ਸੀਮਤ ਹੁੰਦੀਆਂ ਜਾ ਰਹੀਆਂ ਹਨ। ਏਸ਼ਿਆਈ ਬਾਜ਼ਾਰ ਵਿਚ ਭਾਰਤੀ ਬਰਾਮਦ ਦੀ ਢਿੱਲੀ ਹੁੰਦੀ ਪਕੜ ਦਾ ਅਨੁਮਾਨ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਸੰਨ 2018-19 ਵਿਚ ਦੇਸ਼ ਤੋਂ ਹੋਣ ਵਾਲੀ ਬਰਾਮਦ ਵਿਚ ਏਸ਼ੀਆ-ਪ੍ਰਸ਼ਾਂਤ ਖੇਤਰ ਦੀ ਹਿੱਸੇਦਾਰੀ ਲਗਪਗ 34 ਫ਼ੀਸਦੀ ਤੱਕ ਪੁੱਜ ਗਈ ਸੀ ਜੋ ਹੁਣ ਘਟ ਕੇ 26 ਫ਼ੀਸਦੀ ਰਹਿ ਗਈ ਹੈ। ਹਾਲਾਂਕਿ ਇਸ ਦੇ ਪਿੱਛੇ ਇਹ ਵਜ੍ਹਾ ਵੀ ਹੋ ਸਕਦੀ ਹੈ ਕਿ ਭਾਰਤ ਆਰਸੇਪ ਵਰਗੇ ਕਿਸੇ ਵਿਆਪਕ ਵਪਾਰ ਸਮਝੌਤੇ ਦਾ ਹਿੱਸਾ ਨਹੀਂ ਹੈ। ਉਸ ਦੇ ਜਵਾਬ ਵਿਚ ਭਾਰਤ ਦੀ ਰਣਨੀਤੀ ਮੁਕਤ ਵਪਾਰ ਸਮਝੌਤੇ ਅਤੇ ਹੋਰ ਤਰੀਕਿਆਂ ਦੀ ਹੈ ਜਿਨ੍ਹਾਂ ਦੇ ਅਸਰ ਹੌਲੀ-ਹੌਲੀ ਸਾਹਮਣੇ ਆਉਣਗੇ। ਇਨ੍ਹਾਂ ਜਟਿਲ ਹਾਲਾਤ ਵਿਚ ਵੀ ਭਾਰਤੀ ਅਰਥਚਾਰਾ ਉਮੀਦ ਮੁਤਾਬਕ ਬਿਹਤਰ ਸਥਿਤੀ ਵਿਚ ਹੈ। ਇਕ ਸਮੇਂ ਅਸਮਾਨ 'ਤੇ ਪੁੱਜੀਆਂ ਟਮਾਟਰ ਅਤੇ ਹੋਰ ਸਬਜ਼ੀਆਂ ਦੀਆਂ ਕੀਮਤਾਂ ਨੇ ਮਹਿੰਗਾਈ ਦੀ ਅੱਗ ਵਿਚ ਘਿਉ ਪਾਉਣ ਦਾ ਕੰਮ ਕੀਤਾ ਸੀ ਪਰ ਸਬਜ਼ੀਆਂ ਦੀਆਂ ਕੀਮਤਾਂ ਹੁਣ ਬੇਕਾਬੂ ਨਹੀਂ ਹਨ।

ਗੈਸ ਸਿਲੰਡਰ ਦੇ ਭਾਅ ਵੀ ਘਟੇ ਹਨ ਤੇ ਈਂਧਨ ਦੇ ਮੁਹਾਜ਼ 'ਤੇ ਵੀ ਰਾਹਤ ਮਿਲੀ ਹੈ। ਹਾਲਾਂਕਿ ਅਨਾਜ ਅਤੇ ਦਾਲਾਂ ਵਰਗੀਆਂ ਚੀਜ਼ਾਂ ਦੀਆਂ ਕੀਮਤਾਂ ਹਾਲੇ ਵੀ ਉੱਚੇ ਪੱਧਰ 'ਤੇ ਹਨ। ਇਸ ਮਹਿੰਗਾਈ ਦੇ ਦਬਾਅ ਕਾਰਨ ਰਿਜ਼ਰਵ ਬੈਂਕ ਨੇ ਵਿਆਜ਼ ਦਰਾਂ ਵਿਚ ਫ਼ਿਲਹਾਲ ਕਟੌਤੀ ਦੇ ਕੋਈ ਸੰਕੇਤ ਨਹੀਂ ਦਿੱਤੇ ਹਨ। ਇਸ ਦਾ ਮਤਲਬ ਹੈ ਕਿ ਆਰਥਿਕ ਨੀਤੀ ਵਿਚ ਅਜੇ ਜਿਉਂ ਦੀ ਤਿਉਂ ਸਥਿਤੀ ਬਣੀ ਰਹੇਗੀ।

ਉਥੇ ਟੈਕਸ ਸੰਗ੍ਰਹਿ ਤੋਂ ਲੈ ਕੇ ਉਦਯੋਗਿਕ ਉਤਪਾਦਨ ਦੇ ਅੰਕੜੇ ਵੀ ਉਤਸ਼ਾਹਿਤ ਕਰਨ ਵਾਲੇ ਹਨ। ਘਰੇਲੂ ਮੰਗ ਖ਼ਾਸ ਕਰ ਕੇ ਸ਼ਹਿਰੀ ਖੇਤਰਾਂ ਵਿਚ ਮੰਗ ਵਿਚ ਤੇਜ਼ੀ ਦਾ ਜ਼ਬਰਦਸਤ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਸੇਵਾ ਖੇਤਰ ਵਿਚ ਏਵੀਏਸ਼ਨ ਤੋਂ ਲੈ ਕੇ ਮਹਿਮਾਨ ਨਵਾਜ਼ੀ ਖੇਤਰ ਨੂੰ ਇਸ ਦਾ ਵੱਡਾ ਲਾਭ ਮਿਲ ਰਿਹਾ ਹੈ ਤੇ ਵਾਹਨ ਤੇ ਰੀਅਲ ਅਸਟੇਟ ਵਰਗੇ ਖੇਤਰ ਵੀ ਇਸ ਤੋਂ ਵੱਡੇ ਪੱਧਰ 'ਤੇ ਲਾਭ ਕਮਾ ਰਹੇ ਹਨ। ਸਰਕਾਰ ਵੀ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰ ਰਹੀ ਹੈ ਜਿਸ ਨਾਲ ਸਟੀਲ ਤੇ ਸੀਮੰਟ ਵਰਗੇ ਸਾਰੇ ਸੈਕਟਰ ਬਹੁਤ ਫ਼ਾਇਦੇ ਦੀ ਸਥਿਤੀ ਵਿਚ ਹਨ। ਇਸ ਕਾਰਨ ਨਿਰਮਾਣ ਸਰਗਰਮੀਆਂ ਵਿਚ ਆਈ ਤੇਜ਼ੀ ਨਾਲ ਕਰਮਚਾਰੀਆਂ ਨੂੰ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਵੀ ਮਿਲ ਰਹੇ ਹਨ। ਦੇਸ਼ ਵਿਚ ਸਵੈਰੁਜ਼ਗਾਰ ਵਿਸਥਾਰ ਦੇ ਰੁਝਾਨ ਵੀ ਉਮੀਦ ਮੁਤਾਬਕ ਹਨ।

ਆਪਣੀ ਮੁੱਢਲੀ ਮਜ਼ਬੂਤ ਸਥਿਤੀ ਕਾਰਨ ਹੀ ਭਾਰਤੀ ਅਰਥ ਵਿਵਸਥਾ ਛੇ ਫ਼ੀਸਦੀ ਤੋਂ ਵੱਧ ਵਾਧਾ ਦਰਜ ਕਰਨ ਦੀ ਸਥਿਤੀ ਵਿਚ ਹੈ ਤੇ ਮੌਜੂਦਾ ਵਿਸ਼ਵ ਪੱਧਰੀ ਉਥਲ-ਪੁਥਲ ਤੇ ਗ਼ੈਰਯਕੀਨੀ ਵਿਚ ਇਹ ਵਾਧਾ ਦਰ ਕਿਸੇ ਵੱਡੀ ਉਪਲੱਬਧੀ ਤੋਂ ਘੱਟ ਨਹੀਂ। ਇਸ ਦੇ ਬਾਵਜੂਦ ਆਉਣ ਵਾਲੇ ਦਿਨਾਂ ਵਿਚ ਇਸ ਘਰੇਲੂ ਮਜ਼ਬੂਤੀ ਦਾ ਵਿਸ਼ਵ ਪੱਧਰੀ ਉਤਰਾਅ-ਚੜ੍ਹਾਅ ਦੇ ਸਾਹਮਣੇ ਇਮਤਿਹਾਨ ਹੋਣਾ ਤੈਅ ਹੈ।

**ਧਰਮਕੀਰਤੀ ਜੋਸ਼ੀ**

# ਕਰਜ਼ੇ ਦੇ ਜਾਲ਼ 'ਚ ਫਸਿਆ ਪੰਜਾਬ

**-ਡਾ. ਸ. ਸ. ਛੀਨਾ**



ਵੀਹਵੀਂ ਸਦੀ ਦੇ ਅੰਤ ਤੱਕ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਭਾਰਤ ਵਿਚ ਪਹਿਲੇ ਨੰਬਰ ਦਾ ਪ੍ਰਾਂਤ ਸੀ ਜੋ ਖਿਸਕਦਾ ਹੋਇਆ ਹੁਣ 12ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਭਾਵੇਂ ਪੰਜਾਬ ਦੀ ਬੰਦਰਗਾਹਾਂ ਤੋਂ 1500 ਕਿਲੋਮੀਟਰ ਦੀ ਦੂਰੀ ਹੈ ਪਰ ਇੱਥੋਂ ਦੀਆਂ ਖੇਤੀ ਤੇ ਉਦਯੋਗਿਕ ਵਸਤਾਂ ਦੀ ਬਰਾਮਦ, ਬੰਦਰਗਾਹਾਂ 'ਤੇ ਸਥਿਤ ਪ੍ਰਾਂਤਾਂ ਮਹਾਰਾਸ਼ਟਰ, ਗੁਜਰਾਤ ਅਤੇ ਤਾਮਿਲਨਾਡੂ ਦੇ ਬਰਾਬਰ ਸੀ ਜੋ ਹੁਣ 15ਵੇਂ ਸਥਾਨ 'ਤੇ ਪਹੁੰਚ ਗਈ ਹੈ।

ਇਹ ਭਾਵੇਂ ਅਜੇ ਵੀ ਖੇਤੀ ਵਿਚ ਸਭ ਤੋਂ ਵੱਧ ਵਿਕਸਤ ਪ੍ਰਾਂਤ ਹੈ ਅਤੇ ਦੇਸ਼ ਦੇ ਅੰਨ ਭੰਡਾਰਾਂ ਵਿਚ ਕਣਕ ਅਤੇ ਚੌਲਾਂ ਦੇ ਭੰਡਾਰਾਂ ਵਿਚ ਪੰਜਾਬ ਦਾ ਹਿੱਸਾ ਹਾਲੇ ਵੀ 37 ਫ਼ੀਸਦੀ ਦੇ ਬਰਾਬਰ ਹੈ, ਡੇਅਰੀ ਦਾ ਪ੍ਰਾਂਤ ਦੇ ਘਰੇਲੂ ਉਤਪਾਦਨ ਵਿਚ 9 ਫ਼ੀਸਦੀ ਹਿੱਸਾ ਹੈ ਜਦਕਿ ਰਾਸ਼ਟਰੀ ਪੱਧਰ 'ਤੇ ਇਹ 5 ਪ੍ਰਤੀਸ਼ਤ ਹੈ ਪਰ ਇਸ ਦੇ ਬਾਵਜੂਦ ਪੰਜਾਬ ਬੁਰੀ ਤਰ੍ਹਾਂ ਕਰਜ਼ੇ ਦੇ ਜਾਲ ਵਿਚ ਫਸਿਆ ਹੋਇਆ ਹੈ ਤੇ ਉਹ ਕਰਜ਼ਾ ਪ੍ਰਾਂਤ ਵਿਚ ਮਿਲਣ ਵਾਲੀ ਸਮਾਜਿਕ ਸੁਰੱਖਿਆ ਅਤੇ ਵਿਕਾਸ ਵਿਚ ਸਭ ਤੋਂ ਵੱਡੀ ਰੁਕਾਵਟ ਬਣਿਆ ਹੋਇਆ ਹੈ। ਪੰਜਾਬ ਸਰਕਾਰ ਸਿਰ 1980-81 ਵਿਚ ਸਿਰਫ਼ 1009 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ 10 ਸਾਲਾਂ ਵਿਚ ਵਧ ਕੇ 1990-91 ਵਿਚ 7102 ਕਰੋੜ ਹੋ ਗਿਆ ਜਿਸ ਨੂੰ ਉਸ ਵਕਤ ਬਹੁਤ ਵੱਡਾ ਬੋਝ ਸਮਝਿਆ ਜਾਂਦਾ ਸੀ ਪਰ ਉਸ ਤੋਂ ਬਾਅਦ ਤਾਂ ਇਹ ਕਰਜ਼ਾ ਛਾਲਾਂ ਮਾਰਦਾ ਹੋਇਆ ਵਧਦਾ ਗਿਆ। ਅਗਲੇ ਦਸ ਸਾਲਾਂ ਜਾਂ 2000-10 ਵਿਚ ਇਹ ਤੇਜ਼ੀ ਨਾਲ ਵਧ ਕੇ 34063 ਕਰੋੜ ਹੋਇਆ ਅਤੇ ਉਸ ਤੋਂ ਬਾਅਦ ਇਸ ਦੇ ਵਧਣ ਦੀ ਰਫ਼ਤਾਰ ਵਿਚ ਤੇਜ਼ੀ ਹੀ ਆਉਂਦੀ ਗਈ ਭਾਵੇਂ ਕਿ 1980 ਤੋਂ 2000 ਤੱਕ ਦੇ 20 ਸਾਲਾਂ ਵਿਚ ਇਹ 33 ਕਰੋੜ ਹੀ ਵਧਿਆ ਸੀ ਪਰ 2010-11 ਤੱਕ ਇਹ 50 ਹਜ਼ਾਰ ਕਰੋੜ ਰੁਪਏ ਵਧ ਕੇ 83009 ਹਜ਼ਾਰ ਕਰੋੜ ਰੁਪਏ ਹੋ ਗਿਆ ਸੀ। ਪਰ 2021-22 ਵਿਚ ਇਹ 2 ਲੱਖ 81 ਹਜ਼ਾਰ ਕਰੋੜ ਅਤੇ ਫਿਰ ਹੋਰ ਤੇਜ਼ੀ ਨਾਲ 2022-23 ਵਿਚ 3 ਲੱਖ 12 ਹਜ਼ਾਰ ਕਰੋੜ ਅਤੇ 2023-24 ਵਿਚ 3 ਲੱਖ 47 ਹਜ਼ਾਰ ਕਰੋੜ ਰੁਪਏ ਦਾ ਹੋ ਗਿਆ।

ਭਾਵ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ 18 ਮਹੀਨੇ ਵਿਚ ਹੀ ਇਸ ਵਿਚ 50 ਹਜ਼ਾਰ ਕਰੋੜ ਰੁਪਏ ਦਾ ਹੋਰ ਵਾਧਾ ਹੋ ਗਿਆ ਜਿਸ ਸਬੰਧੀ ਗਵਰਨਰ ਪੰਜਾਬ ਨੇ ਇਸ ਦੀ ਵਰਤੋਂ ਬਾਰੇ ਪੁੱਛਗਿੱਛ ਵੀ ਕੀਤੀ ਅਤੇ ਵਿੱਤ ਮੰਤਰੀ ਵੱਲੋਂ ਇਸ ਦਾ ਜਵਾਬ ਵੀ ਦਿੱਤਾ ਗਿਆ। ਕਿਸੇ ਵੀ ਪ੍ਰਾਂਤ ਦੀ ਆਮਦਨ ਜਾਂ ਖ਼ਰਚ ਵਿਚ ਪ੍ਰਾਂਤ ਦੇ ਲੋਕਾਂ ਦਾ ਬਰਾਬਰ ਦਾ ਹਿੱਸਾ ਹੈ। ਜੇ ਇਕ ਪ੍ਰਾਂਤ ਕਰਜ਼ਾ ਮੁਕਤ ਹੈ ਅਤੇ ਉਸ ਦੀ ਸਾਲਾਨਾ ਆਮਦਨ ਟੈਕਸਾਂ ਤੋਂ ਜਾਂ ਟੈਕਸਾਂ ਤੋਂ ਬਾਹਰੋਂ ਜਨਤਕ ਵਪਾਰਕ ਕੰਮਾਂ ਵਿੱਚੋਂ ਜ਼ਿਆਦਾ ਹੈ ਤਾਂ ਸਰਕਾਰ ਉਸ ਨਾਲ ਆਪਣੀ ਜਨਤਾ ਨੂੰ ਹੋਰ ਸਮਾਜਿਕ ਸੁਰੱਖਿਆ ਅਤੇ ਸਹੂਲਤਾਂ ਦੇ ਸਕਦੀ ਹੈ ਪਰ ਜੇ ਸਰਕਾਰ ਕਰਜ਼ੇ ਦੇ ਬੋਝ ਥੱਲੇ ਹੈ ਤਾਂ ਉਹ ਕਰਜ਼ਾ ਕਿਸੇ ਮੰਤਰੀ ਨੇ ਨਹੀਂ ਦੇਣਾ ਬਲਕਿ ਪ੍ਰਾਂਤ ਦੀ ਜਨਤਾ 'ਤੇ ਭਾਰ ਹੈ।

ਇਸ ਵਕਤ ਪੰਜਾਬ ਵਿਚ ਪ੍ਰਤੀ ਵਿਅਕਤੀ ਕਰਜ਼ਾ ਦੇਸ਼ ਭਰ ਵਿਚ ਜ਼ਿਆਦਾ ਹੋਣ ਦੇ ਬਾਵਜੂਦ ਪੰਜਾਬ ਦੀ ਜਨਤਾ ਨੂੰ ਮਿਲਣ ਵਾਲੀਆਂ ਸਹੂਲਤਾਂ ਦੇਣ ਦਾ ਐਲਾਨ ਕੀਤਾ ਗਿਆ ਸੀ ਜਿਹੜਾ ਕਿਸੇ ਤਰਕ 'ਤੇ ਆਧਾਰਤ ਨਹੀਂ ਸੀ। ਉਸ ਵਿੱਚੋਂ ਹੀ ਹਰ ਬਾਲਗ ਔਰਤ ਨੂੰ ਪ੍ਰਤੀ ਮਹੀਨਾ 1000 ਰੁਪਏ ਦੇਣ ਦਾ ਵਾਅਦਾ ਹਾਲੇ ਪੂਰਾ ਨਹੀਂ ਕੀਤਾ ਗਿਆ। ਕਰਜ਼ੇ ਦੇ ਬੋਝ ਨੂੰ ਜੇ ਪ੍ਰਾਂਤ ਵਿਚ ਹੋਣ ਵਾਲੇ ਕੁੱਲ ਘਰੇਲੂ ਉਤਪਾਦਨ ਦੇ ਅਨੁਪਾਤ ਨਾਲ ਵਾਚਿਆ ਜਾਵੇ ਤਾਂ ਉਸ ਹਿਸਾਬ ਨਾਲ ਵੀ ਪੰਜਾਬ ਵੱਡੇ ਬੋਝ ਥੱਲੇ ਹੈ। ਸੰਨ 1990-91 ਵਿਚ ਭਾਵੇਂ ਕਰਜ਼ਾ ਬਹੁਤ ਘੱਟ ਸੀ ਪਰ ਫਿਰ ਵੀ ਪ੍ਰਾਂਤਾਂ ਦੇ ਕੁੱਲ ਘਰੇਲੂ ਉਤਪਾਦਨ ਅਤੇ ਪ੍ਰਾਂਤ ਸਰਕਾਰ ਸਿਰ ਕਰਜ਼ੇ ਦਾ ਅਨੁਪਾਤ 37.6 ਫ਼ੀਸਦੀ ਸੀ। ਉਸ ਤੋਂ ਬਾਅਦ ਪ੍ਰਾਂਤ ਵਿਚ ਕੁੱਲ ਘਰੇਲੂ ਉਤਪਾਦਨ ਵਿਚ ਵੱਡਾ ਵਾਧਾ ਹੁੰਦਾ ਰਿਹਾ ਪਰ ਕਰਜ਼ਾ ਵੀ ਸਥਿਰ ਨਾ ਰਿਹਾ ਅਤੇ ਨਾ ਘਟਿਆ। ਇਸ ਲਈ 2021-22 ਵਿਚ ਇਹ ਅਨੁਪਾਤ 48.2 ਫ਼ੀਸਦੀ ਹੋ ਗਿਆ ਅਤੇ 2022-23 ਵਿਚ ਭਾਵੇਂ ਕੁੱਲ ਘਰੇਲੂ ਉਤਪਾਦਨ ਵਿਚ ਵੀ ਵੱਡਾ ਵਾਧਾ ਹੋਇਆ ਪਰ ਕਰਜ਼ੇ ਵਿਚ ਵਾਧਾ ਹੋਣ ਕਰਕੇ ਇਹ ਅਨੁਪਾਤ 49.7 ਫ਼ੀਸਦੀ ਹੋ ਗਿਆ। ਜਿਸ ਹਿਸਾਬ ਨਾਲ ਕਰਜ਼ਾ ਲਿਆ ਜਾ ਰਿਹਾ ਹੈ ਅਤੇ ਉਤਾਰਿਆ ਨਹੀਂ ਜਾ ਰਿਹਾ, ਇਹ 2023-24 ਦੇ ਸਾਲ ਵਿਚ 50 ਪ੍ਰਤੀਸ਼ਤ ਤੋਂ ਵੀ ਵੱਧ ਹੋ ਜਾਵੇਗਾ। ਕਰਜ਼ਾ ਮਾਪਣ ਲਈ ਸਾਲਾਨਾ ਔਸਤ ਕਰਜ਼ਾ ਇਕ ਹੋਰ ਢੰਗ ਹੈ।

ਉਸ ਅਨੁਸਾਰ ਵੀ 2018 ਤੋਂ 2021 ਤੱਕ ਹਰ ਸਾਲ ਸਾਲਾਨਾ 19849 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਜਿਹੜਾ 2002 ਤੋਂ 2006 ਤਕ ਸਿਰਫ਼ 3118 ਕਰੋੜ ਰੁਪਏ ਸਾਲਾਨਾ ਸੀ। ਪਰ ਇਸ ਕਰਜ਼ੇ ਦੀ ਔਸਤ ਵਿਚ ਸਾਲਾਨਾ ਵਾਧਾ ਕਿਉਂ ਹੁੰਦਾ ਗਿਆ? ਕੀ ਇਸ ਨਾਲ ਜਨਤਕ ਉਦਯੋਗਿਕ ਇਕਾਈਆ ਸਥਾਪਤ ਕੀਤੀਆਂ ਗਈਆਂ ਜਾਂ ਉਹ ਜਨਤਕ ਸਹੂਲਤਾਂ ਪੈਦਾ ਕੀਤੀਆਂ ਗਈਆਂ ਜਿਨ੍ਹਾਂ ਨਾਲ ਪ੍ਰਾਂਤ ਵਿਚ ਰੁਜ਼ਗਾਰ, ਉਤਪਾਦਨ, ਆਮਦਨ ਜਾਂ ਖ਼ੁਸ਼ਹਾਲੀ ਵਿਚ ਵਾਧਾ ਹੋਇਆ।

ਇਸ ਦਾ ਜਵਾਬ ਵੀ ਅਸਪਸ਼ਟ ਹੈ। ਜਦਕਿ ਦੂਸਰੀ ਤਰਫ਼ ਖੇਤੀ ਜੋ ਪੰਜਾਬ ਦਾ ਅਜੇ ਵੀ ਮੁੱਖ ਪੇਸ਼ਾ ਹੈ, ਖੇਤੀ ਵਿਚ ਲੱਗੇ ਕਿਸਾਨਾਂ ਸਿਰ ਪ੍ਰਤੀ ਕਿਸਾਨ ਘਰ ਕਰਜ਼ਾ ਦੇਸ਼ ਭਰ ਵਿਚ ਸਭ ਤੋਂ ਜ਼ਿਆਦਾ ਹੈ। ਬੇਰੁਜ਼ਗਾਰੀ ਹੋਣ ਕਰਕੇ ਪ੍ਰਾਂਤ ਦੇ ਨੌਜਵਾਨ ਆਪਣੀਆਂ ਜ਼ਮੀਨਾਂ ਤੇ ਜਾਇਦਾਦਾਂ ਵੇਚ ਕੇ ਨੌਕਰੀਆਂ ਕਰਨ ਖ਼ਾਤਰ ਵਿਦੇਸ਼ਾਂ ਵਿਚ ਜਾ ਰਹੇ ਹਨ ਜੋ ਪ੍ਰਾਂਤ ਦੀ ਕਮਜ਼ੋਰ ਆਰਥਿਕ ਸਥਿਤੀ ਦਾ ਸੂਚਕ ਹੈ ਅਤੇ ਨੌਜਵਾਨ ਪੀੜ੍ਹੀ ਮੰਗ ਕਰਦੀ ਹੈ ਕਿ ਉਹ ਉਪਾਅ ਜ਼ਰੂਰ ਅਮਲ ਵਿਚ ਲਿਆਂਦੇ ਜਾਣ ਜਿਨ੍ਹਾਂ ਨਾਲ ਪ੍ਰਾਂਤ ਦਾ ਕਰਜ਼ਾ ਘੱਟ ਹੋਵੇ ਅਤੇ ਅੱਗੇ ਵਾਸਤੇ ਨਾ ਵਧੇ ਅਤੇ ਸਾਧਨਾਂ ਨੂੰ ਪ੍ਰਾਂਤ ਦੇ ਉਦਯੋਗਿਕ ਵਿਕਾਸ ਲਈ ਵਰਤਿਆ ਜਾਵੇ।

ਨੇਤਾਵਾਂ ਨੂੰ ਸਦਾ ਚੱਲਣ ਵਾਲੇ ਵਿਕਾਸ ਦਾ ਉਦੇਸ਼ ਸਾਹਮਣੇ ਰੱਖਦੇ ਹੋਏ ਸੁਲਝੇ ਨੀਤੀਵਾਨਾਂ ਵਾਲੀ ਨੀਤੀ ਅਪਣਾਉਣੀ ਪਵੇਗੀ ਜਿਸ ਵਿਚ ਤਾਕਤ ਨਾਲ ਚਿੰਬੜੇ ਰਹਿਣ ਦੀ ਬਜਾਏ ਲੋਕ ਭਲਾਈ ਦਾ ਉਦੇਸ਼ ਹੋਵੇ। ਔਰਤਾਂ ਨੂੰ ਬੱਸਾਂ ਵਿਚ ਮੁਫ਼ਤ ਸਫ਼ਰ ਦੀ ਸਹੂਲਤ ਦੇਣ ਵਿਚ ਕਿਹੜੀ ਲੋਕ ਭਲਾਈ ਹੈ। ਹਰ ਬੇਰੁਜ਼ਗਾਰ ਲਈ ਰੁਜ਼ਗਾਰ ਭੱਤਾ ਦੇਣ ਦਾ ਤਾਂ ਠੋਸ ਤਰਕ ਹੈ।

ਹਰ ਬਾਲਗ ਔਰਤ ਨੂੰ ਇਕ ਹਜ਼ਾਰ ਮਹੀਨਾ ਭੱਤਾ ਦੇਣ ਦਾ ਕੀ ਤਰਕ ਹੈ। ਬਿਜਲੀ ਦੀ ਸਬਸਿਡੀ 'ਤੇ ਹਜ਼ਾਰਾਂ ਕਰੋੜ ਰੁਪਏ ਸਾਲਾਨਾ ਦਿੱਤੇ ਜਾ ਰਹੇ ਹਨ। ਮੁਫ਼ਤ ਬਿਜਲੀ ਦੇਣ ਨਾਲ ਓਨੀ ਬਿਜਲੀ ਵਰਤੀ ਨਹੀਂ ਜਾਂਦੀ ਜਿੰਨੀ ਜ਼ਾਇਆ ਜਾਂਦੀ ਹੈ ਕਿਉਂ ਜੋ ਉਸ ਲਈ ਕਿਹੜਾ ਬਿੱਲ ਦੇਣਾ ਹੈ ਪਰ ਬਿਜਲੀ ਪੈਦਾ ਕਰਨ 'ਤੇ ਲਾਗਤ ਤਾਂ ਆਉਂਦੀ ਹੈ। ਉਹ ਕਿੱਥੋਂ ਪੂਰੀ ਕਰਨੀ ਹੈ? ਬਿਜਲੀ ਮੁਫ਼ਤ ਹੋਣ ਕਰਕੇ ਪੰਜਾਬ ਵਿਚ 14 ਕੁ ਲੱਖ ਟਿਊਬਵੈੱਲ ਦਿਨ-ਰਾਤ ਪਾਣੀ ਬਾਹਰ ਕੱਢ ਰਹੇ ਹਨ ਜਿਹੜਾ ਜ਼ਰੂਰਤ ਤੋਂ ਵੀ ਜ਼ਿਆਦਾ ਕੱਢਿਆ ਜਾ ਰਿਹਾ ਹੈ ਜਿਸ ਨੇ ਧਰਤੀ ਹੇਠਲੇ ਪਾਣੀ ਨੂੰ ਤਾਂ ਡੂੰਘਾ ਕੀਤਾ ਹੀ ਹੈ, ਨਾਲ ਹੀ ਵਾਤਾਵਰਨ ਵਿਚ ਵਿਗਾੜ ਪੈਦਾ ਕਰ ਦਿੱਤਾ ਹੈ। ਬਿਜਲੀ ਸਸਤੀ ਹੋਣ ਦਾ ਤਾਂ ਤਰਕ ਹੈ, ਬਿਲਕੁਲ ਮੁਫ਼ਤ ਦਾ ਕੋਈ ਤਰਕ ਨਹੀਂ। ਪੰਜਾਬ ਵਿਚ 1960 ਤੋਂ ਪਹਿਲਾਂ ਜਨਤਕ ਕਾਰੋਬਾਰ ਜਿਵੇਂ ਬੱਸਾਂ, ਹੋਟਲ, ਖੰਡ ਮਿੱਲਾਂ ਆਦਿ ਸਰਕਾਰੀ ਖੇਤਰ ਅੰਦਰ ਖੋਲ੍ਹੀਆਂ ਗਈਆਂ ਸਨ। ਜੇ ਉਹ ਜਨਤਕ ਅਦਾਰੇ ਲਾਭ ਕਮਾਉਂਦੇ ਤਾਂ ਲੋਕਾਂ ਨੂੰ ਰਿਆਇਤ ਮਿਲਣੀ ਸੀ ਪਰ ਉਹ ਸਭ ਘਾਟੇ ਵਿਚ ਗਏ ਅਤੇ ਰਿਆਇਤ ਦੀ ਜਗ ?ਹਾ ਉਹ ਬੋਝ ਬਣ ਗਏ। ਪ੍ਰਬੰਧਕੀ ਤੌਰ 'ਤੇ ਸਖ਼ਤ ਅਤੇ ਲੋਕ ਹਿੱਤ ਦੇ ਫ਼ੈਸਲੇ ਲੈਣੇ ਪੈਣਗੇ।

ਜੇ ਜਨਤਕ ਇਕਾਈਆਂ ਕਾਮਯਾਬ ਨਹੀਂ ਹੋ ਸਕਦੀਆਂ ਤਾਂ ਜਨਤਕ-ਨਿੱਜੀ ਇਕਾਈਆਂ ਚੱਲ ਸਕਦੀਆਂ ਹਨ। ਖੰਡ ਮਿੱਲਾਂ, ਹੋਟਲ, ਬੱਸਾਂ ਨਿੱਜੀ ਹੱਥਾਂ ਵਿਚ ਵੱਡੇ ਲਾਭ ਕਮਾ ਰਹੀਆਂ ਹਨ। ਜੇ ਉਨ੍ਹਾਂ ਲਾਭਾਂ ਵਿਚ ਸਰਕਾਰ ਵੀ ਭਾਈਵਾਲ ਬਣੇ ਤਾਂ ਸਰਕਾਰੀ ਆਮਦਨ ਵਧ ਸਕਦੀ ਹੈ। ਦੁਨੀਆ ਦਾ ਕੋਈ ਵੀ ਦੇਸ਼ ਇਕੱਲੀ ਖੇਤੀ ਦੇ ਆਧਾਰ 'ਤੇ ਨਾ ਤਾਂ ਬੇਰੁਜ਼ਗਾਰੀ ਦੂਰ ਕਰ ਸਕਿਆ ਹੈ, ਨਾ ਖ਼ੁਸ਼ਹਾਲੀ ਪੈਦਾ ਕਰ ਸਕਿਆ ਹੈ। ਵਿਕਸਤ ਦੇਸ਼ਾਂ ਵਿਚ ਉਦਯੋਗਾਂ ਵਿਚ 70 ਫ਼ੀਸਦੀ ਵਸੋਂ ਕੰਮ ਕਰਦੀ ਹੈ। ਵਸੋਂ ਨੂੰ ਉਦਯੋਗ ਵੱਲ ਬਦਲਣਾ ਪਵੇਗਾ ਜਿਸ ਲਈ ਜੇ ਨਿੱਜੀ ਨਿਵੇਸ਼ ਨਹੀਂ ਹੁੰਦਾ ਤਾਂ ਸਰਕਾਰੀ ਨਿਵੇਸ਼ ਹੋਵੇ। ਨਿੱਜੀ ਨਿਵੇਸ਼ ਨਾ ਹੋਣ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾਵੇ ਜਿਸ ਦਾ ਯੋਗ ਹੱਲ ਹੈ ਖੇਤੀ ਆਧਾਰਤ ਉਦਯੋਗਾਂ ਦਾ ਵਧਾਉਣਾ ਜਿਨ੍ਹਾਂ ਲਈ ਕੱਚਾ ਮਾਲ ਪ੍ਰਾਂਤ ਵਿੱਚੋਂ ਹੀ ਮਿਲ ਸਕਦਾ ਹੈ।

ਇਸ ਦੇ ਨਾਲ ਜਿੰਨਾ ਵੱਡੇ ਕਰਜ਼ੇ ਦਾ ਬੋਝ ਹੈ ਉਸ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਨੂੰ ਵੀ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਨਵੇਂ ਲਏ ਕਰਜ਼ੇ ਨਾਲ ਪੁਰਾਣੇ ਕਰਜ਼ੇ ਦੇ ਵਿਆਜ ਦਿੱਤੇ ਗਏ ਹਨ। ਇਸ ਤਰ੍ਹਾਂ ਲਗਾਤਾਰ ਚੱਲਣ ਵਾਲੇ ਵਿਕਾਸ ਲਈ ਨਿਵੇਸ਼ ਕਿੱਥੋਂ ਆਵੇਗਾ ਜਿਸ ਲਈ ਕਰਜ਼ੇ ਦੀ ਇਸ ਵੱਡੀ ਸਮੱਸਿਆ ਦੇ ਹੱਲ ਲਈ ਦੂਰਅੰਦੇਸ਼ੀ ਅਪਣਾਉਣਾ ਸਰਕਾਰ ਦੀ ਪਹਿਲੀ ਤਰਜੀਹ ਬਣੇ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-91

ਦੰਦਾਂ ਦਾ ਵੇਰਵਾ ਇਸਤੋਂ ਪਹਿਲੇ ਲੈਕਚਰਾਂ ਵਿੱਚ ਬੱਚੇ ਦੀ ਉਮਰ ਵਿੱਚ ਵੀ ਦਿੱਤਾ ਜਾ ਚੁੱਕਾ ਹੈ ਇਕ ਵੇਰ ਫਿਰ ਉਸਦੀ ਦੁਹਰਾਈ ਕਰ ਰਹੇ ਹਾਂ ਤੇ ਉਸ ਤੋਂ ਬਾਅਦ ਦੰਦ ਦੀ ਬਣਤਰ ਬਾਰੇ ਜਾਣਕਾਰੀ ਕਰਾਂਗੇ।

**ਦੰਦ ਕੱਢਣ ਦੀ ਪ੍ਰਕਿਰਿਆ ਤੇ ਮਿਲਕ ਟੀਂਥ ਯਾਨੀ ਦੁੱਧ ਦੀਆਂ ਦੰਦੀਆਂ**

ਪੰਜਵੇਂ ਤੋਂ ਛੇਵੇਂ ਮਹੀਨੇ ਵਿੱਚ ਬੱਚੇ ਨੂੰ ਪਹਿਲੀ ਦੰਦੀ ਵਿਖਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਨੂੰ ਡੀਲੇਡ ਡੈਨਟੀਸ਼ਨ ਕਿਹਾ ਜਾਦਾ ਹੈ। ਦੋ ਸਾਲ ਯਾਨੀ ਚੌਵੀ ਮਹੀਨਿਆਂ ਵਿੱਚ ਬੱਚੇ ਦੇ ਵੀਹ ਦੰਦ ਹੇਠਲੇ ਅਤੇ ਉੱਪਰ ਵਾਲੇ ਜਬਾੜ੍ਹੇ ਵਿੱਚ ਮਿਲਾ ਕੇ ਪੂਰੇ ਨਿਕਲ ਆਉਣੇ ਚਾਹੀਦੇ ਹਨ। ਇਹਨਾਂ ਨੂੰ ਮੈਡੀਕਲ ਟਰਮ ਵਿੱਚ ਮਿਲਕ ਟੀਥ ਕਹਿੰਦੇ ਹਨ।

**ਪਰਮਾਨੈਨਟ ਟੀਥ ਪੈਟਰਨ**

**ਅਸਲੀ ਸਹੀ ਸਖ਼ਤ ਦੰਦਾਂ ਦੇ ਉੱਗਣ ਦਾ ਨਿਯਮ**

ਜਿਵੇਂ ਦੁੱਧ ਦੇ ਦੰਦ ਆਉਣੇ ਸ਼ੁਰੂ ਹੋਏ ਸਨ ਉਸੇ ਹੀ ਤਰਤੀਬ ਵਿੱਚ ਇਹ ਮਿਲਕ ਟੀਥ ਇਕ ਇਕ ਕਰਕੇ ਛੇਵੇਂ ਸਾਲ ਵਿੱਚ ਟੁੱਟਣੇ ਸ਼ੁਰੂ ਹੋ ਜਾਂਦੇ ਹਨ ਤੇ ਉਹਨਾਂ ਦੇ ਹੇਠ ਨਾਲ ਦੀ ਨਾਲ ਹੀ ਪਰਮਾਨੈਂਟ ਟੀਥ ਭਾਵ ਪੱਕੇ ਦੰਦ ਜੋ ਉਮਰ ਤੱਕ ਸਾਥ ਦਿੰਦੇ ਹਨ ਉਹ ਉੱਗਣੇ ਸ਼ੁਰੂ ਹੋ ਜਾਂਦੇ ਹਨ ਤੇ ਆਖਰੀ ਪਿਛੇ ਦੇ ਦੰਦ ਵਿਜਡਮ ਟੀਥ ਜਿਹਨਾਂ ਨੂੰ ਅਕਲ ਦਾੜਾ ਵੀ ਕਹਿੰਦੇ ਹਨ ਉਹ ਸਭ ਤੋਂ ਬਾਅਦ ਆਉਂਦੀਆਂ ਹਨ ਪਰ ਇਹ ਦਾਹੜਾ ਜਿਹਨਾਂ ਨੂੰ ਟਰਾਈਕਸਪਿਡ ਯਾਨੀ ਤਿੰਨ ਜੜਾਂ ਵਾਲੇ ਤੇ ਚਾਰ ਜੜਾਂ ਵਾਲੇ ਦੰਦ ਕਹਿੰਦੇ ਹਨ ਅਕਲ ਦਾਹੜਾ ਵੀ ਕਹਿੰਦੇ ਹਨ ਕਈ ਵੇਰ ਢਾਈ ਦਹਾਕਿਆਂ ਦੀ ਉਮਰ ਤੱਕ ਯਾਨੀ ਪੱਚੀ ਸਾਲ ਦੀ ਉਮਰ ਤੱਕ ਹੀ ਨਿਕਲ ਕੇ ਬਾਹਰ ਆਉਂਦੇ ਹਨ। ਉਦੋਂ ਤੱਕ ਆਮ ਮਨੁੱਖ ਜ਼ਮਾਨੇ ਵਿੱਚ ਵਿਚਰਨ ਲਈ ਕਾਫੀ ਸਿਆਣਾ ਹੋ ਚੁੱਕਾ ਹੁੰਦਾ ਹੈ ਇਸੇ ਲਈ ਇਸਨੂੰ ਅਕਲ ਦਾਹੜਾ ਕਹਿੰਦੇ ਹਨ।

**ਦੰਦਾ ਦੀ ਤਰਤੀਬ ਅਨੁਸਾਰ ਨਾਮ।**

ਹੇਠਾਂ ਵਾਲੇ ਜਬਾੜ੍ਹੇ ਵਿੱਚ ਦੁੱਧ ਦੇ ਦੰਦਾਂ ਯਾਨੀ ਮਿਲਕ ਟੀਥ ਦੀ ਤਰਤੀਬ ਵਿੱਚ ਸਾਹਮਣੇ ਦੇ ਚਾਰ ਦਿਸਣ ਵਿੱਚ ਚੌੜੇ ਦੰਦਾਂ ਨੂੰ ਇੰਸਾਈਜਰ ਟੀਥ ਕਹਿੰਦੇ ਹਨ। ਉਸ ਤੋਂ ਅੱਗੇ ਦੋਹਾਂ ਪਾਸਿਆਂ ਵਿੱਚ ਇਕ ਇਕ ਦੰਦ ਉੱਗਦਾ ਹੈ ਜਿਸਨੂੰ ਕੇਨਾਈਨ ਕਹਿੰਦੇ ਹਨ ਯਾਨੀ ਕੁੱਤੇ ਦੰਦੀ ਵੀ ਕਹਿੰਦੇ ਹਨ। ਕਿਉਂਕਿ ਕੁੱਤਿਆਂ ਦੇ ਦੰਦਾਂ ਵਾਂਗ ਇਹ ਤਿੱਖੀ ਚੁੰਝ ਵਾਲੇ ਹੁੰਦੇ ਹਨ। ਉਸ ਤੋ ਹੋਰ ਪਿਛੇ ਵੱਲ ਦੋਹੀ ਪਾਸੀ ਹੇਠਲੇ ਜਬਾੜ੍ਹੇ ਵਿੱਚ ਉੱਗਣ ਵਾਲੇ ਦੰਦਾਂ ਨੂੰ ਪਰੀਮੋਲਰ ਜਾ ਬਾਈਕਸਪਿਡ ਕਹਿੰਦੇ ਹਨ। ਬਾਈ ਕਸਪਿਡ ਇਸ ਲਈ ਕਿ ਇਹਨਾਂ ਦੀਆਂ ਹੇਠਾਂ ਵੱਲ ਦੋ ਦੋ ਜੜਾ ਜਾ ਰੂਟਸ ਹੁੰਦੀਆਂ ਹਨ। ਸੋ ਟੋਟਲ ਦਸ ਮਿਲਕ ਟੀਥ ਯਾਨੀ ਦੁੱਧ ਦੇ ਦੰਦ ਹੇਠਲੇ ਜਬਾੜ੍ਹੇ ਵਿੱਚ ਉੱਗਦੇ ਹਨ। ਇਸੇ ਹੀ ਤਰਤੀਬ ਅਨੁਸਾਰ ਉੱਪਰ ਵਾਲੇ ਜਬਾੜ੍ਹੇ ਵਿੱਚ ਇਹਨਾਂ ਹੀ ਨਾਵਾਂ ਹੇਠ ਦਸ ਦੰਦ ਉੱਗਦੇ ਹਨ ਸੋ ਉੱਪਰ ਵਾਲੇ ਜਬਾੜ੍ਹੇ



ਅਤੇ ਹੇਠਾ ਨਾਲੇ ਜਬਾੜ੍ਹੇ ਵਿੱਚ ਕੁਲ ਮਿਲਾ ਕੇ ਵੀਹ ਮਿਲਕ ਟੀਥ ਯਾਨੀ ਦੁੱਧ ਦੇ ਦੰਦ ਹੁੰਦੇ ਹਨ। ਜਿਹਨਾਂ ਵਿੱਚ 4 ਇਨਸਾਈਜਰ ਹੇਠਾ 4 ਇਨਸਾਈਜਰ ਉੱਪਰ ।2 ਕੇਨਾਈਨ ਹੇਠਾਂ 2 ਕੇਨਾਈਨ ਉੱਪਰ ਯਾਨੀ 4 ਕੇਨਾਈਨ ਅਤੇ ਉਸ ਤੋ ਪਿਛੇ ਵੱਲ ਦੋ ਦੋ ਪਰੀਮੋਲਰ ਹੇਠਲੇਜਬਾੜ੍ਹੇ ਵਿੱਚ ਦੋਹੀਂ ਪਾਸੀਂ ਯਾਨੀ 4 ਪਰੀਮੋਲਰ ਹੇਠਾਂ ਅਤੇ ਇਸੇ ਤਰ੍ਹਾਂ ਹੀ ਦੋ ਦੋ ਪਰੀਮੋਲਰ ਉੱਪਰ ਵਾਲੇ ਜਬਾੜ੍ਹੇ ਵਿੱਚ ਦੋਹੀਂ ਪਾਸੀ ਯਾਨੀ ਚਾਰ ਪਰੀਮੋਲਰ ਉੱਪਰ ਯਾਨੀ ਟੋਟਲ 8 ਪਰੀਮੋਲਰ ਸੋ ਕੁਲ ਮਿਲਾ ਕੇ ਵੀਹ ਮਿਲਕ ਟੀਥ ਹੁੰਦੇ ਹਨ।

ਇਹਨਾਂ ਦੇ ਟੁੱਟਣ ਦੇ ਨਾਲ ਨਾਲ ਜਿਵੇ ਪਹਿਲਾਂ ਦੱਸਿਆ ਗਿਆ ਹੈ ਕਿ ਪਰਮਾਨੈਨਟ ਟੀਥ ਆਈ ਜਾਂਦੇ ਹਨ ਪਰ ਪਰਮਾਨੈਨਟ ਟੀਥਦੀ ਤਰਤੀਬ ਵਿੱਚ ਬਾਈ ਕਸਪਿਡ ਯਾਨੀ ਪਰੀਮੋਲਰ ਟੀਥ ਦੇ ਪਿਛੇ ਹੇਠਾਂ ਵੀ ਅਤੇ ਉੱਪਰ ਵੀ ਦੋਹੀਂ ਪਾਸੀਂ ਦੋ ਦੋ ਟਰਾਈਕਸਪਿਡ ਨਾਦੇ ਦੰਦ ਉੱਗਦੇ ਹਨ ਯਾਨੀ ਹੇਠਾਂ ਤੇ ਉੱਪਰ ਵੀ ਦੋਹ ਪਾਸਿਆਂ ਦੀ ਗਿਣਤੀ ਹੋਈ ਅੱਠ ਜਿਹਨਾਂ ਦੇ ਹੇਠਾਂ ਤਿੰਨ ਤਿੰਨ ਜੜਾਂ ਯਾਨੀਰੂਟਸ ਹੁੰਦੀਆਂ ਹਨ ਯਾਨੀ ਵੀਹ ਦੁੱਧ ਦੇ ਦੰਦਾਂ ਵਿੱਚ ਪਰਮਾਨੈਂਟ ਯਾਨੀ ਪੱਕੇ ਦੰਦਾਂ ਦੀ ਗਿਣਤੀ ਟੋਟਲ ਹੋਈ ਅਠਾਈ। ਜਿਸ ਤੋਂ ਬਾਅਦ ਵਿਜਡਮ ਟੀਥ ਯਾਨੀ ਅਕੜ ਦਾਹੜ ਇਕ ਇਕ ਹੇਠਲੇ ਜਬਾੜ੍ਹੇ ਵਿੱਚ ਦੋ ਹੀ ਪਾਸੀ ਤੇ ਇਸੇ ਤਰ੍ਹਾਂ ਉੱਪਰ ਵਾਲੇ ਜਬਾੜ੍ਹੇ ਵਿੱਚ ਇਕ ਇਕ ਦੋਹੀਂ ਪਾਸੀ ਉੱਗਦੇ ਹਨ ਜੋ ਬਹੁਤ ਦੇਰ ਨਾਲ ਉੱਗਦੇ ਹਨ।

**ਪਰਮਾਨੈਨਟ ਦੰਦਾ ਦੀ ਤਰਤੀਬ ਦੀ ਦੁਹਰਾਈ**

ਦੁਧ ਦੀਆ ਦੰਦੀਆ ਦੀ ਤਰਤੀਬ ਅਨੁਸਾਰ ਹੀ ਟੁੱਟਣ ਤੋ ਬਾਅਦ ਪਰਮਾਨੈਨਟ ਦੰਦ ਆਈ ਜਾਦੇ ਹਨ। ਟੋਟਲ ਹੇਠਾ ਅਤੇ ਉੱਪਰ ਮਿਲਾਕੇ 8 ਮੋਲਰ ਯਾਨੀ ਟਰਾਈਕਸਪਿਡ ਦੰਦ ਉੱਗਦੇ ਹਨ। ਸੋ ਇਹਨਾ ਦੀ ਹੁਣ ਤੱਕ ਕੁਲ ਗਿਣਤੀ 28 ਹੋ ਜਾਂਦੀ ਹੈ। ਇਹਨਾਂ ਤੋਂ ਬਾਅਦ ਇਹਨਾਂ ਦੇ ਪਿਛੇ ਸੱਜੇ ਵੀ ਤੇ ਖੱਬੇ ਵੀ ਔਰ ਹੇਠਾ ਵੀ ਤੇ ਉੱਪਰ ਵੀ ਇਕ ਇਕ ਦੰਦ ਉੱਗਦਾ ਹੈ ਯਾਨੀ ਟੋਟਲ 4 ਜਿਹਨਾਂ ਦੀਆਂ ਹੇਠਾਂ ਚਾਰ ਚਾਰ ਜੜਾਂ ਹੁੰਦੀਆਂ ਹਨ। ਇਹਨਾਂ ਨੂੰ ਵਿਜਡਮ ਟੀਥ ਕਹਿੰਦੇ ਹਨ। ਜੋ ਤਕਰੀਬਨ 25 ਸਾਲ ਦੀ ਉਮਰ ਤੱਕ ਇਕ ਇਕ ਕਰਕੇ ਉੱਗ ਆਉਂਦੇ ਹਨ। ਸੋ ਕੁਲ ਮਿਲਾਕੇ ਸਾਰੇ ਪਰਮਾਨੈਂਟ ਦੰਦਾਂ ਦੀ ਗਿਣਤੀ 32 ਹੋ ਜਾਦੀ ਹੈ ।

ਹੇਠਲੀ ਤਸਵੀਰ ਵਿੱਚ ਦੰਦਾਂ ਦੇ ਦੋਹਾਂ ਪੀਹੜਾ ਦੀ ਤਰਤੀਬ ਵਿਖਾਈ ਜਾ ਰਹੀ ਹੈ। ਬਾਹਰੋਂ ਵੇਖਣ ਸਮੇਂ ਦੰਦਾਂ ਉੱਪਰ ਚਿੱਟਾ ਚਮਕਦਾਰ ਪਰਦਾ ਹੁੰਦਾ ਹੈ ਜਿਸ ਨੂੰ ਅਨਾਮਿਲ ਕਹਿੰਦੇ ਹਨ। ਬੂੱਟਾਂ ਤੋ ਉੱਪਰ ਦੰਦ ਦੇ ਸਾਰੇ ਚਿਟੇ ਭਾਗ ਨੂੰ ਜੋ ਅਨਾਮਿਲ ਕਰਕੇ ਚਮਕਦਾਰ ਦਿਸਦਾ ਹੈ ਉਸਨੂੰ dental crown ਯਾਨੀ ਦੰਦ ਦਾ ਸਿਰ ਕਹਿੰਦੇ ਹਨ। ਉਸ ਤੋਂ ਹੇਠਾਮਸੂੜ੍ਹੇ ਵਿੱਚ ਛੁਪੇ ਹੋਏ ਹਿੱਸੇ ਨੂੰ root of teeth ਯਾਨੀ ਦੰਦ ਦੀ ਜੜ ਕਹਿੰਦੇ ਹਨ।

ਅਨਾਮਿਲ ਵਾਲੇ ਚਮਕਦੇ ਭਾਗ ਦੇ ਅਨਾਮਿਲ ਦੇ ਹੇਠਾ ਛੁਪਿਆ ਹੋਇਆ ਦੰਦ ਦੀ ਹੱਡੀ ਦਾ ਹਿੱਸਾ ਹੈ ਉਸ ਨੂੰ dentine ਯਾਨੀ ਦੰਦ ਦੇ ਸਿਰ ਦੀ ਹੱਡੀ।

(ਚੱਲਦਾ)





# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

**ਸਾਨੂੰ 16 ਸਾਲਾਂ ਦਾ ਤਰਜਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

**ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।**
**825 East Street, Suite 110 Woodland, CA 95776**
**440 N Palora Ave, Suite c Yuba City Ca. 95991**

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**CALIFORNIA DMV LIV. # 40524**

# ਯੂਐਨ 'ਚ ਇਜ਼ਰਾਈਲ-ਹਮਾਸ ਜੰਗ ਸਬੰਧੀ ਮਤੇ ਤੇ ਵੋਟਿੰਗ, ਭਾਰਤ ਨੇ ਬਣਾਈ ਦੂਰੀ



ਸੰਯੁਕਤ ਰਾਸ਼ਟਰ : ਇਜ਼ਰਾਈਲ-ਹਮਾਸ ਸੰਘਰਸ਼ ਨਾਲ ਸਬੰਧਤ ਮਤੇ 'ਤੇ ਵੋਟਿੰਗ ਤੋਂ ਦੂਰ ਰਹਿਣ ਵਾਲੇ ਭਾਰਤ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਕਿਹਾ ਕਿ ਅੱਤਵਾਦ 'ਹਾਨੀਕਾਰਕ' ਹੈ ਅਤੇ ਇਸ ਦੀ ਕੋਈ ਸੀਮਾ, ਕੌਮੀਅਤ ਜਾਂ ਨਸਲ ਨਹੀਂ ਹੁੰਦੀ ਹੈ ਅਤੇ ਦੁਨੀਆ ਨੂੰ ਅੱਤਵਾਦੀ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਵਾਲਿਆਂ ਦੀਆਂ ਗੱਲਾਂ ਨੂੰ ਕੋਈ ਮਹੱਤਵ ਨਹੀਂ ਦੇਣਾ ਚਾਹੀਦਾ। ਭਾਰਤ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ 'ਆਮ ਨਾਗਰਿਕਾਂ ਦੀ ਸੁਰੱਖਿਆ ਅਤੇ ਕਾਨੂੰਨੀ ਅਤੇ ਮਾਨਵਤਾਵਾਦੀ ਜ਼ਿੰਮੇਵਾਰੀਆਂ ਨੂੰ ਬਰਕਰਾਰ ਰੱਖਣ' ਸਿਰਲੇਖ ਵਾਲੇ ਜਾਰਡਨ ਦੇ ਖਰੜੇ ਦੇ ਮਤੇ 'ਤੇ ਵੋਟਿੰਗ ਤੋਂ ਦੂਰ ਰਿਹਾ। ਇਸ ਮਤੇ ਵਿੱਚ ਇਜ਼ਰਾਈਲ-ਹਮਾਸ ਯੁੱਧ ਵਿੱਚ ਤੁਰੰਤ ਮਾਨਵਤਾਵਾਦੀ ਜੰਗਬੰਦੀ ਅਤੇ ਗਾਜ਼ਾ ਪੱਟੀ ਤੱਕ ਨਿਰਵਿਘਨ ਮਨੁੱਖਤਾਵਾਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਸੀ। ਸੰਯੁਕਤ ਰਾਸ਼ਟਰ ਦੀ 193 ਮੈਂਬਰੀ ਜਨਰਲ ਅਸੈਂਬਲੀ ਨੇ ਉਸ ਮਤੇ ਨੂੰ ਅਪਣਾਇਆ, ਜਿਸ ਵਿਚ ਤੁਰੰਤ, ਟਿਕਾਊ ਅਤੇ ਸਥਾਈ ਮਾਨਵਤਾਵਾਦੀ ਜੰਗਬੰਦੀ ਦੀ ਮੰਗ ਕੀਤੀ ਗਈ ਹੈ ਤਾਂ ਕਿ ਦੁਸ਼ਮਣੀ ਸਮਾਪਤ ਹੋ ਸਕੇ। ਮਤੇ ਦੇ ਹੱਕ ਵਿਚ 121 ਦੇਸ਼ਾਂ ਨੇ ਵੋਟ ਕੀਤੀ, 44 ਮੈਂਬਰ ਵੋਟਿੰਗ ਤੋਂ ਦੂਰ ਰਹੇ ਅਤੇ 14 ਮੈਂਬਰਾਂ ਨੇ ਇਸ ਦੇ ਵਿਰੋਧ ਵਿਚ ਵੋਟਿੰਗ ਕੀਤੀ। ਮਤੇ ਵਿੱਚ ਪੂਰੇ ਗਾਜ਼ਾ ਪੱਟੀ ਵਿੱਚ ਆਮ ਨਾਗਰਿਕਾਂ ਨੂੰ ਜ਼ਰੂਰੀ ਵਸਤਾਂ ਅਤੇ ਸੇਵਾਵਾਂ ਦੀ ਤੁਰੰਤ, ਨਿਰੰਤਰ, ਢੁੱਕਵੀਂ ਅਤੇ ਨਿਰਵਿਘਨ ਵਿਵਸਥਾ ਦੀ ਮੰਗ ਕੀਤੀ ਗਈ ਸੀ। ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਉਪ ਸਥਾਈ ਪ੍ਰਤੀਨਿਧੀ ਯੋਜਨਾ ਪਟੇਲ ਨੇ ਵੋਟਿੰਗ 'ਤੇ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਕਿ ਅਜਿਹੀ ਦੁਨੀਆ ਵਿਚ ਜਿੱਥੇ ਮਤਭੇਦਾਂ ਅਤੇ ਵਿਵਾਦਾਂ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ, ਇਸ ਵੱਕਾਰੀ ਸੰਸਥਾ ਨੂੰ ਹਿੰਸਾ ਦਾ ਸਹਾਰਾ ਲੈਣ ਦੀਆਂ ਘਟਨਾਵਾਂ 'ਤੇ ਡੂੰਘੀ ਚਿੰਤਾ ਕਰਨੀ ਚਾਹੀਦੀ ਹੈ। ਪਟੇਲ ਨੇ ਕਿਹਾ, 'ਹਿੰਸਾ ਜਦੋਂ ਇੰਨੇ ਵੱਡੇ ਪੈਮਾਨੇ ਅਤੇ ਤੀਬਰਤਾ 'ਤੇ ਹੁੰਦੀ ਹੈ, ਤਾਂ ਇਹ ਬੁਨਿਆਦੀ ਮਨੁੱਖੀ ਕਦਰਾਂ-ਕੀਮਤਾਂ ਦਾ ਅਪਮਾਨ ਹੈ।' ਉਨ੍ਹਾਂ ਕਿਹਾ ਕਿ ਸਿਆਸੀ ਉਦੇਸ਼ਾਂ ਦੀ ਪ੍ਰਾਪਤੀ ਲਈ ਹਿੰਸਾ ਦੀ ਵਰਤੋਂ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਉਂਦੀ ਹੈ ਅਤੇ ਇਹ ਕਿਸੇ ਟਿਕਾਊ ਹੱਲ ਲਈ ਰਾਹ ਪੱਧਰਾ ਨਹੀਂ ਕਰਦੀ। ਪਟੇਲ ਨੇ 7 ਅਕਤੂਬਰ ਨੂੰ ਇਜ਼ਰਾਈਲ 'ਚ ਹੋਏ ਅੱਤਵਾਦੀ ਹਮਲਿਆਂ ਨੂੰ ਹੈਰਾਨ ਕਰਨ ਵਾਲਾ ਦੱਸਿਆ ਅਤੇ ਕਿਹਾ ਕਿ ਇਹ ਹਮਲੇ ਨਿੰਦਣਯੋਗ ਹਨ। ਵੋਟ ਬਾਰੇ ਭਾਰਤ ਦੇ ਸਪੱਸ਼ਟੀਕਰਨ ਵਿੱਚ ਹਮਾਸ ਦਾ ਜ਼ਿਕਰ ਨਹੀਂ ਕੀਤਾ ਗਿਆ। ਪਟੇਲ ਨੇ ਕਿਹਾ, ÷ਅੱਤਵਾਦ ਨੁਕਸਾਨਦੇਹ ਹੈ ਅਤੇ ਇਸਦੀ ਕੋਈ ਸੀਮਾ, ਕੌਮੀਅਤ ਜਾਂ ਨਸਲ ਨਹੀਂ ਹੈ। ਦੁਨੀਆ ਨੂੰ ਉਨ੍ਹਾਂ ਲੋਕਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ ਜੋ ਅੱਤਵਾਦੀ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹਨ। ਆਓ ਅਸੀਂ ਮਤਭੇਦਾਂ ਨੂੰ ਪਾਸੇ ਰੱਖ ਕੇ, ਇਕਜੁੱਟ ਹੋਈਏ ਅਤੇ ਅੱਤਵਾਦ ਲਈ ਜ਼ੀਰੋ ਟੋਲਰੈਂਸ ਦੀ ਪਹੁੰਚ ਅਪਣਾਈਏ।' ਭਾਰਤ ਨੇ ਉਮੀਦ ਜ਼ਾਹਰ ਕੀਤੀ ਕਿ ਜਨਰਲ ਅਸੈਂਬਲੀ ਵਿੱਚ ਇਸ ਚਰਚਾ ਨਾਲ 'ਅੱਤਵਾਦ ਅਤੇ ਹਿੰਸਾ ਦੇ ਖਿਲਾਫ ਇੱਕ ਸਪੱਸ਼ਟ ਸੰਦੇਸ਼ ਜਾਵੇਗਾ ਅਤੇ ਇਸ ਨਾਲ ਕੂਟਨੀਤੀ ਅਤੇ ਗੱਲਬਾਤ ਦੀ ਸੰਭਾਵਨਾਵਾਂ ਦਾ ਦਾਇਰਾ ਵਧੇਗਾ ਅਤੇ ਸਾਡੇ ਸਾਹਮਣੇ ਮੌਜੂਦ ਮਨੁੱਖੀ ਸੰਕਟ ਨਾਲ ਨਜਿੱਠਣ ਵਿੱਚ ਮਦਦ ਮਿਲੇਗੀ।' ਪਟੇਲ ਨੇ ਕਿਹਾ ਕਿ ਭਾਰਤ ਵਿਗੜਦੀ ਸੁਰੱਖਿਆ ਸਥਿਤੀ ਅਤੇ ਇਸ ਸੰਘਰਸ਼ ਵਿੱਚ ਵੱਡੀ ਗਿਣਤੀ ਵਿੱਚ ਆਮ ਨਾਗਰਿਕਾਂ ਦੀ ਮੌਤ ਨੂੰ ਲੈ ਕੇ 'ਚਿੰਤਤ' ਹੈ। ਉਨ੍ਹਾਂ ਕਿਹਾ, "ਖੇਤਰ ਵਿੱਚ ਦੁਸ਼ਮਣੀ ਵਧਣ ਨਾਲ ਮਨੁੱਖਤਾਵਾਦੀ ਸੰਕਟ ਹੋਰ ਵਧੇਗਾ। ਸਾਰੀਆਂ ਧਿਰਾਂ ਨੂੰ ਪੂਰੀ ਜ਼ਿੰਮੇਵਾਰੀ ਦਿਖਾਉਣੀ ਜ਼ਰੂਰੀ ਹੈ।" ਭਾਰਤ ਨੇ ਬੰਧਕਾਂ ਦੀ "ਤੁਰੰਤ ਅਤੇ ਬਿਨਾਂ ਸ਼ਰਤ ਰਿਹਾਈ" ਦੀ ਮੰਗ ਵੀ ਕੀਤੀ। ਸ਼ੁਰੂ ਵਿਚ ਇਰਾਕ ਮਤੇ 'ਤੇ ਵੋਟਿੰਗ ਤੋਂ ਦੂਰ ਰਿਹਾ ਸੀ, ਪਰ ਬਾਅਦ ਵਿਚ ਵੋਟਿੰਗ ਦੌਰਾਨ 'ਤਕਨੀਕੀ ਸਮੱਸਿਆਵਾਂ' ਦਾ ਹਵਾਲਾ ਦਿੰਦੇ ਹੋਏ ਉਸ ਨੇ ਇਸ ਦੇ ਹੱਕ ਵਿਚ ਵੋਟ ਪਾਈ। ਮਤੇ ਦੇ ਵਿਰੁੱਧ ਵੋਟ ਕਰਨ ਵਾਲੇ ਦੇਸ਼ਾਂ ਵਿਚ ਇਜ਼ਰਾਈਲ ਅਤੇ ਅਮਰੀਕਾ ਸ਼ਾਮਲ ਸਨ। ਚੀਨ, ਫਰਾਂਸ ਅਤੇ ਰੂਸ ਨੇ ਮਤੇ ਦੇ ਹੱਕ ਵਿੱਚ ਵੋਟਿੰਗ ਕੀਤੀ, ਜਦੋਂ ਕਿ ਕੈਨੇਡਾ, ਜਰਮਨੀ, ਜਾਪਾਨ, ਯੂਕਰੇਨ ਅਤੇ ਬ੍ਰਿਟੇਨ ਗੈਰ ਮੌਜੂਦ ਰਹੇ।

## ਅਮਰੀਕਾ ਦੇ ਲੇਵਿਸਟਨ ਸ਼ਹਿਰ ਵਿਚ ਅੰਧਾਧੁੰਦ ਗੋਲੀਬਾਰੀ ਵਿੱਚ 20 ਮੌਤਾਂ ਤੇ 50 ਤੋਂ ਵਧ ਜ਼ਖਮੀ,

### ਹਮਲਾਵਰ ਹੋਇਆ ਫਰਾਰ, ਸ਼ਹਿਰ ਵਿਚ ਸਹਿਮ ਤੇ ਅਫਰਾ ਤਫਰੀ ਦਾ ਮਾਹੌਲ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਮੇਨੇ ਰਾਜ ਦੇ ਲੇਵਿਸਟਨ ਸ਼ਹਿਰ ਵਿਚ ਬੀਤੀ ਰਾਤ ਇਕ ਹਮਲਾਵਰ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ ਵਿੱਚ ਘੱਟੋ ਘੱਟ 20 ਲੋਕਾਂ ਦੇ ਮਾਰੇ ਜਾਣ ਤੇ 50 ਤੋਂ ਵਧ ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਹਾਲਾਂ ਕਿ ਮੌਤਾਂ ਦੀ ਅਸਲ ਗਿਣਤੀ ਬਾਰੇ ਅਜੇ ਕਿਸੇ ਵੀ ਪੁਲਿਸ ਅਧਿਕਾਰੀ ਨੇ ਸਪਸ਼ਟ ਜਾਣਕਾਰੀ ਨਹੀਂ ਦਿੱਤੀ ਹੈ ਪਰੰਤੂ ਮੀਡੀਆ ਤੇ ਹੋਰ ਸੂਤਰਾਂ ਅਨੁਸਾਰ 20 ਲੋਕਾਂ ਦੀ ਮੌਤ ਹੋਈ ਹੈ ਤੇ ਇਹ ਗਿਣਤੀ ਵਧ ਸਕਦੀ ਹੈ। ਇਸ ਘਟਨਾ ਤੋਂ ਬਾਅਦ ਖੇਤਰ ਵਿਚ ਅਫਰਾ ਤਫਰੀ ਤੇ ਸਹਿਮ ਦਾ ਮਹੌਲ ਹੈ। ਇਹ ਜਾਣਕਾਰੀ ਲਾਅ ਇਨਫੋਰਸਮੈਂਟ ਸੂਤਰਾਂ ਨੇ ਦਿੱਤੀ ਹੈ। ਐਂਡਰੋਸਕੋਗਿਨ ਕਾਊਂਟੀ ਸ਼ੈਰਿਫ ਦਫਤਰ ਨੇ ਫੇਸਬੁੱਕ ਉਪਰ ਦਿਤੀ ਜਾਣਕਾਰੀ ਵਿਚ ਕਿਹਾ ਹੈ ਕਿ ਗੋਲੀਬਾਰੀ ਉਪਰੰਤ ਸ਼ੱਕੀ ਹਮਲਾਵਰ ਫਰਾਰ ਹੋ ਗਿਆ ਹੈ ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਸ਼ੈਰਿਫ ਦਫਤਰ ਨੇ ਸ਼ੱਕੀ ਹਮਲਾਵਰ ਦੀਆਂ ਦੋ ਤਸਵੀਰਾਂ ਜਾਰੀ ਕੀਤੀਆਂ ਹਨ ਜਿਨਾਂ ਵਿਚ ਉਹ ਗੋਲੀਆਂ ਚਲਾਉਂਦਾ ਹੋਇਆ ਨਜਰ ਆ ਰਿਹਾ ਹੈ। ਪੁਲਿਸ ਨੇ ਕਿਹਾ ਹੈ ਕਿ ਸ਼ੱਕੀ ਕੋਲ ਉੱਚ ਸ਼ਕਤੀਸ਼ਾਲੀ ਅਸਾਲਟ ਕਿਸਮ ਦੀ ਰਾਈਫਲ ਹੈ। ਉਹ ਖਤਰਨਾਕ ਹੈ ਤੇ ਹੋਰ ਲੋਕਾਂ ਦੀ ਵੀ ਜਾਨ ਲੈ ਸਕਦਾ ਹੈ। ਸਟੇਟ ਪੁਲਿਸ ਨੇ ਲੋਕਾਂ ਨੂੰ ਘਰਾਂ ਵਿਚ ਰਹਿਣ ਤੇ ਸ਼ੱਕੀ ਬਾਰੇ ਕੋਈ ਜਾਣਕਾਰੀ ਮਿਲਣ 'ਤੇ ਫੋਨ ਉਪਰ ਇਤਲਾਹ ਦੇਣ ਲਈ ਕਿਹਾ ਹੈ। ਮੇਨੇ ਦੇ ਜਨਤਿਕ ਸੁਰੱਖਿਆ ਵਿਭਾਗ ਦੇ ਬੁਲਾਰੇ ਸ਼ੈਨੋਨ ਮੌਸ ਨੇ ਲੋਕਾਂ ਨੂੰ ਚੌਕਸ ਕਰਦਿਆਂ ਕਿਹਾ ਹੈ ਕਿ ਉਹ ਸੜਕਾਂ ਉਪਰ ਨਾ ਆਉਣ ਤੇ ਅਧਿਕਾਰੀਆਂ ਨੂੰ ਹਾਲਾਤ ਨਾਲ ਨਜਿੱਠਣ ਲਈ ਕੰਮ ਕਰਨ ਦੇਣ। ਉਨਾਂ ਕਿਹਾ ਹੈ ਕਿ ਅਧਿਕਾਰੀ ਇਸ ਸਮੇ ਦੋ ਥਾਵਾਂ 'ਤੇ ਹੋਈ ਗੋਲੀਬਾਰੀ ਦੀ ਜਾਂਚ ਵਿਚ ਲਗੇ ਹੋਏ ਹਨ। ਇਕ ਹੋਰ ਰਿਪੋਰਟ ਅਨੁਸਾਰ 3 ਥਾਵਾਂ 'ਤੇ ਗੋਲੀਬਾਰੀ ਹੋਈ ਹੈ। ਸਭ ਤੋਂ ਪਹਿਲਾਂ ਸੁਪਰਟਾਈਮ ਰੀਕ੍ਰੀਏਸ਼ਨ ਵਿਚ ਗੋਲੀਬਾਰੀ ਹੋਈ ਉਪਰੰਤ ਹਮਲਾਵਰ ਨੇ ਸਕੀਮੇਨਜੀਸ ਬਾਰ ਐਂਡ ਗਰਿਲ ਰੈਸਟੋਰੈਂਟ ਵਿਚ ਗੋਲੀਬਾਰੀ ਕੀਤੀ। ਇਸ ਦੇ ਕੁਝ ਮਿੰਟਾਂ ਬਾਅਦ ਰਾਤ 8.15 ਵਜੇ ਵਾਲਮਾਰਟ ਡਿਸਟ ?ਰੀਬਿਊਸ਼ਨ ਸੈਂਟਰ ਵਿਚ ਹਮਲਾ ਹੋਇਆ। ਗੋਲੀਬਾਰੀ ਦਾ ਇਹ ਸਿਲਸਿਲਾ ਤਕਰੀਬਨ 7 ਵਜੇ ਸ਼ੁਰੂ ਹੋਇਆ ਜੋ 8.30 ਵਜੇ ਤੱਕ ਜਾਰੀ ਰਿਹਾ। ਲੇਵਿਸਟਨ ਸ਼ਹਿਰ ਪੋਰਟਲੈਂਡ ਦੇ ਉੱਤਰ ਵਿਚ 36 ਮੀਲ ਦੂਰ ਸਥਿੱਤ ਹੈ ਤੇ ਇਹ ਮੇਨੇ ਰਾਜ ਦਾ ਦੂਸਰਾ ਵੱਡਾ ਸ਼ਹਿਰ ਹੈ।

## ਗ੍ਰੀਨ ਕਾਰਡ ਲਈ ਦਹਾਕਿਆਂ ਤੋਂ ਉਡੀਕ ਕਰ ਰਹੇ ਭਾਰਤੀਆਂ ਨੂੰ ਛੇਤੀ ਮਿਲ ਸਕਦੀ ਹੈ ਖੁਸ਼ਖ਼ਬਰੀ




ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਦੇ ਅਧਿਕਾਰਕ ਨਿਵਾਸ ਅਤੇ ਦਫ਼ਤਰ ਵ ?ਹਾਈਟ ਹਾਊਸ ਨੇ ਗ੍ਰੀਨ ਕਾਰਡ ਅਰਜ਼ੀ ਪ੍ਰਕਿਰਿਆ ਦੇ ਸ਼ੁਰੂਆਤੀ ਪੜਾਅ ਵਿਚ ਹੀ ਇਕ ਰੋਜ਼ਗਾਰ ਅਥਾਰਿਟੀ ਦਸਤਾਵੇਜ਼ ਅਤੇ ਹੋਰ ਜ਼ਰੂਰੀ ਯਾਤਰਾ ਦਸਤਾਵੇਜ਼ ਜਾਰੀ ਕੀਤੇ ਜਾਣ ਦਾ ਪ੍ਰਸਤਾਵ ਰੱਖਿਆ ਹੈ। ਜੇਕਰ ਇਸ ਪ੍ਰਸਤਾਵ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਹ ਭਾਰਤੀਆਂ ਸਮੇਤ ਹਜ਼ਾਰਾਂ ਵਿਦੇਸ਼ੀ ਪੇਸ਼ੇਵਰਾਂ ਲਈ ਵੱਡੀ ਰਾਹਤ ਹੋਵੇਗੀ। ਵੱਡੀ ਗਿਣਤੀ ਵਿਚ ਵਿਦੇਸ਼ੀ ਪੇਸ਼ੇਵਰ, ਖਾਸ ਕਰ ਕੇ ਭਾਰਤੀ-ਅਮਰੀਕੀ ਅਜਿਹੇ ਹਨ, ਜਿਨ੍ਹਾਂ ਨੂੰ ਗ੍ਰੀਨ ਕਾਰਡ ਲਈ ਦਹਾਕਿਆਂ ਤੱਕ ਉਡੀਕ ਕਰਨੀ ਪੈਂਦੀ ਹੈ। ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਸਥਾਈ ਨਿਵਾਸੀ ਕਾਰਡ ਵਜੋਂ ਜਾਣਿਆ ਜਾਂਦਾ ਹੈ। ਇਹ ਅਮਰੀਕਾ ਵਿੱਚ ਪ੍ਰਵਾਸੀਆਂ ਨੂੰ ਇਸ ਗੱਲ ਦੇ ਸਬੂਤ ਦੇ ਤੌਰ 'ਤੇ ਜਾਰੀ ਕੀਤਾ ਜਾਣ ਵਾਲਾ ਇੱਕ ਦਸਤਾਵੇਜ਼ ਹੈ ਕਿ ਕਾਰਡਧਾਰਕ ਨੂੰ ਦੇਸ਼ ਵਿੱਚ ਸਥਾਈ ਤੌਰ 'ਤੇ ਰਹਿਣ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ। 'ਵ੍ਹਾਈਟ ਹਾਊਸ ਕਮਿਸ਼ਨ ਫਾਰ ਏਸ਼ੀਅਨ ਅਮਰੀਕਨ, ਨੇਟਿਵ ਹਵਾਈਯਨ ਅਤੇ ਪੈਸਿਫਿਕ ਆਈਲੈਂਡਰ ਅਫੇਅਰਜ਼' (ਏ. ਏ. ਐੱਨ. ਐੱਚ. ਪੀ. ਆਈ.) ਨੇ ਇਸ ਨਾਲ ਸਬੰਧਤ ਸਿਫਾਰਿਸ਼ ਨੂੰ ਵੀਰਵਾਰ ਨੂੰ ਮਨਜ਼ੂਰੀ ਦੇ ਦਿੱਤੀ। ਕਮਿਸ਼ਨ ਦੀ ਇਸ ਹਫ਼ਤੇ ਹੋਈ ਹਾਲ ਹੀ ਦੀ ਬੈਠਕ ਵਿਚ ਇਹ ਪ੍ਰਸਤਾਵ ਪੇਸ਼ ਕਰਨ ਵਾਲੇ ਭਾਰਤੀ-ਅਮਰੀਕੀ ਭਾਈਚਾਰੇ ਦੇ ਨੇਤਾ ਅਜੇ ਜੈਨ ਭੁਟੋਰੀਆ ਨੇ ਕਿਹਾ ਕਿ ਗ੍ਰੀਨ ਕਾਰਡ ਅਰਜ਼ੀ ਪ੍ਰਕਿਰਿਆ ਦੇ ਕਈ ਪੜਾਅ ਹਨ ਅਤੇ ਇਹ ਪ੍ਰਕਿਰਿਆ ਇੰਪਲਾਇਰਾਂ ਵੱਲੋਂ 'ਆਈ-1400' ਅਰਜ਼ੀ ਦਾਖਲ ਕਰਨ ਤੋਂ ਸ਼ੁਰੂ ਹੁੰਦੀ ਹੈ ਅਤੇ ਅਗਲਾ ਮਹੱਤਵਪੂਰਨ ਪੜਾਅ 'ਆਈ-4850' (ਸਥਿਤੀ ਸਮਾਯੋਜਨ ਦੀ ਅਰਜ਼ੀ) ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਇਸੇ ਪੜਾਅ ਵਿਚ ਉਨ੍ਹਾਂ ਨੂੰ ਆਪਣਾ ਰੋਜ਼ਗਾਰ ਅਥਾਰਿਟੀ ਕਾਰਡ (ਈ. ਏ. ਡੀ.) ਅਤੇ ਯਾਤਰਾ ਦਸਤਾਵੇਜ਼ 'ਪੇਸ਼ਗੀ ਪੈਰੋਲ' ਮਿਲਦਾ ਹੈ, ਜੋ ਉਨ੍ਹਾਂ ਨੂੰ ਗ੍ਰੀਨ ਕਾਰਡ ਅਰਜ਼ੀ ਦੀ ਪ੍ਰਕਿਰਿਆ ਪੂਰੀ ਹੋਣ ਤੱਕ ਕਿਸੇ ਵੀ ਇੰਪਲਾਇਰ ਲਈ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਪ੍ਰਸਤਾਵ ਵਿਚ 'ਆਈ-1400' ਪੜਾਅ ਵਿਚ ਹੀ ਈ. ਏ. ਡੀ. ਅਤੇ ਯਾਤਰਾ ਦਸਤਾਵੇਜ਼ ਜਾਰੀ ਕੀਤੇ ਜਾਣ ਦੀ ਸਿਫਾਰਿਸ਼ ਕੀਤੀ ਗਈ ਹੈ। ਜੇਕਰ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੰਦੇ ਹਨ ਤਾਂ ਹਜ਼ਾਰਾਂ ਵਿਦੇਸ਼ੀ ਪੇਸ਼ੇਵਰਾਂ ਲਈ ਇਹ ਵੱਡੀ ਰਾਹਤ ਹੋਵੇਗੀ। ਦਰਅਸਲ, ਵਿਦੇਸ਼ੀ ਪੇਸ਼ੇਵਰਾਂ ਦੀ ਵੱਡੀ ਗਿਣਤੀ ਹੈ, ਖਾਸ ਤੌਰ 'ਤੇ ਭਾਰਤੀ-ਅਮਰੀਕੀ ਅਜਿਹੇ ਹਨ, ਜਿਨ੍ਹਾਂ ਨੂੰ ਗ੍ਰੀਨ ਕਾਰਡ ਲਈ ਦਹਾਕਿਆਂ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ।

## ਅਮਰੀਕਾ ਦੇ ਹੋਸਟਨ ਹਵਾਈ ਅੱਡੇ 'ਤੇ ਦੋ ਨਿੱਜੀ ਜੈੱਟ ਜਹਾਜ਼ ਆਪਸ 'ਚ ਟਕਰਾਏ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

### ਬਿਨਾਂ ਇਜਾਜ਼ਤ ਤੋਂ ਉਡਾਣ ਭਰਨ ਕਾਰਨ ਵਾਪਰਿਆ ਹਾਦਸਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਟੈਕਸਾਸ ਰਾਜ ਵਿਚ ਹੋਸਟਨ ਸ਼ਹਿਰ ਦੇ ਹਵਾਈ ਅੱਡੇ 'ਤੇ ਦੋ ਨਿੱਜੀ ਜੈੱਟ ਜਹਾਜ਼ ਆਪਸ ਵਿਚ ਟਕਰਾਉਣ ਉਪਰੰਤ ਆਰਜੀ ਤੌਰ 'ਤੇ ਸਾਰੀਆਂ ਉਡਾਣਾਂ ਨੂੰ ਰੋਕ ਦਿੱਤਾ ਗਿਆ। ਫੈਡਰਲ ਐਵੀਏਸ਼ਨ ਐਡਮਨਿਸਟ ?ਰੇਸ਼ਨ (ਐਫ ਏ ਏ) ਅਨੁਸਾਰ ਇਹ ਹਾਦਸਾ ਵਿਲੀਅਮ ਪੀ ਹੌਬੀ ਏਅਰ ਪੋਰਟ ਦੀ ਪੱਟੜੀ ਉਪਰ 3.30 ਵਜੇ ਦੁਪਹਿਰ ਬਾਅਦ ਉਸ ਵੇਲੇ ਵਾਪਰਿਆ ਜਦੋਂ ਬਿਨਾਂ



ਹੋਸਟਨ ਦੇ ਹਵਾਈ ਅੱਡੇ ਉਪਰ ਹਾਦਸੇ ਉਪਰੰਤ ਇਕ ਨੁਕਸਾਨੇ ਜਹਾਜ਼ ਦੀ ਕੀਤੀ ਨਾਕਾਬੰਦੀ

ਇਜਾਜ਼ਤ ਦੇ ਇਕ ਦੋ ਇੰਜਨਾਂ ਵਾਲੇ ਜੈੱਟ ਜਹਾਜ਼ ਨੇ ਉਡਾਣ ਭਰੀ ਤੇ ਉਹ ਉਸੇ ਹੀ ਪੱਟੜੀ ਉਪਰ ਉੱਤਰ ਰਹੇ ਇਕ ਹੋਰ ਦੋ ਇੰਜਨਾਂ ਵਾਲੇ ਨਿੱਜੀ ਜੈੱਟ ਜਹਾਜ਼ ਨਾਲ ਟਕਰਾਅ ਗਿਆ। ਜਹਾਜ਼ਾਂ ਨੂੰ ਨੁਕਸਾਨ ਪੁੱਜਾ ਹੈ ਪਰੰਤੂ ਇਸ ਹਾਦਸੇ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਤੇ ਨਾ ਹੀ ਕੋਈ ਜ਼ਖਮੀ ਹੋਇਆ ਹੈ। ਐਫ ਏ ਏ ਅਨੁਸਾਰ ਜਿਸ ਜਹਾਜ਼ ਨੇ ਉਡਾਣ ਭਰੀ ਸੀ ਉਹ ਹਾਕਰ ਐਚ 25 ਬੀ ਇਕ ਕਾਰਪੋਰੇਟ ਏਅਰਕਰਾਫਟ ਮਾਡਲ ਸੀ ਜਦ ਕਿ ਦੂਸਰਾ ਸੇਸਨਾ ਸੀ 510 ਬਿਜ਼ਨਸ ਕਲਾਸ ਜੈੱਟ ਜਹਾਜ਼ ਸੀ। ਹੌਬੀ ਏਅਰ ਪੋਰਟ ਨੇ ਕਿਹਾ ਹੈ ਕਿ ਕੁਝ ਘੰਟਿਆਂ ਲਈ ਹਵਾਈ ਅੱਡੇ ਉਪਰ ਉਡਾਣਾਂ ਨੂੰ ਰੋਕਣਾ ਪਿਆ ਤੇ ਅਮਲੇ ਵੱਲੋਂ ਜਹਾਜ਼ਾਂ ਦਾ ਮਲਬਾ ਸਾਫ ਕਰਨ ਉਪਰੰਤ 7 ਵਜੇ ਸ਼ਾਮ ਨੂੰ ਉਡਾਣਾਂ ਮੁੜ ਸ਼ੁਰੂ ਕਰ ਦਿੱਤੀਆਂ ਗਈਆਂ। ਘਟਨਾ ਦੀ ਐਫ ਏ ਏ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਜਾਂਚ ਕਰ ਰਿਹਾ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

# ਵੱਡੇ ਭਰਾ ਦਾ ਅਸਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕੁਝ ਅਗਾਂਹ ਵਧੇ, ਪਿੰਡ ਦੇ ਬਾਹਰ ਹੀ ਇੱਕ ਟੈਂਕ ਖੜ੍ਹਾ ਸੀ। ਅਸੀਂ ਟੈਂਕ ਨੂੰ ਚਾਰੇ ਪਾਸਿਓਂ ਘੇਰ ਲਿਆ। ਮੈਂਹੱਲ ਉਤੇ ਚੜ੍ਹ ਕੇ ਟੈਂਕ ਦਾ ਢੱਕਣ ਖੋਲ੍ਹਿਆ। ਇਕ ਗ੍ਰਨੇਡ ਮੇਰੇ ਹੱਥ ਵਿਚ ਫੜਿਆ ਹੋਇਆ ਸੀ ਕਿ ਜੇ ਕੋਈ ਟੈਂਕ ਵਿਚ ਬੰਦਾ ਹੋਇਆ ਤਾਂ ਮੈਂਗ੍ਰਨੇਡ ਟੈਂਕ ਵਿਚ ਸੁੱਟ ਕੇ ਢੱਕਣ ਦੇ ਉੱਤੇ ਹੀ ਬੈਠ ਜਾਵਾਂਗਾ। ਪਰ ਟੈਂਕ ਵਿਚ ਕੋਈ ਵੀ ਫੌਜੀ ਨਹੀਂ ਸੀ। ਭੂਰਾ ਕੂਆਂ ਪਿੰਡ ਖਾਲੀ ਪਿਆ ਸੀ। ਪਿੰਡ ਦੇ ਲੋਕ ਪਿੰਡ ਛੱਡ ਕੇ ਚੱਲੇ ਗਏ ਸਨ। ਸਾਨੂੰ ਸਿਰਫ਼ ਕੁਝ ਜਾਨਵਰ ਹੀ ਦਿਖ ਰਹੇ ਸਨ। ਅਸੀਂ ਪਿੱਛੇ ਸੁਨੇਹਾ ਭੇਜਿਆ ਬੜੌਂਦਾ ਬੜੌਂਦਾ ਬੜੌਂਦਾ। ਤਕਰੀਬਨ ਚਾਰ ਕੁ ਵਜੇ ਮੇਜਰ ਕੁਲਵਿੰਦਰ ਸਿੰਘ ਦੇ ਨਾਲ ਸਾਰੀ ਡੈਲਟਾ ਕੰਪਨੀ ਉਥੇ ਪਹੁੰਚ ਗਈ। ਮੋਰਚਿਆਂ ਦੀ ਖੁਦਾਈ ਸ਼ੁਰੂ ਕਰ ਦਿੱਤੀ। ਇਹ ਪਿੰਡ ਚੀਮਾ ਤੋਂ ਖੇਮਕਰਨ ਵਾਲੀ ਸੜਕ ਉਤੇ ਸੀ। ਸੜਕ ਤੋਂ ਪਿੰਡ ਕੋਈ 500-600 ਗਜ ਸੀ। ਅਸੀਂ ਸੜਕ ਤੇ ਪਿੰਡ ਦੇ ਵਿਚਾਲੇ ਆਪਣੀ ਮੋਰਚਾ ਬੰਦੀ ਕਰ ਲਈ। ਜਦ ਅਸੀਂ ਬੰਕਰ ਪੁੱਟ ਰਹੇ ਸੀ ਤਾਂ ਪਿੰਡ ਦੀ ਬਿਲਡਿੰਗ ਉਤੇ ਮੈਨੂੰ ਇਕ ਦੋ ਪਾਕਿਸਤਾਨੀ ਸਿਪਾਹੀ ਦਿੱਸੇ। ਜੋ ਉਪਰਲੀਆਂ ਮੰਜ਼ਿਲਾਂ ਵਿਚ ਫਿਰ ਰਹੇ ਸਨ। ਖੈਰ ਅਸੀਂ ਉਥੇ 19 ਸਤੰਬਤ ਤੱਕ ਰਹੇ।

17 ਸਤੰਬਰ 1965 ਦਾ ਦਿਨ ਮੇਰੇ ਲਈ ਤੇ ਸਾਡੀ ਰੈਜੀਮੈਂਟ ਲਈ ਇਮਤਿਹਾਨ ਦਾ ਦਿਨ ਸੀ। 17 ਤਰੀਕ ਨੂੰ ਸਵੇਰੇ ਹੀ ਮੈਨੂੰ ਮੇਜਰ ਕੁਲਵਿੰਦਰ ਸਿੰਘ ਨੇ ਚਾਰ ਫੌਜੀਆਂ ਸਮੇਤ ਰੈਕੀ ਪੈਟਰੋਲ ਕਰਨ ਲਈ ਕਿਹਾ ਅਤੇ ਪਿੰਡ ਭੂਰਾ ਕੂਆਂ ਪਾਰ ਕਰਕੇ ਪਿੰਡ ਕਰੀਮਪੁਰ ਵੱਲ ਜਾਣ ਦਾ ਹੁਕਮ ਕੀਤਾ। ਉਸ ਇਲਾਕੇ ਵਿਚ ਸਾਨੂੰ ਦੋ ਤਿੰਨ ਦਿਨ ਹੋ ਗਏ ਸਨ। ਸਾਨੂੰ ਉਸ ਇਲਾਕੇ ਦੇ ਆਲੇ ਦੁਆਲੇ ਦਰਖਤਾਂ ਅਤੇ ਇਮਾਰਤਾਂ ਦੀ ਪੂਰੀ ਤਰ੍ਹਾਂ ਵਾਕਫ਼ੀਅਤ ਹੋ ਗਈ ਸੀ। ਮੈਨੂੰ ਹਦਾਇਤਾਂ ਸਨ ਕਿ ਭੂਰਾ ਕੂਆਂ ਤੱਕ ਵੱਧ ਤੋਂ ਵੱਧ ਅੱਗੇ ਜਾ ਕੇ ਦੇਖਣਾ ਹੈ। ਕਰੀਮਪੁਰ ਵਿਚ ਪਾਕਿਸਤਾਨੀ ਫੌਜ ਤੈਨਾਤ ਸੀ। ਲੜਾਈ ਦੇ ਦਿਨਾਂ ਵਿਚ ਫੌਜ ਦੀ ਮੂਵਮੈਂਟ ਬਹੁਤ ਹੌਲੀ ਹੁੰਦੀ ਹੈ ਕਿਉਂਕਿ ਕਮਾਂਡਰ ਬਹੁਤ ਧਿਆਨ ਨਾਲ ਅੱਗੇ ਵੱਧਦਾ ਹੈ। ਕਮਾਂਡਰ ਅਵਾਜ਼ਾਂ ਸੁਣਨ ਦੀ ਕੋਸ਼ਿਸ਼ ਕਰਦਾ ਹੈ, ਆਲੇ ਦੁਆਲੇ ਦੀ ਹਿਲਜੁਲ ਦੇਖਦਾ ਹੈ। ਇਕ-ਇਕਗਜ ਸੋਚ ਕੇ ਤੁਰਦਾ ਹੈ। ਅਸੀਂ ਤਕਰੀਬਨ 10 ਵਜੇ ਪਿੰਡ ਪਾਰ ਕਰਕੇ ਹੌਲੀ-ਹੌਲੀ ਕਰੀਮਪੁਰ ਵੱਲ ਜਾਣ ਲੱਗੇ। ਅਸੀਂ ਹਜ਼ਾਰ ਕੁ ਗਜ ਹੀ ਪਿੰਡ ਤੋਂ ਅੱਗੇ ਗਏ ਸੀ ਕਿਤੋਂ ਪਖਾਨੇ ਦੇ ਗੋਲੇ ਵਰਸਣ ਲੱਗੇ। ਭੂਰਾ ਕੂਆਂ ਪਿੰਡ ਦੇ ਬਾਹਰਵਾਰ ਕੁਝ ਕੱਚੇ ਘਰ ਸਨ। ਇਕ ਗੋਲਾ ਉਸ ਘਰ ਉੱਤੇ ਗਿਰਿਆ। ਉਸ ਵਿਚੋਂ ਚਾਰ ਪਾਕਿਸਤਾਨੀ ਸਿਪਾਹੀ ਨਿਕਲੇ ਅਤੇ ਪਿੰਡ ਦੇ ਉਸ ਪਾਸੇ ਨੂੰ ਤੁਰ ਪਏ, ਜਿਧਰੋਂ ਅਸੀਂ ਆਏ ਸੀ। ਮੈਂ




ਸਿਪਾਹੀਆਂ ਨੂੰ ਪੁਜੀਸ਼ਨ ਲੈਣ ਲਈ ਕਿਹਾ। ਉਨ੍ਹਾਂ ਨੇ ਮੇਰੀ ਇਕ ਗੱਲ ਨਹੀਂ ਸੁਣੀ। ਬੇਵਸ ਹੋ ਕੇ ਮੈਂ ਵੀ ਉਨ੍ਹਾਂ ਦੇ ਪਿੱਛੇ ਚਲਾ ਗਿਆ। ਅਸੀਂ ਪਿੰਡ ਦੇ ਦੂਜੇ ਪਾਸੇ ਚੱਲੇ ਗਏ। ਤਕਰੀਬਨ ਇਕ ਡੇਢ ਵਜੇ ਦਾ ਸਮਾਂ ਹੋ ਗਿਆ। ਇੰਨੇ ਵਿਚ ਮੈਂ ਦੇਖਿਆ ਕਿ ਅਸੀਂ ਤਾਂ ਦੁਸ਼ਮਣ ਨਾਲ ਘਿਰੇ ਹੋਏ ਹਾਂ ਤੇ ਪਾਕਿਸਤਾਨ ਫੌਜ ਨੇ ਸਾਡੀ ਕੰਪਨੀ ਹੈੱਡਕੁਆਰਟਰ ਵਾਲੀ ਪੁਜੀਸ਼ਨ ਤੇ ਹਮਲਾ ਕੀਤਾ ਹੈ। ਕੁਝ ਪਾਕਿਸਤਾਨੀ ਸਿਪਾਹੀਆਂ ਦੀ ਮੈਂ ਪਿੱਠ ਦੇਖੀ। ਉਹ ਪੁਜੀਸ਼ਨ ਲੈ ਰਹੇ ਸਨ ਤੇ ਡਿੱਗ ਰਹੇ ਸਨ। ਇੰਨੇ ਵਿਚ ਮੈਂ ਆਪਣੇ ਜਵਾਨਾਂ ਨੂੰ ਗੰਨੇ ਦੇ ਖੇਤ ਵਿਚ ਪੁਜੀਸ਼ਨ ਲੈਣ ਲਈ ਕਿਹਾ। ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕਰ ਰਿਹਾ ਸੀ ਕਿ ਪਿਤਾ ਜੀ ਤੁਹਾਡਾ ਸਿਪਾਹੀ ਫੱਸ ਗਿਆ ਹੈ ਕਿਰਪਾ ਕਰੋ ਕੱਢ ਲਓ। ਹੌਲਦਾਰ ਭੀਮ ਸੈਨਮੌਰੇ (ਜਿਸ ਨੂੰ ਮੈਂ ਵੀਰ ਚੱਕਰ ਦਵਾਇਆ)। ਕਹਿਣ ਲੱਗਾ ਸਾਹਿਬ ਉਹ ਸਾਹਮਣੇ ਸੜਕ ਹੈ, ਆਪਾਂ ਸੜਕ ਦੁਆਰਾ ਚੀਮਾ ਪਿੰਡ ਪਹੁੰਚ ਜਾਵਾਂਗੇ। ਮੈਂ ਕਿਹਾ, "ਚੱਪੇ ਚੱਪੇ ਤੇ ਫੌਜ ਤੈਨਾਤ ਹੈ ਕਿਸੇ ਨੇ ਸਾਨੂੰ 10 ਗਜ ਵੀ ਨਹੀਂ ਜਾਣ ਦੇਣਾ।" ਤਿੰਨ ਕੁ ਵਜੇ ਮੇਰੇ ਸਿਰ ਵਿਚ ਰੌਸ਼ਨੀ ਜਿਹੀ ਆਈ। ਮੇਰਾ ਮਨ ਸ਼ਕਤੀ ਨਾਲ ਭਰ ਗਿਆ। ਮੈਂ ਕਿਹਾ ਚੱਲੋ ਆਪਾਂ ਆਪਣੀ ਪੁਜੀਸ਼ਨ ਸੰਭਾਲੀਏ।

ਫਾਇਰ ਅਤੇ ਮੂਵ ਦੇ ਅਸੂਲ ਅਨੁਸਾਰ ਇਕ ਬੰਦਾ ਪੁਜੀਸ਼ਨ ਲੈਂਦਾ ਹੈ ਤੇ ਫਾਇਰ ਕਰਨ ਲਈ ਤਿਆਰ ਰਹਿੰਦਾ ਹੈ। ਉਹ ਦੂਸਰੇ ਫੌਜੀ ਨੂੰ ਲੰਘਣ ਦਾ ਇਸ਼ਾਰਾ ਕਰਦਾ ਹੈ। ਫਿਰ ਜਦੋਂ ਦੂਜਾ ਫੌਜੀ ਪੁਜੀਸ਼ਨ ਤੇ ਪਹੁੰਚ ਜਾਂਦਾ ਹੈ ਤਾਂ ਉਹ ਪਹਿਲੇ ਫੌਜੀ ਲਈ ਪੁਜੀਸ਼ਨ ਸੰਭਾਲਦਾ ਹੈ ਅਤੇ ਫਾਇਰ ਕਰਨ ਲਈ ਤਿਆਰ ਹੋ ਜਾਂਦਾ ਹੈ।

ਫਾਇਰ ਐਂਡ ਮੂਵ ਕਰਦੇ ਕਰਦੇ ਅਸੀਂ ਕੰਪਨੀ ਦੀ ਪੁਜੀਸ਼ਨ ਵਿਚ ਪਹੁੰਚੇ। ਉਥੇ ਕਰਨਲ ਬਖਸ਼ੀ ਵੀ ਆਏ ਹੋਏ ਸਨ। ਪੁੱਛਣ ਲੱਗੇ "ਤੁਸੀਂ ਕਿੱਥੇ ਸੀ।" ਅਸੀਂ ਕਿਹਾ ਕਿ ਅਸੀਂ ਦੁਸ਼ਮਣ ਦੇ ਪਿੱਛੇ ਸੀ। ਕਹਿਣ ਲੱਗੇ ਕਿ ਦੁਸ਼ਮਣ ਨੇ ਹਮਲਾ ਕੀਤਾ ਹੈ। ਫਿਰ ਦੁਬਾਰਾ ਕਹਿਣ ਲੱਗੇ ਹਮਲਾ ਹੋਇਆ ਹੈ ਪੁਜੀਸ਼ਨਾਂ ਲੈ ਲਓ। ਦੁਸ਼ਮਣ ਨੇ ਬਹੁਤ ਫਾਇਰ ਕੀਤਾ। ਤੋਂ ਪਖਾਨੇ ਦੇ ਬਹੁਤ ਸਾਰੇ ਗੋਲੇ ਸਾਡੀ ਪੁਜੀਸ਼ਨ ਤੇ ਦਾਗੇ ਗਏ। ਮੇਰੇ ਮੋਰਚੇ ਉਤੇ ਵੀ ਇਕ ਗੋਲਾ ਡਿਗਿਆ। ਮੇਰਾ ਅਰਦਲੀ ਉਥੇ ਹੀ ਸ਼ਹੀਦ ਹੋ ਗਿਆ। ਮੈਂ ਦੇਖਿਆ ਉਹ ਬੋਲ ਕਿਉਂ ਨਹੀਂ ਰਿਹਾ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸ੍ਰੀ ਅਕਾਲ ਤਖਤ ਸਾਹਿਬ**

ਸੇਵ ਕਰੈ ਤੁਮਰੀ ਤਿਨ ਕੋ ਛਿਨ ਮੇ ਧਨ ਲਾਗਤ ਧਾਮ ਭਰੋਸੋ॥
ਯਾ ਕਲਿ ਮੈ ਸਭ ਕਾਲਿ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੋ॥੪੭॥

ਉਪਰੰਤ ਗ੍ਰੰਥ ਦੀ ਸੰਪੂਰਨਤਾ ਦੇ ਬਾਅਦ ਵੀ ਅਕਾਲ ਪੁਰਖ ਨੂੰ ਬੇਨਤੀ ਦੇ ਰੂਪ ਵਿਚ ਇਹ 'ਕਬਯੋ ਬਾਚ ਬੇਨਤੀ॥" ਦੇ ਸਿਰਲੇਖ ਹੇਠ ਉਚਾਰੀ ਹੈ। ਇਸ ਤੋਂ ਉਪਰੰਤ ਦੋ ਬੰਦ ਹੋਰ ਹਨ,

ਕ੍ਰਿਪਾ ਕਰੀ ਹਮ ਪਰ ਜਗਮਾਤਾ॥
ਗ੍ਰੰਥ ਕਰਾ ਪੂਰਨ ਸੁਭ ਰਾਤਾ॥
ਕਿਲਬਿਖ ਸਕਲ ਦੇਹ ਕੋ ਹਰਤਾ॥
ਦੁਸ਼ਟ ਦੋਖਿਯਨ ਕੋ ਛੈ ਕਰਤਾ॥੪੦੨॥
ਸ੍ਰੀ ਅਸਿਧੁਜ ਜਬ ਭਏ ਦਯਾਲਾ॥
ਪੂਰਨ ਕਰਾ ਗ੍ਰੰਥ ਤਤਕਾਲਾ॥
ਮਨ ਬਾਂਛਤ ਫਲ ਪਾਵੈ ਸੋਈ॥
ਦੂਖ ਨ ਤਿਸੈ ਬਿਆਪਤ ਕੋਈ॥੪੦੩॥

ਇਹ ਬੰਦ ਚਰਿਤ੍ਰੋਂ ਪਾਖਿਆਨ ਗ੍ਰੰਥ ਦੀ ਸੰਪੂਰਨਤਾ ਦੇ ਲਖਾਇਕ ਹਨ। ਇਥੇ ਪੂਰੇ ਗ੍ਰੰਥ ਦਾ ਪਾਠ ਨਹੀਂ ਕੀਤਾ ਜਾ ਰਿਹਾ, ਇਸ ਲਈ ਨਿਤਨੇਮ ਵਿਚ ਬੇਨਤੀ ਚੌਪਈ ਸਾਹਿਬ ਦੇ ਪਾਠ ਵਿਚ ਸ਼ਾਮਲ ਨਹੀਂ ਹਨ।

ਸੋਹਿਲ - ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ

ਅੰਮ੍ਰਿਤ ਵੇਲੇ ਅਤੇ ਸੋ ਦਰੁ ਵੇਲੇ ਦੇ ਨਿਤਨੇਮ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

ਨਿਤਨੇਮ ਦੀਆਂ ਇਹ ਦੋ ਅਖ਼ੀਰਲੀਆਂ ਮੱਦਾਂ ਹਨ ਅਤੇ ਆਪਣੇ ਆਪ ਵਿਚ ਸਪਸ਼ਟ ਹਨ। ਇਨ੍ਹਾਂ ਦੀ ਵਿਆਖਿਆ ਨਹੀਂ ਬਲਕਿ ਇਨ੍ਹਾਂ ਦੀ ਪਾਲਣਾ ਜ਼ਰੂਰੀ ਹੈ।


ਨਿਤਨੇਮ ਬਾਰੇ ਇਕ ਵਿਚਾਰ ਜ਼ਰੂਰੀ ਹੈ ਕਿ ਗੁਰੂ ਗ੍ਰੰਥ - ਗੁਰੂ ਪੰਥ ਨੂੰ ਸਮਰਪਿਤ ਕਈ ਸਤਿਕਾਰਤ ਹਸਤੀਆਂ ਅਤੇ ਜਥੇਬੰਦੀਆਂ ਅੰਮ੍ਰਿਤ ਸਮੇਂ ਦੇ ਨਿਤਨੇਮ ਵਿਚ ਪੰਜ ਬਾਣੀਆਂ ਦੇ ਪਾਠ ਦਾ ਪ੍ਰਚਾਰ ਕਰਦੀਆਂ ਹਨ। ਹਾਲਾਂਕਿ ਸਿੱਖ ਰਹਿਤ ਮਰਯਾਦਾ ਵਿਚ ਪੰਜ ਬਾਣੀਆਂ ਦੇ ਨਿਤਨੇਮ ਬਾਰੇ ਅੰਕਤ ਹੈ ਕਿ ਹਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ : ਜਪੁ, ਜਾਪੁ, 10 ਸਵੱਯੇ (ਸ੍ਰਾਵਗ ਸੁਧ ਵਾਲੇ), ਦੋ ਦਰੁ ਰਹਰਾਸਿ ਤੇ ਸੋਹਿਲਾ। ਇਥੇ ਲਫ਼ਜ਼ ਘੱਟ ਤੋਂ ਘੱਟ ਨਾਲ ਕੋਈ ਦੁਬਿਧਾ ਨਹੀਂ ਰਹਿੰਦੀ। ਪਰ ਫਿਰ ਵੀ ਸੰਗਤ ਅਤੇ ਗੁਰੂ ਪੰਥ ਦੇ ਵਧੇਰੇ ਹਿਤ ਦੇ ਮੱਦੇਨਜ਼ਰ ਜੇਕਰ ਇਸ ਮੁੱਦੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਛੱਤਰ ਛਾਇਆ ਹੇਠ ਇਕਸਾਰਤਾ ਹੋ ਸਕੇ ਤਾਂ ਇਹ ਪੰਥ ਦੀ ਬਹੁਤ ਵੱਡੀ ਦੂਰਗਾਮੀ ਸੇਵਾ ਹੋਵੇਗੀ।

ਨਿਤਨੇਮ ਹਰ ਸਿੱਖ ਦਾ ਜ਼ਰੂਰੀ ਅੰਗ ਹੈ। ਇਸ ਲਈ ਸਿੱਖ ਰਹਿਤ ਮਰਯਾਦਾ ਦੀ ਤਿਆਰੀ ਕੀਤੇ ਜਾਣ ਸਮੇਂ ਮਤਿਆਂ ਵਿਚ ਇਹ ਨਹੀਂ ਸੀ ਲਿਖਿਆ ਕਿ ਸਿੱਖ ਨਿਤਨੇਮ ਕਰੇ, ਬਲਕਿ ਇਹ ਅੰਕਤ ਸੀ ਕਿ ਸਿੱਖ ਨਿਤਨੇਮ ਰੋਜ਼ ਕਰੇ। ਇਹ ਸੀ ਗੁਰਮਤਿ ਦੀ ਸੋਚ।

ਇਕ ਵੇਰ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਤਖਤ ਸ੍ਰੀ ਪਟਨਾ ਸਾਹਿਬ ਦੀ ਸਟੇਜ ਤੋਂ ਤਖਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਾਨ ਸਿੰਘ ਜੀ ਬਾਰੇ ਕਿਹਾ ਸੀ - ਕਿਸੇ ਦੀ ਨਿੰਦਾ ਜਾਂ ਉਸਤਤਿ ਕਰਨੀ ਪਾਪ ਹੈ। ਪਰ ਸੱਚ ਨੂੰ ਸੱਚ ਅਤੇ ਗਲਤ ਨੂੰ ਗਲਤ ਕਹਿਣਾ ਸਿੱਖੀ ਹੈ। ਉਨ੍ਹਾਂ ਨੇ ਕਿਹਾ ਕਿ ਸੁਖਮਨੀ ਸਾਹਿਬ ਵਿਚ ਜੋ ਬ੍ਰਹਮ ਗਿਆਨੀ ਦਾ ਵਰਣਨ ਹੈ ਤਖਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਾਨ ਸਿੰਘ ਜੀ ਉਸ 'ਤੇ ਪੂਰੇ ਉਤਰਦੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਪਹਿਰ ਰਾਤ ਰਹਿੰਦਿਆਂ ਆਪਣਾ ਨਿੱਜੀ ਨਿਤਨੇਮ ਕਰਨ ਦੇ ਬਾਅਦ ਤਖਤ ਸਾਹਿਬ 'ਤੇ ਕੇ ਦੁਬਾਰਾ ਤਖਤ ਸਾਹਿਬ ਦੀ ਮਰਯਾਦਾ ਦਾ ਨਿਤਨੇਮ ਕਰਦੇ ਹਨ।

੩. (ੳ) ਅਰਦਾਸ ਇਹ ਹੈ :

ੴ ਵਾਹਿਗੁਰੂ ਜੀ ਕੀ ਫ਼ਤਹ॥




ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈਂ ਹੋਈਂ ਸਹਾਇ। ਅਰਜਨ ਹਰਗੋਬਿੰਦ ਨੋ ਸਿਮਰੌਂ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਂਈ ਹੋਇ ਸਹਾਇ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ! ਸਭ ਥਾਈਂ ਹੋਇ ਸਹਾਇ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ? ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੋ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲਬਾਲੇ,ਬੋਲੋ ਜੀ ਵਾਹਿਗੁਰੂ!

ਸਿੱਖਾਂ ਨੂੰ ਸਿੱਖੀ ਦਾਨ, ਦੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਨਿਸ਼ਨਾਨ, ਚੌਕੀਆਂ ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਦਾ ਜੈਕਾਰਾ, ਬੋਲੋ ਜੀ ਵਾਹਿਗੁਰੂ!

ਸਿੱਖਾਂ ਦਾ ਮਨ ਨੀਵਾਂ, ਮਤ ਉਚੀ, ਮਤ ਦਾ ਰਾਖਾ ਆਪਿ ਵਾਹਿਗੁਰੂ।

ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।

(ਚਲਦਾ)

# ਸਿੱਖਾਂ ਨੇ ਸਨਾਤਨ ਧਰਮ ਦੀ ਰੱਖਿਆ ਲਈ ਬਹੁਤ ਕੁਝ ਕੀਤਾ: ਰਾਜਨਾਥ







ਲਖਨਊ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਨਾਤਨ ਧਰਮ ਦੀ ਰੱਖਿਆ ਲਈ ਸਿੱਖ ਭਾਈਚਾਰੇ ਵੱਲੋਂ ਕੀਤੇ ਕੰਮਾਂ ਦਾ ਹਵਾਲਾ ਦਿੰਦਿਆਂ ਅੱਜ ਇੱਥੇ ਆਖਿਆ ਕਿ ਸਿੱਖਾਂ ਨੇ ਹੀ ਰਾਮ ਜਨਮਭੂਮੀ ਅੰਦੋਲਨ ਸ਼ੁਰੂ ਕੀਤਾ ਸੀ ਅਤੇ ਕੋਈ ਵੀ ਭਾਰਤੀ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਨਹੀਂ ਭੁਲਾ ਸਕਦਾ। ਉਨ੍ਹਾਂ ਨੇ ਇਹ ਪ੍ਰਗਟਾਵਾ ਲਖਨਊ ਦੇ ਆਲਮਬਾਗ ਗੁਰਦੁਆਰਾ ਸਾਹਿਬ 'ਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਕੀਤਾ। ਸਿੰਘ ਨੇ ਕਿਹਾ, "ਸਿੱਖ ਭਾਈਚਾਰੇ ਨੇ ਸਨਾਤਨ ਧਰਮ ਦੀ ਰੱਖਿਆ ਲਈ ਬਹੁਤ ਕੁਝ ਕੀਤਾ ਹੈ। ਰਾਮ ਜਨਮਭੂਮੀ ਲਈ ਵੀ ਕੋਈ ਭਾਰਤੀ ਉਨ੍ਹਾਂ ਦੇ ਯੋਗਦਾਨ ਨੂੰ ਨਹੀਂ ਭੁਲਾ ਸਕਦਾ।" ਉਨ੍ਹਾਂ ਕਿਹਾ, "ਮੈਂ, ਸਰਕਾਰੀ ਰਿਕਾਰਡ ਮੁਤਾਬਕ ਇੱਥੇ ਤੱਥ ਸਾਂਝਾ ਕਰਨਾ ਚਾਹੁੰਦਾ ਹਾਂ। ਇੱਕ ਐੱਫਆਈਆਰ ਮੁਤਾਬਕ ਪਹਿਲੀ ਦਸੰਬਰ 1958 ਨੂੰ ਸਿੱਖਾਂ ਦੇ ਜੱਥੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਨਾਅਰਾ ਲਾਉਂਦਿਆਂ ਉਸ ਕੰਪਲੈਕਸ 'ਤੇ ਕਬਜ਼ਾ ਕਰ ਲਿਆ ਅਤੇ ਕੰਧਾਂ 'ਤੇ ਹਰ ਥਾਂ 'ਰਾਮ ਰਾਮ' ਲਿਖ ਦਿੱਤਾ।" ਉਨ੍ਹਾਂ ਆਖਿਆ, "ਰਾਮ ਜਨਮਭੂਮੀ ਅੰਦੋਲਨ ਸਿੱਖਾਂ ਨੇ ਹੀ ਸ਼ੁਰੂ ਕੀਤਾ ਸੀ।" ਰਾਜਨਾਥ ਨੇ ਕਿਹਾ ਕਿ ਹੁਣ ਹਰ ਕੋਈ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਦਾ ਹੈ ਪਰ ਉਨ੍ਹਾਂ ਦੇ ਫਰਜ਼ਾਂ ਦੀ ਨਹੀਂ। ਰੱਖਿਆ ਮੰਤਰੀ ਨੇ ਕਿਹਾ, "ਜੇਕਰ ਕੋਈ ਭਾਈਚਾਰਾ ਹੈ, ਜਿਸ ਦੀ ਦੇਸ਼ ਲਈ ਜਾਨਾਂ ਵਾਰਨ ਦੀ ਦਰ (ਯੋਗਦਾਨ) ਅਤੇ ਸੈਨਾ ਵਿੱਚ ਮੌਜੂਦਗੀ ਉਨ੍ਹਾਂ ਦੀ ਆਬਾਦੀ ਦੀ ਦਰ ਤੋਂ ਬਹੁਤ ਵੱਧ ਹੈ, ਤਾਂ ਉਹ ਸਿੱਖ ਭਾਈਚਾਰਾ ਹੈ।"

# ਅਮਰੀਕਾ ਦੇ ਇੰਡਿਆਨਾ ਰਾਜ ਵਿਚ ਹੈਲੋਵੀਨ ਦਿਵਸ ਸਮਾਗਮ ਦੌਰਾਨ ਹੋਈ ਗੋਲੀਬਾਰੀ 'ਚ ਇਕ ਔਰਤ ਦੀ ਮੌਤ ਤੇ 9 ਹੋਰ ਜ਼ਖਮੀ



ਇੰਡਿਆਨਾਪੋਲਿਸ ਵਿਚ ਗੋਲੀ ਚੱਲਣ ਦੀ ਘਟਨਾ ਉਪਰੰਤ ਮੌਕੇ 'ਤੇ ਪੁਲਿਸ ਵੱਲੋਂ ਕੀਤੀ ਨਾਕਾਬੰਦੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਇੰਡਿਆਨਾ ਰਾਜ ਦੀ ਰਾਜਧਾਨੀ ਇੰਡਿਆਨਾਪੋਲਿਸ ਵਿਚ ਇਕ ਹੈਲੋਵੀਨ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ ਇਕ ਮੌਤ ਹੋਣ ਤੇ 9 ਹੋਰ ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਗੋਲੀਬਾਰੀ ਦੀ ਇਹ ਘਟਨਾ ਬੀਤੇ ਦਿਨ ਤੜਕਸਾਰ ਵਾਪਰੀ। ਇੰਡਿਆਨਾਪੋਲਿਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਅਫਸਰ ਸੈਮਵਨ ਬੁਰਿਸ ਨੇ ਕਿਹਾ ਹੈ ਕਿ ਅੱਧੀ ਰਾਤ ਤੋਂ ਬਾਅਦ ਇਕ ਵੱਡੀ ਪਾਰਟੀ ਦੌਰਾਨ ਗੋਲੀਆਂ ਚੱਲਣ ਤੇ ਲੋਕਾਂ ਵੱਲੋਂ ਇਧਰ ਉਧਰ ਭੱਜਣ ਦੀ ਸੂਚਨਾ ਮਿਲਣ 'ਤੇ ਪੁਲਿਸ ਪਾਰਟੀ ਮੌਕੇ ਉਪਰ ਪੁੱਜੀ। ਬੁਰਿਸ ਅਨੁਸਾਰ ਇਕ ਔਰਤ ਨੂੰ ਮੌਕੇ ਉਪਰ ਮ੍ਰਿਤਕ ਅਲਾਨ ਦਿੱਤਾ ਗਿਆ ਜਿਸ ਦੀ ਅਜੇ ਪਛਾਣ ਨਹੀਂ ਹੋਈ ਜਦ ਕਿ 9 ਵਿਅਕਤੀਆਂ ਨੂੰ ਖੇਤਰ ਵਿਚਲੇ ਹਸਪਤਾਲਾਂ ਵਿਚ ਲਿਜਾਇਆ ਗਿਆ। ਪੀੜਤਾਂ ਦੀ ਉਮਰ 16 ਤੋਂ 22 ਸਾਲ ਦੇ ਦਰਮਿਆਨ ਹੈ। ਪੁਲਿਸ ਨੇ ਕਿਹਾ ਹੈ ਕਿ ਸਾਰੇ ਜ਼ਖਮੀਆਂ ਦੀ ਹਾਲਤ ਸਥਿੱਰ ਹੈ। ਅਜੇ ਇਹ ਸਪਸ਼ਟ ਨਹੀਂ ਹੈ ਕਿ ਗੋਲੀ ਚੱਲਣ ਦਾ ਕਾਰਨ ਕੀ ਸੀ ਤੇ ਕਿੰਨੇ ਜਣਿਆਂ ਨੇ ਗੋਲੀਆਂ ਚਲਾਈਆਂ। ਬੁਰਿਸ ਨੇ ਕਿਹਾ ਹੈ ਕਿ ਅਨੇਕਾਂ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਤੇ ਜਾਂਚਕਾਰ ਗੋਲੀ ਚੱਲਣ ਦੀ ਘਟਨਾ ਵਿਚ ਸ਼ਾਮਿਲ ਲੋਕਾਂ ਦਾ ਪਤਾ ਲਾਉਣ ਦਾ ਯਤਨ ਕਰ ਰਹੇ ਹਨ। ਉਨਾਂ ਕਿਹਾ ਕਿ ਘਟਨਾ ਸਥਾਨ ਤੋਂ ਕਈ ਹੱਥਿਆਰ ਫੜੇ ਗਏ ਹਨ।

# ਜਥੇਦਾਰ 'ਗਾਨੀ ਵਾਲੇ ਤੋਤੇ' ਕਿਉਂ ਬਣਦੇ ਹਨ ?

ਆਪ ਜੀ ਦੀ ਸੁਯੋਗ ਸੰਪਾਦਨਾਂ ਹੇਠ ਛਪਦੀ ਅਖਬਾਰ ਦੇ ਪਿਛਲੇ ਅੰਕ ਵਿੱਚ ਭਾਈ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਦਾ ਬਿਆਨ ਛਪਿਆ ਹੈ ਜਿਸ ਵਿੱਚ ਉਨ੍ਹਾਂ ਨੇ ਪ੍ਰੋਫੈਸਰ ਬਲਵਿੰਦਰ ਕੌਰ ਵਲੋਂ ਆਤਮ ਹੱਤਿਆ ਕਰ ਜਾਣ 'ਤੇ ਦੁੱਖ ਪ੍ਰਗਟਾਉਂਦਿਆਂ ਆਮ ਸਿਆਸਤਦਾਨਾਂ ਵਾਂਗ ਪੰਜਾਬ ਦੀ ਮਾਨ ਸਰਕਾਰ ਨੂੰ ਕਸੂਰਵਾਰ ਠਹਿਰਾਇਆ ਹੈ ਕਿ ਉਹ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਦੇ ਸਕੀ ਜਿਸ ਕਰਕੇ ਉਪਰੋਕਤ ਬੀਬੀ ਨੇ ਆਪਣੀ ਜਾਨ ਗਵਾਉਣ ਵਰਗਾ ਸਖਤ ਕਦਮ ਚੁੱਕਿਆ। ਇਹ ਗੱਲ ਠੀਕ ਹੈ ਕਿ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣਾ ਸਰਕਾਰਾਂ ਦਾ ਵੀ ਜਿੰਮਾਂ ਹੁੰਦਾ ਹੈ ਪਰ ਆਤਮਹੱਤਿਆ ਕਰ ਗਈ ਪ੍ਰੋਫੈਸਰ ਬਲਵਿੰਦਰ ਕੌਰ ਬਾਰੇ ਇੱਕ ਹੋਰ ਅਹਿਮ ਪੱਖ ਵਿਚਾਰਨਯੋਗ ਇਹ ਹੈ ਕਿ ਇਹ ਬੀਬੀ ਪੜ੍ਹੀ ਲਿਖੀ ਕੇਸਕੀ ਸਜਾਉਣ ਵਾਲੀ ਅੰਮ੍ਰਿਤਧਾਰੀ ਬੇਟੀ ਸੀ ਸੋ ਜਥੇਦਾਰ ਜੀ ਨੂੰ ਇਸ ਅਭਾਗੀ ਧੀ ਬਾਰੇ ਗੱਲ ਕਰਨ ਲੱਗਿਆਂ ਇਹ ਨੁਕਤਾ ਵੀ ਉਭਾਰਨਾਂ ਚਾਹੀਦਾ ਸੀ ਕਿ ਅੱਜ ਅੰਮ੍ਰਿਤਧਾਰੀਆਂ ਵਲੋਂ ਵੀ 'ਆਤਮਘਾਤੀ ਹੈ ਜਗਤ ਕਸਾਈ॥' (ਮਾਝ ਮਹਲਾ ੩, ਅੰਗ ੧੧੮) ਗੁਰਬਾਣੀ ਸੰਦੇਸ਼ ਨੂੰ ਅਣਗੌਲਿਆ ਕਰਨ ਪਿੱਛੇ ਕਸੂਰਵਾਰ ਕੌਣ ਹੈ ? ਉਨ੍ਹਾਂ ਨੇ ਪੰਜਾਬ ਸਰਕਾਰ ਬਾਰੇ ਤਾਂ ਕਹਿ ਦਿੱਤਾ ਕਿ ਉਸ ਨੂੰ ਨੈਤਿਕ ਅਧਾਰ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ ਪਰ ਅੰਮ੍ਰਿਤਧਾਰੀਆਂ ਵਲੋਂ ਵੀ ਗੁਰਮਤਿ ਸਿਧਾਂਤਾਂ ਨੂੰ ਪਿੱਠ ਦੇਣ ਦੇ ਕਸੂਰਵਾਰ ਵਜੋਂ 'ਨੈਤਿਕਤਾ ਦਾ ਪਾਠ' ਕਿਸਨੂੰ ਪੜ੍ਹਾਇਆ ਜਾਵੇ ?



ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ ਐਸ.ਜੀ.ਪੀ.ਸੀ
ਕੈਲੇਫੋਰਨੀਆਂ,ਯੂ.ਐਸ.ਏ
001-408-915-1268

ਇੱਕ ਹੋਰ ਅਹਿਮ ਸਵਾਲ-ਆਮ ਆਦਮੀ ਪਾਰਟੀ ਦੇ ਸ੍ਰੀ ਅੰਮ੍ਰਿਤਸਰ ਤੋਂ ਵਿਧਾਨਕਾਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੰਜਾਬ ਦੀ ਮਾਨ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਬਾਰੇ ਕਥਿਤ 'ਢਿੱਲ-ਮੱਠ ਅਪਣਾਉਣ' ਬਾਰੇ ਜਬਰਦਸਤ ਸਵਾਲ ਕੀਤੇ ਹਨ। ਜਥੇਦਾਰ ਜੀ ਨੇ ਉਪਰੋਕਤ ਪ੍ਰੋਫੈਸਰ ਬੀਬੀ ਬਾਰੇ ਬਿਆਨ ਤਾਂ ਦੇ ਦਿੱਤਾ ਪਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਪਿੱਠ ਨਹੀਂ ਥਾਪੜੀ ਕਿ ਉਹ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਿੰਨਾ ਤੜਫ ਰਹੇ ਹਨ! ਪਤਾ ਨਹੀਂ ਸਾਡੇ ਸਰਬਉੱਚ ਜਥੇਦਾਰ 'ਗਾਨੀ ਵਾਲੇ ਤੋਤੇ' ਕਿਉਂ ਬਣ ਜਾਂਦੇ ਹਨ-

'ਗਾਨੀ ਵਾਲੇ ਤੋਤੇ ਉਹ ਦੁਹਰਾਈ ਜਾਵਣ
ਜੋ ਕੁੱਝ ਬੋਲਣ ਰਾਜ ਭਵਨ ਦੇ ਸੀਲ ਕਬੂਤਰ!'

# ਭਾਰਤੀ ਮੂਲ ਦੇ ਜਗਦੀਪ ਸਿੰਘ ਬਛੇਰ ਯੂਨੀਵਰਸਿਟੀ ਆਫ ਵਾਟਰਲੂ ਦੇ 12ਵੇਂ ਚਾਂਸਲਰ ਨਿਯੁਕਤ

ਓਨਟਾਰੀਓ : ਭਾਰਤੀ ਮੂਲ ਦੇ ਜਗਦੀਪ ਸਿੰਘ ਬਛੇਰ ਕੈਨੇਡਾ ਦੀ ਇਕ ਨਾਮੀਂ ਸੰਸਥਾ ਯੂਨੀਵਰਸਿਟੀ ਆਫ ਵਾਟਰਲੂ ਦੇ 12ਵੇਂ ਚਾਂਸਲਰ ਨਿਯੁਕਤ ਕੀਤੇ ਗਏ ਹਨ। ਯੂਨੀਵਰਸਿਟੀ ਆਫ ਵਾਟਰਲੂ ਕੈਨੇਡਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚੋਂ ਇਕ ਹੈ, ਜਿੱਥੇ ਹਰ ਸਾਲ ਤਕਰੀਬਨ 42,000 ਦੇ ਕਰੀਬ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ। ਵਾਟਰਲੂ ਯੂਨੀਵਰਸਿਟੀ ਐਕਸਪੈਰੀਮੈਂਟਲ ਲਰਨਿੰਗ ਲਈ ਕੈਨੇਡਾ 'ਚ ਪਹਿਲੇ ਨੰਬਰ ਦੀ ਯੂਨੀਵਰਸਿਟੀ ਮੰਨੀ ਜਾਂਦੀ ਹੈ। ਜਗਦੀਪ ਸਿੰਘ ਦੀ ਗੱਲ ਕਰੀਏ ਤਾਂ ਉਨ੍ਹਾਂ ਵੱਲੋਂ ਵਾਟਰਲੂ ਯੂਨੀਵਰਸਿਟੀ ਤੋਂ ਹੀ ਬੈਚਲਰ ਆਫ ਐਪਲਾਈਡ ਸਾਇੰਸ, ਮੈਨੇਜਮੈਂਟ ਸਾਇੰਸ,



ਪੀ.ਐੱਚ.ਡੀ. ਮੈਨੇਜਮੈਂਟ ਸਾਇੰਸ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਜਗਦੀਪ ਸਿੰਘ ਬਛੇਰ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿੱਚ ਮੁੱਖ ਨਿਵੇਸ਼ ਅਧਿਕਾਰੀ ਅਤੇ ਉਪ ਪ੍ਰਧਾਨ ਵੀ ਹਨ, ਜਿੱਥੇ ਉਹ 164 ਬਿਲੀਅਨ ਡਾਲਰ ਦੇ ਨਿਵੇਸ਼ ਪੋਰਟਫੋਲੀਓ ਦੀ ਨਿਗਰਾਨੀ ਕਰਦੇ ਹਨ। ਚਾਂਸਲਰ ਵਜੋਂ ਆਪਣੀ ਨਵੀਂ ਭੂਮਿਕਾ ਵਿੱਚ, ਉਹ ਯੂਨੀਵਰਸਿਟੀ ਦੇ ਮੁਖੀ ਵਜੋਂ ਸੰਸਥਾ ਲਈ ਇੱਕ ਮੁੱਖ ਅੰਬੈਸਡਰ ਹੋਣਗੇ। ਵਾਟਰਲੂ ਦੇ ਵਿਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ, ਵਾਟਰਲੂ ਯੂਨੀਵਰਸਿਟੀ ਦੇ ਮਿਸ਼ਨ ਨੂੰ ਸੂਬਾਈ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਅੱਗੇ ਵਧਾਉਣਗੇ। ਉਹ ਯੂਨੀਵਰਸਿਟੀ ਕਨਵੋਕੇਸ਼ਨ ਸਮਾਰੋਹਾਂ ਦੀ ਪ੍ਰਧਾਨਗੀ, ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਦੇ ਨਜ਼ਰ ਆਉਣਗੇ ਅਤੇ ਭਾਈਚਾਰੇ ਲਈ ਉਹ ਇੱਕ ਪ੍ਰੇਰਨਾ ਸਰੋਤ ਵਜੋਂ ਕੰਮ ਕਰਨਗੇ।



ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




Fresno California

ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

209-481-7750
510-472-0608
PH. : 209-624-3919



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ. ਸਿਦਕਦੀਪ ਸਿੰਘ ਸਨਮਾਨਿਤ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਮਿਸ਼ਨ ਦਿੱਲੀ ਰਾਹੀਂ ਸ. ਸਿਦਕਦੀਪ ਸਿੰਘ ਨੂੰ ਗਿੰਨੀਜ਼ ਬੁੱਕ ਆਫ਼ ਵਰਲਡ 'ਚ ਗੱਭਰੂ (teenager) ਪੁਰਸ਼ ਵਰਗ ਵਿੱਚ ਸਭ ਤੋਂ ਲੰਮੇ ਕੇਸ ਹੋਣ ਦਾ ਰਿਕਾਰਡ ਦਰਜ ਕਰਵਾਉਣ ਕਰਕੇ ਹੌਂਸਲਾ ਅਫਜਾਈ ਵਜੋਂ 51,000 ਰੁਪਏ ਨਾਲ ਸਨਮਾਨਿਆ ਗਿਆ। ਸਿੱਖ ਮਿਸ਼ਨ ਦਿੱਲੀ ਦੇ ਇੰਚਾਰਜ ਸ. ਸੁਰਿੰਦਰਪਾਲ ਸਿੰਘ ਸਮਾਣਾ ਨੇ ਉਨ੍ਹਾਂ ਨੂੰ ਪਰਿਵਾਰ ਦੀ ਹਾਜਰੀ ਵਿੱਚ ਸਨਮਾਨ ਰਾਸ਼ੀ ਦਾ ਚੈੱਕ ਸੌਂਪਿਆ।

# ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਅੰਮ੍ਰਿਤਸਰ : ਕੌਮੀ ਯੋਧੇ ਸ਼ਹੀਦ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਜਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਸਰਵਣ ਕਰਵਾਇਆ। ਸਮਾਗਮ ਮੌਕੇ ਸੰਗਤ ਨਾਲ ਵਿਚਾਰ ਕਰਦਿਆਂ ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ 1984 ਵਿਚ ਸਮੇਂ ਦੀ ਭਾਰਤੀ ਹਕੂਮਤ ਵੱਲੋਂ ਸਿੱਖ ਕੌਮ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਨੂੰ ਸਿੱਖ ਕੌਮ ਕਦੀ ਭੁਲਾ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਮਗਰੋਂ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ



ਕਰਦਿਆਂ ਭਾਈ ਬੇਅੰਤ ਸਿੰਘ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਆਪਣਾ ਫ਼ਰਜ਼ ਨਿਭਾਇਆ। ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦਾ ਸਿੱਖ ਕੌਮ ਅੰਦਰ ਬੇਹੱਦ ਸਤਿਕਾਰ ਹੈ ਅਤੇ ਹਮੇਸ਼ਾ ਰਹੇਗਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਸਕੱਤਰ ਸ. ਪ੍ਰਤਾਪ ਸਿੰਘ ਨੇ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਭੇਟ ਕੀਤੇ। ਇਸ ਮੌਕੇ ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਗੁਰਮੀਤ ਸਿੰਘ ਬੁੱਟਰ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਸੁਖਬੀਰ ਸਿੰਘ, ਮੈਨੇਜਰ ਸ. ਹਰਪ੍ਰੀਤ ਸਿੰਘ, ਸੁਪਰਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਸ. ਮਲਕੀਤ ਸਿੰਘ ਬਹਿੜਵਾਲ, ਸ. ਅਜ਼ਾਦਦੀਪ ਸਿੰਘ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਵਰਿਆਮ ਸਿੰਘ ਅਗਵਾਨ, ਸ. ਬੇਅੰਤ ਸਿੰਘ ਖਿਆਲਾ, ਸ. ਜਸਕਰਨ ਸਿੰਘ ਕਾਹਨਸਿੰਘਵਾਲਾ, ਭਾਈ ਦਲਜੀਤ ਸਿੰਘ ਬਿੱਟੂ, ਪ੍ਰੋ. ਬਲਜਿੰਦਰ ਸਿੰਘ, ਭਾਈ ਪਰਮਜੀਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਰਣਜੀਤ ਸਿੰਘ ਭੋਮਾ, ਭਾਈ ਬਲਵੰਤ ਸਿੰਘ ਗੋਪਾਲਾ ਆਦਿ ਮੌਜੂਦ ਸਨ।

# ਸਿੱਖ ਬਜ਼ੁਰਗ ਕਤਲ ਮਾਮਲਾ: ਮੁਲਜ਼ਮ ਖ਼ਿਲਾਫ਼ ਨਫ਼ਰਤੀ ਅਪਰਾਧ ਦਾ ਕੇਸ ਦਰਜ

ਨਿਊਯਾਰਕ : ਅਮਰੀਕਾ ਦੇ ਨਿਊਯਾਰਕ 'ਚ ਸਿੱਖ ਵਿਅਕਤੀ ਨੂੰ ਕੁੱਟ-ਕੁੱਟ ਕੇ ਮਾਰਨ ਵਾਲੇ ਵਿਅਕਤੀ 'ਤੇ ਹੁਣ ਨਫ਼ਰਤੀ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ। ਦੋਸ਼ੀ ਗਿਲਬਰਟ ਆਗਸਟਿਨ 'ਤੇ ਪੀੜਤ ਜਸਮੇਰ ਸਿੰਘ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਦੋਸ਼ੀ 'ਤੇ ਪਹਿਲਾਂ ਕਤਲ, ਹਮਲਾ ਕਰਨ ਅਤੇ ਬਿਨਾਂ ਲਾਇਸੈਂਸ ਦੇ ਡਰਾਈਵਿੰਗ ਕਰਨ ਦੇ ਦੋਸ਼ ਸਨ ਪਰ ਹੁਣ ਉਸ 'ਤੇ ਨਫਰਤ ਅਪਰਾਧ ਦੇ ਦੋਸ਼ ਵੀ ਸ਼ਾਮਲ ਕੀਤੇ ਗਏ ਹਨ। ਮੁਲਜ਼ਮ ਹਾਲ ਹੀ ਵਿੱਚ ਪਹਿਲੀ ਵਾਰ ਅਦਾਲਤ ਵਿੱਚ ਪੇਸ਼ ਹੋਇਆ ਸੀ। ਉਸ 'ਤੇ 20 ਮਾਮਲਿਆਂ ਵਿਚ ਦੋਸ਼ ਲਗਾਇਆ ਗਿਆ ਸੀ। ਕਵੀਂਸ ਡਿਸਟ੍ਰਿਕਟ ਅਟਾਰਨੀ ਮੇਲਿੰਡਾ ਕਾਰਟਜ਼ ਨੇ ਕਿਹਾ, 'ਇਹ ਦੋ ਵਾਹਨਾਂ ਵਿਚਕਾਰ ਹੋਈ ਟੱਕਰ ਦਾ ਮਾਮਲਾ ਹੈ ਜੋ ਨਫ਼ਰਤ ਭਰੀ ਭਾਸ਼ਾ ਅਤੇ ਬੇਰਹਿਮੀ ਨਾਲ ਹਿੰਸਾ ਵਿੱਚ ਵੱਧ ਗਿਆ।' ਇਹੀ ਨਫ਼ਰਤ ਹੀ ਇਸ ਘਟਨਾ ਦਾ ਕਾਰਨ ਬਣੀ। ਭਾਰਤੀ ਮੂਲ ਦੇ ਸਿੱਖ ਅਤੇ ਆਗਸਟਿਨ ਦੀ ਕਾਰ ਆਪਸ ਵਿੱਚ ਟਕਰਾ ਗਈ। ਹਾਦਸੇ ਕਾਰਨ ਕਾਰਾਂ ਦੇ ਪਰਖੱਚੇ ਉੱਡ ਗਏ। ਇਸ 'ਤੇ ਆਗਸਟੀਨ ਗੁੱਸੇ 'ਚ ਆ ਗਿਆ। ਸਿੰਘ ਨੇ 911 'ਤੇ ਫ਼ੋਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਫ਼ੋਨ ਖੋਹ ਲਿਆ। ਸਿੰਘ ਨੇ ਆਪਣਾ ਫ਼ੋਨ ਲੈਣ ਲਈ ਆਗਸਟਿਨ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਸ 'ਤੇ ਦੋਵਾਂ ਵਿਚਾਲੇ ਬਹਿਸ ਸ਼ੁਰੂ ਹੋ ਗਈ। ਸਿੰਘ ਆਗਸਟਿਨ ਤੋਂ ਆਪਣਾ ਫ਼ੋਨ ਲੈ ਕੇ ਵਾਪਸ ਆਪਣੀ ਕਾਰ 'ਤੇ ਚਲਾ ਗਿਆ। ਇਸ 'ਤੇ ਦੋਸ਼ੀਆਂ ਨੇ ਸਿੱਖ ਦੇ ਸਿਰ ਅਤੇ ਚਿਹਰੇ 'ਤੇ ਤਿੰਨ ਵਾਰ ਕੀਤੇ। ਸਿੰਘ ਜ਼ਮੀਨ 'ਤੇ ਡਿੱਗ ਗਿਆ ਅਤੇ ਉਸ ਦੇ ਸਿਰ 'ਤੇ ਸੱਟ ਲੱਗ ਗਈ। ਬਾਅਦ ਵਿੱਚ ਆਗਸਟਿਨ ਮੌਕੇ ਤੋਂ ਭੱਜ ਗਿਆ। ਸਿੰਘ ਨੂੰ ਗੰਭੀਰ ਹਾਲਤ 'ਚ ਸਥਾਨਕ ਹਸਪਤਾਲ ਲਿਜਾਇਆ ਗਿਆ, ਜਿੱਥੇ ਸਿਰ 'ਤੇ ਸੱਟ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਸ਼ੁੱਕਰਵਾਰ ਨੂੰ ਆਗਸਟਿਨ ਨੂੰ ਕਰੈਸ਼ ਸਾਈਟ ਤੋਂ ਲਗਭਗ ਦੋ ਮੀਲ ਦੀ ਦੂਰੀ 'ਤੇ ਗ੍ਰਿਫ਼ਤਾਰ ਕੀਤਾ।









# ਫਾਊਲਰ ਵਿਖੇ '23ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ' ਲੱਗਿਆ

## ਬਲਬੀਰ ਸਿੰਘ ਰਾਜੇਵਾਲ ਨੇ ਲਵਾਈ ਹਾਜ਼ਰੀ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ / ਨੀਟਾ ਮਾਛੀਕੇ): ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 23 ਵਾਂ ਯਾਦਗਾਰੀ ਮੇਲਾ ਕੈਲੇਫੋਰਨੀਆਂ ਦੇ ਸ਼ਹਿਰ ਫਾਊਲਰ ਵਿਖੇ ਲਾਇਆ ਗਿਆ। ਜਿਸ ਦੀ ਸੁਰੂਆਤ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕੀਤੀ। ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਦੀ ਰਸਮ ਕੀਤੀ ਗਈ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਪਹੁੰਚੇ ਕਿਸਾਨ ਆਗੂ ਸ. ਬਲਬੀਰ ਸਿੰਘ ਰਾਜੇਵਾਲ ਨੇ ਹਾਜ਼ਰੀ ਭਰੀ। ਉਨ੍ਹਾਂ ਬੋਲਦਿਆ ਕਿਸਾਨ ਅੰਦੋਲਨ ਲਈ ਵਿਦੇਸ਼ੀਆਂ ਦੇ ਸਹਿਯੋਗ ਦਾ ਧੰਨਵਾਦ ਕੀਤਾ ਅਤੇ ਸਥਾਨਿਕ ਮੇਲਾ ਕਮੇਟੀ ਨੂੰ ਮੇਲੇ ਨੂੰ ਸਫਲ ਬਣਾਉਣ 'ਤੇ ਵਧਾਈ ਦਿੱਤੀ। ਉਸਤਾਦ ਲਾਲ ਚੰਦ ਯਮਲਾ ਜੱਟ ਕਮੇਟੀ ਵੱਲੋਂ ਰਾਜੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਹੋਰ ਬੁਲਾਰਿਆਂ ਵਿੱਚ ਚਰਨਜੀਤ ਸਿੰਘ ਬਾਠ, ਨਾਜ਼ਰ ਸਿੰਘ ਕੂਨਰ, ਰਾਜਿੰਦਰ ਬਰਾੜ, ਗੁਰਿੰਦਰਜੀਤ ਨੀਟਾ ਮਾਛੀਕੇ ਆਦਿਕ ਨੇ ਵਿਚਾਰਾ ਦੀ ਸਾਂਝ ਪਾਈ।






ਇਸ ਬਾਅਦ ਚਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿੱਚ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਅਤੇ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ, ਉਰਫ ਰਾਜ ਬਰਾੜ ਯਮਲਾ ਨੇ ਆਪਣੀ ਗਾਇਕੀ ਰਾਹੀ ਖੂਬ ਰੰਗ ਬੰਨੇ। ਜਿਸ ਬਾਅਦ ਚੱਲੇ ਖੁੱਲੇ ਅਖਾੜੇ ਵਿੱਚ ਦਿਲਦਾਰ ਬ੍ਰਦਰਜ਼ ਗਰੁੱਪ ਦੇ ਗਾਇਕ ਅਵਤਾਰ ਗਰੇਵਾਲ, ਰਾਣੀ ਗਿੱਲ ਅਤੇ ਕਾਤਾਂ ਸਹੋਤਾ ਨੇ ਲਾਈਆਂ ਰੌਣਕਾਂ। ਹੋਰ ਪ੍ਰਮੁੱਖ ਗਾਇਕਾਂ ਵਿੱਚ ਐਚ. ਐਸ. ਭਜਨ, ਹਰਬੰਸ ਸਿੰਘ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਮਹਿੰਦਰ ਸਿੰਘ ਰਾਜਪੂਤ, ਗੁਰਦੀਪ ਧਾਲੀਵਾਲ, ਜੋਰਾ ਸਿੰਘ, ਹਰਜੀਤ ਸਿੰਘ ਆਦਿਕ ਨੇ ਯਮਲਾ ਜੀ ਦੇ ਅਤੇ ਆਪਣੇ ਗੀਤਾਂ ਰਾਹੀ ਹਾਜ਼ਰੀ ਭਰਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ।

ਜਦ ਕਿ ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖਦੇ ਦੋਗਾਣਾ ਗਾਇਕ ਜੋੜੀਆਂ ਵਿੱਚ ਬੁਲੰਦ ਅਵਾਜ਼ ਦੇ ਮਾਲਕ ਗਾਇਕ ਗੌਗੀ ਸੰਧੂ ਅਤੇ ਗਾਇਕਾਂ ਮੀਮੀ ਗਿਰਨ ਦੀ ਜੋੜੀ ਨੇ ਗਾਉਂਦੇ ਹੋਏ ਵਾਹ-ਵਾਹ ਖੱਟੀ। ਇਸੇ ਤਰ੍ਹਾਂ ਸੁਰੀਲੇ ਗਾਇਕ ਸੁਲਤਾਨ ਅਖਤਰ ਅਤੇ ਗਾਇਕਾਂ ਹਰਜੀਤ ਜੀਤੀ ਦੁਗਾਣਿਆਂ ਰਾਹੀ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ।

ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਕੁਲਵੰਤ ਉੱਭੀ ਧਾਲੀਆਂ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਹਾਜ਼ਰੀਨ ਲਈ ਚਾਹ-ਪਕੌੜੇ ਆਦਿਕ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਨਰਿੰਦਰ ਬੱਗਾ, ਅਮਰੀਕ ਮੀਕਾ ਅਤੇ ਸੰਨੀ ਐਂਡ ਪਾਰਟੀ ਵੱਲੋਂ ਦਿੱਤਾ ਗਿਆ। ਅੰਤ ਰਾਜ ਬਰਾੜ ਯਮਲੇ ਨੇ ਸਭ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿੱਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿਬੜਿਆ।

# ਰਾਮਾਸਵਾਮੀ ਨੇ ਕੀਤਾ ਇਜ਼ਰਾਈਲ ਦਾ ਸਮਰਥਨ, ਕਿਹਾ- ਹਮਾਸ ਕਮਾਂਡਰਾਂ ਦੇ ਸਿਰ ਵੱਢ ਕੇ ਸਰਹੱਦ ਤੇ ਲਟਕਾ ਦਿਓ



ਨਿਊਯਾਰਕ : ਅਮਰੀਕਾ ਦੀ ਰਿਪਬਲਿਕਨ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਬਣਨ ਦੀ ਦੌੜ 'ਚ ਸ਼ਾਮਲ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੇ ਕਿਹਾ ਕਿ ਹਮਾਸ ਨੂੰ ਖ਼ਤਮ ਕਰਨ ਲਈ ਇਜ਼ਰਾਈਲ ਨੂੰ ਆਪਣੀ ਪੂਰੀ ਤਾਕਤ ਵਰਤਣੀ ਚਾਹੀਦੀ ਹੈ। ਰਾਮਾਸਵਾਮੀ ਮੁਤਾਬਕ ਹਮਾਸ ਦੇ 100 ਨੇਤਾਵਾਂ ਦੇ ਸਿਰ ਕਲਮ ਕੀਤੇ ਜਾਣ ਅਤੇ ਉਹਨਾਂ ਨੂੰ ਗਾਜ਼ਾ ਸਰਹੱਦ 'ਤੇ ਫਾਂਸੀ ਦਿੱਤੀ ਜਾਵੇ। ਇਹ ਕਾਰਵਾਈ ਇਸ ਗੱਲ ਦਾ ਪ੍ਰਤੀਕ ਹੋਵੇਗੀ ਕਿ ਇਜ਼ਰਾਈਲ 'ਤੇ 7 ਅਕਤੂਬਰ ਵਰਗਾ ਹਮਲਾ ਦੁਬਾਰਾ ਨਹੀਂ ਹੋਵੇਗਾ। ਇਸ ਦੇ ਇਲਾਵਾ ਇਜ਼ਰਾਈਲ ਨੂੰ ਆਪਣੀ ਸਰਹੱਦੀ ਸੁਰੱਖਿਆ ਮਜ਼ਬੂਤ ??ਕਰਨੀ ਚਾਹੀਦੀ ਹੈ। ਰਾਮਾਸਵਾਮੀ ਬੀਤੇ ਦਿਨੀਂ ਰਿਪਬਲਿਕਨ ਯਹੂਦੀ ਕੁਲੀਸ਼ਨ ਨੂੰ ਨੇਵਾਡਾ ਸੂਬੇ ਦੇ ਸ਼ਹਿਰ ਲਾਸ ਵੇਗਾਸ ਵਿੱਚ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੈਨੂੰ ਪੂਰਾ ਭਰੋਸਾ ਹੈ ਕਿ ਜੇਕਰ ਇਜ਼ਰਾਈਲ ਡਿਫੈਂਸ ਫੋਰਸਿਸ ਨੂੰ ਮੌਕਾ ਮਿਲਦਾ ਹੈ ਤਾਂ ਉਹ ਇਕੱਲੇ ਇਜ਼ਰਾਈਲ ਦੀ ਰੱਖਿਆ ਕਰ ਸਕਦਾ ਹੈ। ਅਤੇ ਮੈਂ ਨਿੱਜੀ ਤੌਰ 'ਤੇ ਇਸ ਆਪਰੇਸ਼ਨ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ। ਇਜ਼ਰਾਈਲ ਨੂੰ ਆਪਣੀ ਰੱਖਿਆ ਕਰਨ ਅਤੇ ਆਪਣੇ ਬਚਾਅ ਲਈ ਲੜਨ ਦਾ ਪੂਰਾ ਅਧਿਕਾਰ ਹੈ।



71 ਸਾਲਾ ਜੋਸਫ ਐਮ ਜ਼ੂਬਾ ਅਦਾਲਤ ਵਿਚ ਪੇਸ਼ੀ ਮੌਕੇ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਇਲੀਨੋਇਸ ਰਾਜ ਦੇ ਪਲੇਨਫੀਲਡ ਟਾਊਨਸ਼ਿੱਪ ਵਿਚ ਦੋ ਹਫਤੇ ਤੋਂ ਵਧ ਸਮਾਂ ਪਹਿਲਾਂ ਇਕ 6 ਸਾਲਾ ਫਲਸਤੀਨੀ ਅਮਰੀਕੀ ਲੜਕੇ ਦੀ ਚਾਕੂ ਨਾਲ ਹੱਤਿਆ ਕਰਨ ਤੇ ਨਫਰਤੀ ਅਪਰਾਧ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ 71 ਸਾਲਾ ਜਿੰਮੀਦਾਰ ਜੋਸਫ ਐਮ ਜ਼ੂਬਾ ਨੇ ਅਦਾਲਤ ਵਿਚ ਪੇਸ਼ੀ ਦੌਰਾਨ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ। ਵਿਲ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ 6 ਸਾਲਾ ਲੜਕੇ ਵਾਡੀਆ ਅਲ-ਫਯੂਮ ਉਪਰ ਚਾਕੂ ਨਾਲ 26 ਵਾਰ ਕੀਤੇ ਗਏ। ਇਸ ਦੌਰਾਨ ਉਸ ਦੀ 32 ਸਾਲਾ ਮਾਂ ਹਨਾਨ ਸ਼ਾਹੀਨ ਵੀ ਜ਼ਖਮੀ ਹੋ ਗਈ ਸੀ ਪਰੰਤੂ ਉਹ ਬਚ ਗਈ ਹੈ। ਹਾਲਾਂ ਕਿ ਲੈਂਡਲਾਰਡ ਜ਼ੂਬਾ ਨੇ ਪੁਲਿਸ ਅਫਸਰਾਂ ਸਾਹਮਣੇ ਕੋਈ ਬਿਆਨ ਨਹੀਂ ਦਿੱਤਾ ਹੈ ਪਰੰਤੂ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਮੱਧ ਪੂਰਬ ਟਕਰਾਅ ਜਿਸ ਵਿਚ ਹਮਾਸ ਤੇ ਇਜਰਾਈਲ ਆਹਮੋ ਸਾਹਮਣੇ ਹਨ, ਕਾਰਨ ਮੁਸਲਮਾਨ ਲੜਕੇ ਨੂੰ ਨਿਸ਼ਾਨਾ ਬਣਾਇਆ ਗਿਆ।

# ਇੰਡੋ ਯੂ.ਐਸ. ਹੈਰੀਟੇਜ ਫਰਿਜਨੋ ਵੱਲੋ ਕਰਵਾਇਆ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮੇਲਾ ਯਾਦਗਾਰੀ ਹੋ ਨਿੱਬੜਿਆ

*ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,*
*ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ*



ਫਰਿਜਨੋ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ) ਪੰਜਾਬੀ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਹੋਣ, ਉਹ ਹਰ ਸਮੇਂ ਪੰਜਾਬ ਨਾਲ ਜੁੜੇ ਰਹਿੰਦੇ ਹਨ। ਇਸੇ ਲੜੀ ਅਤੇ ਸਮਰਪਣ ਤਹਿੱਤ ਗਦਰ ਲਹਿਰ ਦੀ ਸੁਰੂਆਤ 1913 ਵਿੱਚ ਅਮਰੀਕਾ ਤੋਂ ਹੋਈ ਸੀ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਤੋਂ ਭਾਰਤ ਦੀ ਅਜ਼ਾਦੀ ਦੀ ਲਹਿਰ ਵਿੱਚ ਹਿੱਸਾ ਪਾਉਣ ਲਈ ਤਕਰੀਬਨ 8000 ਹਜ਼ਾਰ ਦੇ ਕਰੀਬ ਗ਼ਦਰੀ ਬਾਬੇ ਭਾਰਤ ਪਰਤੇ ਸਨ। ਜਿਨ੍ਹਾਂ ਵਿੱਚੋਂ ਬਹੁਤਾਤ ਪੰਜਾਬੀਆਂ ਦੀ ਸੀ। ਗਦਰ ਦੀ ਗੂੰਜ ਅਖਬਾਰ ਕੈਲੀਫੋਰਨੀਆਂ ਦੀ ਧਰਤੀ ਸਾਨਫਰਾਂਸਸਕੋ ਤੋਂ ਨਿਕਲਦਾ ਰਿਹਾ, ਜਿਸ ਦੀ ਗੂੰਜ ਨੇ ਗੋਰਿਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਇਸੇ ਲਹਿਰ ਨੂੰ ਸਮਰਪਿਤ ਭਾਰਤ ਦੀ ਅਜ਼ਾਦੀ ਵਿੱਚ ਹਿੱਸਾ ਪਾਉਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਹਨਾਂ ਨਾਲ ਸ਼ਹੀਦ ਹੋਣ ਵਾਲੇ ਛੇ ਹੋਰ ਸੂਰਮਿਆਂ ਨੂੰ ਯਾਦ ਕਰਦੇ ਹੋਏ ਸਥਾਨਿਕ "ਇੰਡੋ ਯੂ.ਐਸ. ਹੈਰੀਟੇਜ਼ ਫਰਿਜਨੋ, ਦੇ ਸਮੂੰਹ ਮੈਬਰਾਂ ਦੇ ਸਿਰਤੋੜ ਯਤਨਾਂ ਸਦਕੇ ਲੰਘੇ ਐਤਵਾਰ ਫਰਿਜਨੋ ਦੇ ਪੰਜਾਬੀ ਸੈਂਟਰ ਵਿੱਚ ਗਦਰੀ ਬਾਬਿਆਂ ਦਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਵਾਰ ਇਸ ਮੇਲੇ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਡਾ. ਦਲਜੀਤ ਸਿੰਘ ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਨੇ ਸ਼ਿਰਕਤ ਕੀਤੀ। ਉਹਨਾਂ ਸਭ ਤੋਂ ਪਹਿਲਾ ਸੰਸਥਾ ਦੇ ਸਮੂਹ ਮੈਂਬਰਾਂ ਨਾਲ ਸ਼ਹੀਦਾਂ ਨੂੰ ਨਮਨ ਕਰਦਿਆਂ ਸ਼ਮਾਂ ਰੌਸ਼ਨ ਕੀਤੀ। ਉਹਨਾਂ ਇਸ ਮੌਕੇ ਬੋਲਦਿਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਜੀਵਨ ਤੇ ਵਿਸਥਾਰ ਪੂਰਵਕ ਗੱਲਬਾਤ ਕੀਤੀ।ਇਸ ਮੌਕੇ ਸਰੋਤਿਆਂ ਨੇ ਉਹਨਾਂ ਦੇ ਵਿਚਾਰ ਸਾਹ ਰੋਕਕੇ ਸੁਣੇ ਤੇ ਆਪ ਮੁਹਾਰੇ ਤਾੜੀਆਂ ਮਾਰੀਆਂ । ਉਹਨਾਂ ਬੜੇ ਤਫ਼ਸੀਲ ਨਾਲ ਗਦਰ ਇਤਿਹਾਸ ਬਾਰੇ ਚਾਨਣਾ ਪਾਇਆ। ਉਪਰੰਤ ਡਾ. ਦਲਜੀਤ ਸਿੰਘ ਨੇ ਸੰਸਥਾ ਦਾ ਸੋਵੀਨੀਅਰ ਰਲੀਜ਼ ਕੀਤਾ। ਕਿਰਸਾਨ ਲੀਡਰ ਬਲਵੀਰ ਸਿੰਘ ਰਾਜੇਵਾਲ ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ, ਅਤੇ ਉਹਨਾਂ ਕਿਸਾਨੀ ਸੰਘਰਸ਼ ਅਤੇ ਕਿਸਾਨਾਂ ਦੀਆਂ ਮਜੂਦਾ ਮੰਗਾਂ ਬਾਰੇ ਗੱਲਬਾਤ ਕੀਤੀ। ਸੰਸਥਾ ਦੇ ਕਨਵੀਨਰ ਸ. ਸਾਧੂ ਸਿੰਘ ਸੰਘਾ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਸੰਸਥਾ ਦੇ ਕੰਮਾਂ ਕਾਰਾਂ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ। ਸੈਕਟਰੀ ਹੈਰੀ ਮਾਨ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਗਦਰ ਲਹਿਰ ਬਾਰੇ ਬੇਸਕੀਮਤੀ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਅਤੇ ਗਾਇਕ ਕਮਲਜੀਤ ਬੈਨੀਪਾਲ ਨੇ ਸ਼ਾਨਦਾਰ ਕਵਿੱਸ਼ਰੀ ਗਾਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਗਾਇਕ ਪੱਪੀ ਭਦੌੜ, ਰਾਜ ਬਰਾੜ, ਗੁਰਦੀਪ ਕੁੱਸਾ, ਗੋਗੀ ਸੰਧੂ ਨੇ ਇਨਕਲਾਬੀ ਗੀਤਾਂ ਨਾਲ ਬਹਿਜਾ ਬਹਿਜਾ ਕਰਵਾ ਦਿੱਤੀ। ਹਰਨੇਕ ਸਿੰਘ ਲੋਹਗੜ ਨੇ ਵੀ ਜੋਸ਼ੀਲੇ ਭਾਸ਼ਨ ਨਾਲ ਦਰ ?ਸ਼ਕਾਂ ਨੂੰ ਕੀਲਿਆ। ਸੁਖਵਿੰਦਰ ਸਿੰਘ ਚੀਮਾਂ ਨੇ ਇੱਕ ਕਵਿਤਾ ਨਾਲ ਹਾਜ਼ਰੀ ਭਰੀ। ਉੱਘੇ ਕਾਰੋਬਾਰੀ ਗੁਲਿੰਦਰ ਗਿੱਲ ਨੇ ਖਾਸ ਤੌਰ ਤੇ ਸੈਕਰਾਮੈਂਟੋ ਤੋਂ ਚੱਲਕੇ ਮੇਲੇ ਵਿੱਚ ਪਰਿਵਾਰ ਸਮੇਤ ਸ਼ਿਰਕਤ ਕੀਤੀ।ਸੈਂਟਰਲਵੈਲੀ ਭੰਗੜਾ ਕਲੱਬ ਦੇ ਬੱਚਿਆਂ ਨੇ ਸ਼ਾਨਦਾਰ ਭੰਗੜਾ ਪਾਕੇ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆ। 4.0 ਗ੍ਰੇਡ ਪੁਆਇੰਟ ਵਾਲੇ ਬੱਚਿਆਂ ਨੂੰ ਸੰਸਥਾ ਵੱਲੋਂ ਨਕਦ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਥਲੀਟ ਗੁਰਬਖਸ਼ ਸਿੰਘ ਸਿੱਧੂ, ਸੁਖਨੈਣ ਸਿੰਘ, ਹਰਦੀਪ ਸਿੰਘ ਸੰਘੇੜਾ ਅਤੇ ਕਮਲਜੀਤ ਬੈਨੀਪਾਲ ਨੂੰ ਵੀ ਉਹਨਾਂ ਦੁਆਰਾ ਖੇਡਾ ਵਿੱਚ ਪਾਏ ਯੋਗਦਾਨ ਬਦਲੇ ਸਨਮਾਨਿਤ ਕੀਤਾ ਗਿਆ। ਇਸ ਮੇਲੇ ਵਿੱਚ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਨੇ ਵੀ ਸਰੋਤਿਆਂ ਦਾ ਧਿਆਨ ਖਿੱਚਿਆ। ਇਸ ਮੌਕੇ ਇੰਡੋ ਅਮੈਰਕਿਨ ਹੈਰੀਟੇਜ, ਵਿਰਸਾ ਫਾਊਡੇਸ਼ਨ,ਪੀਸੀਏ ਤੋ ਬਿਨਾਂ ਸਾਰੀਆਂ ਹੀ ਭਰਾਤਰੀ ਜਥੇਬੰਦੀਆਂ ਮਜੂਦ ਰਹੀਆ। ਚਾਹ ਪਕੌੜਿਆਂ ਦੀ ਸੇਵਾ ਵਰਿੰਦਰ ਸਿੰਘ ਵੱਲੋ ਕੀਤੀ ਗਈ। ਇਸ ਮੌਕੇ ਇਲਾਕੇ ਦੀਆਂ ਸਿਰਕੱਢ ਸਖਸ਼ੀਅਤਾ ਹਾਜ਼ਰ ਰਹੀਆਂ। ਸਟੇਜ ਸੰਚਾਨਲ ਨੀਟਾ ਮਾਛੀਕੇ ਨੇ ਕੀਤਾ। ਅੰਤ ਵਿੱਚ ਪ੍ਰਬੰਧਕਾਂ ਨੇ ਪੰਜਾਬੀ ਰੇਡੀਓ ਯੂਐਸਏ ਅਤੇ ਸਮੂਹ ਮੀਡੀਏ ਦਾ ਸਹਿਯੋਗ ਲਈ ਧੰਨਵਾਦ ਕੀਤਾ। ਪੰਜਾਬੀ ਰੇਡੀਓ ਯੂਐਸਏ ਦੀ ਟੀਮ ਦਾ ਮੇਲੇ ਲਈ ਖਾਸ ਸਹਿਯੋਗ ਰਿਹਾ, ਉਹ ਮੇਲੇ ਦੀ ਵੀਡੀਓ ਰਿਕਾਰਡਿੰਗ ਵੀ ਕੀਤੀ, ਪ੍ਰਬੰਧਕਾਂ ਨੇ ਉਹਨਾਂ ਦੇ ਉਪਰਾਲੇ ਲਈ ਉਹਨਾਂ ਦਿਲੋਂ ਸ਼ੁਕਰੀਆ ਅਦਾ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਮੇਲਾ ਪ੍ਰਬੰਧਕ ਵੀਰਾਂ ਦੀ ਮਿਹਨਤ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਯਾਦਗਾਰੀ ਹੋ ਨਿਬੜਿਆ।

# ਜਦੋਂ ਮੇਰੇ ਖਿਲਾਫ਼ ਕੁਝ ਵੀ ਹੱਥ ਨਾ ਲੱਗਾ ਤਾਂ ਵਿਰੋਧੀ ਪਾਰਟੀਆਂ ਬਹਿਸ ਤੋਂ ਭੱਜ ਗਈਆਂ: ਭਗਵੰਤ ਮਾਨ

- ਖੁੱਲ੍ਹੀ ਬਹਿਸ 'ਚ ਇਕੱਲੇ ਭਗਵੰਤ ਮਾਨ ! ਖਾਲੀ ਕੁਰਸੀਆਂ ਵੱਲ ਹੱਥ ਕਰ-ਕਰ ਖੋਲ੍ਹੇ ਭੇਤ
- ਐਸਵਾਈਐਲ ਲਈ ਸਭ ਤੋਂ ਵੱਧ ਜ਼ਿੰਮੇਵਾਰ ਸਨ ਪ੍ਰਕਾਸ਼ ਸਿੰਘ ਬਾਦਲ : ਮੁੱਖ ਮੰਤਰੀ






ਲੁਧਿਆਣਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ 'ਮੈਂ ਪੰਜਾਬ ਬੋਲਦਾਂ ਹਾਂ' ਬਹਿਸ ਸੂਬੇ ਨੂੰ ਦਰਪੇਸ਼ ਸੰਜੀਦਾ ਮਸਲਿਆਂ ਉਤੇ ਚਰਚਾ ਕਰਨ ਲਈ ਰੱਖੀ ਗਈ ਸੀ ਪਰ ਵਿਰੋਧੀ ਪਾਰਟੀਆਂ ਦੇ ਹੱਥ ਉਨ੍ਹਾਂ ਅਤੇ ਸੂਬਾ ਸਰਕਾਰ ਦੇ ਖਿਲਾਫ ਬੋਲਣ ਲਈ ਕੁਝ ਵੀ ਨਾ ਹੋਣ ਕਰਕੇ ਇਹ ਪਾਰਟੀਆਂ ਬਹਿਸ ਕਰਨ ਤੋਂ ਭੱਜ ਗਈਆਂ।

'ਮੈਂ ਪੰਜਾਬ ਬੋਲਦਾ ਹਾਂ' ਬਹਿਸ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਇਹ ਲੀਡਰ ਬੀਤੇ 25 ਦਿਨ ਤੋਂ ਮੇਰੇ ਤੇ ਮੇਰੀ ਸਰਕਾਰ ਦੇ ਖਿਲਾਫ਼ ਇਕ ਵੀ ਕਮੀ ਨਹੀਂ ਲੱਭ ਸਕੇ, ਜਿਸ ਕਰਕੇ ਪੰਜਾਬ ਨਾਲ ਜੁੜੇ ਮਸਲਿਆਂ ਉਤੇ ਮੇਰਾ ਸਾਹਮਣਾ ਕਰਨ ਦੀ ਜੁਅੱਰਤ ਨਾ ਸਕੇ।

ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, "ਜੇਕਰ ਇਨ੍ਹਾਂ ਲੀਡਰਾਂ ਨੂੰ ਲੋਕਾਂ ਨੇ ਹਰਾ ਕੇ ਘਰ ਬਿਠਾ ਦਿੱਤਾ ਤਾਂ ਇਹਦਾ ਇਹ ਮਤਲਬ ਨਹੀਂ ਕਿ ਪੰਜਾਬ ਨਾਲ ਕਮਾਏ ਧ੍ਰੋਹ ਲਈ ਇਹ ਲੀਡਰ ਦੁੱਧ ਧੋਤੇ ਸਾਬਤ ਹੋ ਗਏ।"ਉਨ੍ਹਾਂ ਕਿਹਾ ਕਿ ਜਦੋਂ ਵੀ ਇਹ ਸਿਆਸੀ ਆਗੂ ਲੋਕਾਂ ਕੋਲ ਆਉਣ ਤਾਂ ਇਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਪੰਜਾਬ ਦੇ ਮਸਲਿਆਂ ਉਤੇ ਹੋਈ ਬਹਿਸ ਤੋਂ ਤੁਸੀਂ ਕਿਉਂ ਭੱਜ ਗਏ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਇਨ੍ਹਾਂ ਸਿਆਸਤਦਾਨਾਂ ਨੇ ਬਹੁਤ ਲੰਮਾ ਸਮਾਂ ਸੱਤਾ ਦਾ ਸੁਖ ਮਾਣਿਆ ਹੈ ਜਿਸ ਕਰਕੇ ਪੰਜਾਬ ਦੇ ਲੋਕਾਂ ਨੂੰ ਇਹ ਹਰ ਮੁੱਦੇ ਉਤੇ ਜਵਾਬਦੇਹ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਲੀਡਰਾਂ ਨੂੰ ਬਹਿਸ ਲਈ ਸੱਦਾ ਦਿੱਤਾ ਗਿਆ ਸੀ ਤਾਂ ਕਿ ਹਰੇਕ ਆਗੂ ਇਸ ਮੰਚ ਉਤੇ ਆ ਕੇ ਆਪਣਾ ਪੱਖ ਪੇਸ਼ ਕਰ ਸਕੇ। ਉਨ੍ਹਾਂ ਕਿਹਾ ਕਿ ਇਸ ਮੰਚ ਉਤੇ ਆਉਣ ਦੀ ਬਜਾਏ ਇਨ੍ਹਾਂ ਸਿਆਸੀ ਆਗੂਆਂ ਨੇ ਬਹਾਨੇਬਾਜ਼ੀ ਘੜ ਕੇ ਬਹਿਸ ਤੋਂ ਭੱਜਣ ਨੂੰ ਤਰਜੀਹ ਦਿੱਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇਨ੍ਹਾਂ ਆਗੂਆਂ ਨੂੰ ਭੱਜਣ ਨਹੀਂ ਦੇਣਗੇ ਅਤੇ ਸੂਬੇ ਨਾਲ ਧ੍ਰੋਹ ਕਮਾਉਣ ਵਾਲਿਆਂ ਦੇ ਚਿਹਰੇ ਬੇਨਕਾਬ ਕਰਕੇ ਛੱਡਣਗੇ।

ਮੁੱਖ ਮੰਤਰੀ ਨੇ ਸੂਬੇ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਨੌਟੰਕੀਆਂ ਕਰਨ ਲਈ ਇਨ੍ਹਾਂ ਆਗੂਆਂ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਾਰਾ ਜੱਗ ਜਾਣਦਾ ਹੈ ਕਿ ਇਨ੍ਹਾਂ ਆਗੂਆਂ ਦੇ ਪੁਰਖਿਆਂ ਨੇ ਐਸ.ਵਾਈ.ਐਲ. ਦੀ ਉਸਾਰੀ ਦੇ ਇਸ ਨਾ-ਮੁਆਫ਼ੀਯੋਗ ਅਪਰਾਧ ਨੂੰ ਅੰਜਾਮ ਦੇ ਕੇ ਪੰਜਾਬ ਅਤੇ ਇਸਦੀ ਨੌਜਵਾਨ ਪੀੜ੍ਹੀ ਦੇ ਰਾਹ ਵਿੱਚ ਕੰਡੇ ਬੀਜੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਸੁਆਰਥੀ ਸਿਆਸੀ ਆਗੂਆਂ ਨੇ ਆਪਣੇ ਸੌੜੇ ਮੁਫਾਦਾਂ ਲਈ ਇਸ ਨਹਿਰ ਦੀ ਉਸਾਰੀ ਲਈ ਸਹਿਮਤੀ, ਵਿਉਂਤਬੰਦੀ ਅਤੇ ਲਾਗੂ ਕੀਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਸਾਬਕਾ ਕੇਂਦਰੀ ਮੰਤਰੀ ਬਲਰਾਮ ਜਾਖੜ (ਸੁਨੀਲ ਜਾਖੜ ਦੇ ਪਿਤਾ) ਨੇ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਕਪੂਰੀ ਵਿਖੇ ਐਸ.ਵਾਈ.ਐਲ. ਦਾ ਨੀਂਹ ਪੱਥਰ ਰੱਖਣ ਦੀ ਰਸਮ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਅਦਾ ਕੀਤੀ ਸੀ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਇਸ ਨਹਿਰ ਦੇ ਸਰਵੇ ਦੀ ਇਜਾਜ਼ਤ ਦੇਣ ਲਈ ਪੰਜਾਬ ਦੇ ਆਪਣੇ ਹਮਰੁਤਬਾ ਪ੍ਰਕਾਸ਼ ਸਿੰਘ ਬਾਦਲ ਦੀ ਸ਼ਲਾਘਾ ਕੀਤੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੀਡਰ ਸੂਬੇ ਵਿਰੁੱਧ ਕੀਤੇ ਇਸ ਗੁਨਾਹ ਲਈ ਜ਼ਿੰਮੇਵਾਰ ਹਨ ਅਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਨ ਵਾਲਿਆਂ ਨੂੰ ਇਤਿਹਾਸ ਕਦੇ ਮੁਆਫ਼ ਨਹੀਂ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਬਹਿਸ ਦਾ ਵਿਸ਼ਾ ਪੰਜਾਬ ਨੂੰ ਹੁਣ ਤੱਕ ਕੀਹਨੇ ਤੇ ਕਿਵੇਂ ਲੁੱਟਿਆ, ਇਸ ਆਧਾਰ 'ਤੇ ਕੇਂਦਰਿਤ ਸੀ। ਇਸ ਵਿੱਚ ਕੁਨਬਾਪ੍ਰਸਤੀ (ਭਾਈ-ਭਤੀਜਵਾਦ, ਜੀਜਾ-ਸਾਲਾ), ਪੱਖਪਾਤ, ਟੋਲ ਪਲਾਜ਼ੇ, ਯੂਥ, ਖੇਤਾਬਾੜੀ, ਵਪਾਰੀ, ਦੁਕਾਨਦਾਰ, ਬੇਅਦਬੀ, ਦਰਿਆਈ ਪਾਣੀ ਅਤੇ ਹੋਰ ਮਸਲੇ ਸਬੰਧਤ ਸਨ।

ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੇ ਨੇਤਾਵਾਂ ਨੇ ਹਰੇਕ ਮੁੱਦੇ ਉਤੇ ਪੰਜਾਬ ਨਾਲ ਗੱਦਾਰੀ ਕੀਤੀ ਜਿਸ ਕਰਕੇ ਸੂਬੇ ਦੇ ਲੋਕਾਂ ਪ੍ਰਤੀ ਇਨ੍ਹਾਂ ਦੀ ਜੁਆਬਦੇਹੀ ਬਣਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਨੇਤਾਵਾਂ ਦੇ ਹੱਥ ਪੰਜਾਬ ਨਾਲ ਕੀਤੇ ਗੁਨਾਹਾਂ ਨਾਲ ਰੰਗੇ ਹੋਏ ਹਨ ਅਤੇ ਸੂਬੇ ਦੀ ਪਿੱਠ ਵਿੱਚ ਛੁਰਾ ਮਾਰਨ ਵਾਲਿਆਂ ਨੂੰ ਇਤਿਹਾਸ ਕਦੇ ਵੀ ਮੁਆਫ਼ ਨਹੀਂ ਕਰੇਗਾ।

## ਸਿੱਖ ਨਸਲਕੁਸ਼ੀ : ਸੱਜਣ ਕੁਮਾਰ ਅਦਾਲਤ 'ਚ ਪੇਸ਼, ਦੋਸ਼ਾਂ ਤੋਂ ਕੀਤਾ ਇਨਕਾਰ

### *ਅਦਾਲਤ 'ਚ 30 ਨਵੰਬਰ ਨੂੰ ਹੋਵੇਗੀ ਅੰਤਿਮ ਬਹਿਸ*



ਨਵੀਂ ਦਿੱਲੀ : 1984 ਦੇ ਸਿੱਖ ਕਤਲੇਆਮ ਦੌਰਾਨ ਸਰਸਵਤੀ ਵਿਹਾਰ ਇਲਾਕੇ 'ਚ ਪਿਤਾ-ਪੁੱਤਰ ਦੇ ਕਥਿਤ ਕਤਲ ਮਾਮਲੇ 'ਚ ਰੋਜ਼ ਐਵੇਨਿਊ ਅਦਾਲਤ ਨੇ ਬੁੱਧਵਾਰ ਨੂੰ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੇ ਬਿਆਨ ਦਰਜ ਕੀਤੇ। ਅਦਾਲਤ ਨੇ 30 ਨਵੰਬਰ 2023 ਨੂੰ ਅੰਤਿਮ ਬਹਿਸ ਸੁਣਾਈ ਹੈ। ਇਹ ਮਾਮਲਾ ਰਾਜ ਨਗਰ ਇਲਾਕੇ 'ਚ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਹੈ। ਇਸ ਸਬੰਧੀ ਪਹਿਲਾਂ ਥਾਣਾ ਪੰਜਾਬੀ ਬਾਗ ਵਿਖੇ ਕੇਸ ਦਰਜ ਕੀਤਾ ਗਿਆ ਸੀ।

ਅਦਾਲਤ ਨੇ ਆਈ.ਪੀ.ਸੀ. 147 (ਦੰਗੇ ਕਰਨ ਲਈ ਸਜ਼ਾ), 148 (ਦੰਗੇ, ਮਾਰੂ ਹਥਿਆਰਾਂ ਨਾਲ ਲੈਸ), 149 (ਗ਼ੈਰਕਾਨੂੰਨੀ ਇਕੱਠ ਦੇ ਸਾਂਝੇ ਉਦੇਸ਼ ਦੇ ਲਈ ਇਸ ਦੇ ਕਿਸੇ ਵੀ ਮੈਂਬਰ ਵਲੋਂ ਕੀਤਾ ਅਪਰਾਧ), 153 (ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਉਤਸ਼ਾਹਿਤ ਕਰਨਾ), 295 (ਕਿਸੇ ਵੀ ਵਰਗ ਦੇ ਧਰਮ ਦਾ ਅਪਮਾਨ ਕਰਨ ਦੇ ਇਰਾਦੇ ਨਾਲ ਪੂਜਾ ਸਥਾਨ ਨੂੰ ਨੁਕਸਾਨ ਪਹੁੰਚਾਉਣਾ ਜਾਂ ਅਪਵਿੱਤਰ ਕਰਨਾ), 307 (ਕਤਲ ਦੀ ਕੋਸ਼ਿਸ਼), 308 (ਦੋਸ਼ੀ ਕਤਲ ਕਰਨ ਦੀ ਕੋਸ਼ਿਸ਼), 323 (ਸੱਟ ਪਹੁੰਚਾਉਣ ਲਈ ਸਜ਼ਾ), 395 (ਡਕੈਤੀ ਲਈ ਸਜ਼ਾ) ਅਤੇ 426 (ਸ਼ਰਾਰਤਾਂ ਲਈ ਸਜ਼ਾ) ਆਦਿ ਦੇ ਤਹਿਤ ਦੋਸ਼ ਆਇਦ ਕੀਤੇ ਗਏ ਸਨ।

ਬਾਅਦ 'ਚ ਇਸ ਮਾਮਲੇ ਦੀ ਜਾਂਚ ਜਸਟਿਸ ਜੀ.ਪੀ. ਮਾਥੁਰ ਦੀ ਕਮੇਟੀ ਦੀ ਸਿਫ਼ਾਰਸ਼ 'ਤੇ ਗਠਿਤ ਵਿਸ਼ੇਸ਼ ਜਾਂਚ ਟੀਮ ਵਲੋਂ ਕੀਤੀ ਗਈ ਸੀ ਅਤੇ ਇਕ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਹਾਲਾਂਕਿ, ਅਦਾਲਤ ਨੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 302 (ਹੱਤਿਆ ਲਈ ਸਜ਼ਾ) ਅਤੇ 325 (ਸਵੈ-ਇੱਛਾ ਨਾਲ ਗੰਭੀਰ ਸੱਟ ਪਹੁੰਚਾਉਣ ਲਈ ਸਜ਼ਾ) ਦੇ ਅਧੀਨ ਅਪਰਾਧਾਂ ਲਈ ਸੱਜਣ ਕੁਮਾਰ ਨੂੰ ਡਿਸਚਾਰਜ ਕਰਨ ਦਾ ਹੁਕਮ ਦਿੱਤਾ ਹੈ। ਵਿਸ਼ੇਸ਼ ਜੱਜ ਐਮ.ਕੇ. ਨਾਗਪਾਲ ਨੇ ਸੱਜਣ ਕੁਮਾਰ ਦੇ ਬਿਆਨ ਦਰਜ ਕਰ ਕੇ ਮਾਮਲੇ ਨੂੰ ਅੰਤਿਮ ਬਹਿਸ ਲਈ ਸੂਚੀਬੱਧ ਕੀਤਾ। ਸੱਜਣ ਕੁਮਾਰ ਵਲੋਂ ਐਡਵੋਕੇਟ ਅਨਿਲ ਕੁਮਾਰ ਸ਼ਰਮਾ, ਐੱਸ.ਏ. ਹਾਸ਼ਮੀ ਪੇਸ਼ ਹੋਏ ਅਤੇ ਮੁਲਜ਼ਮ ਦੇ ਬਿਆਨ ਦਰਜ ਕੀਤੇ। ਐਸ.ਆਈ.ਟੀ. ਨੇ ਦੋਸ਼ ਲਾਇਆ ਹੈ ਕਿ ਮੁਲਜ਼ਮ ਉਕਤ ਭੀੜ ਦੀ ਅਗਵਾਈ ਕਰ ਰਿਹਾ ਸੀ ਅਤੇ ਉਸ ਦੇ ਭੜਕਾਉਣ ਅਤੇ ਉਕਸਾਉਣ 'ਤੇ ਭੀੜ ਨੇ ਪਿਉ-ਪੁੱਤਰ ਦੀ ਜੋੜੀ ਨੂੰ ਜ਼ਿੰਦਾ ਸਾੜ ਦਿਤਾ ਅਤੇ ਉਨ੍ਹਾਂ ਦੇ ਘਰੇਲੂ ਸਮਾਨ ਅਤੇ ਹੋਰ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ, ਨਸ਼ਟ ਕੀਤਾ ਅਤੇ ਲੁੱਟਿਆ, ਉਨ੍ਹਾਂ ਦੇ ਘਰ ਨੂੰ ਸਾੜ ਦਿਤਾ ਅਤੇ ਗੰਭੀਰ ਸੱਟਾਂ ਵੀ ਮਾਰੀਆਂ। ਉਨ੍ਹਾਂ ਦੇ ਘਰ 'ਚ ਰਹਿੰਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਸੱਟਾਂ ਲੱਗੀਆਂ। ਬਿਆਨ ਦਰਜ ਕਰਵਾਉਣ ਦੌਰਾਨ ਮੁਲਜ਼ਮ ਨੇ ਅਪਣੇ 'ਤੇ ਲੱਗੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ।

## ਪੰਜਾਬੀ ਸੂਬੇ ਦਾ ਅਭਾਗਾ ਦਿਨ ਇਕ ਨਵੰਬਰ 1966

### *57 ਸਾਲ ਪਹਿਲਾਂ ਪੰਜਾਬੀਆਂ ਤੇ ਸਿੱਖਾਂ ਦੇ ਭਾਗ ਸੌਂ ਗਏ ਸੀ*



ਅੱਜ ਦੇ ਦਿਨ 1 ਨਵੰਬਰ 1966 ਨੂੰ ਪੰਜਾਬੀਆਂ ਤੇ ਖ਼ਾਸ ਕਰ ਕੇ ਸਿੱਖਾਂ ਦੇ ਭਾਗ ਸੌਂ ਗਏ ਸਨ ਜਦ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਦੀ ਦੇਖ-ਰੇਖ ਹੇਠ, ਲੰਗੜਾ ਪੰਜਾਬੀ ਸੂਬਾ ਹੋਂਦ ਵਿਚ ਆਇਆ ਸੀ। ਇਸ ਦਿਨ ਹਿੰਦ-ਪਾਕਿ ਵੰਡ ਬਾਅਦ ਪੰਜਾਬ ਦੀ ਦੂਸਰੀ ਵੰਡ ਹੋਈ ਸੀ। ਇਸ ਅਭਾਗੇ ਦਿਨ ਲੰਗੜਾ ਪੰਜਾਬੀ ਸੂਬਾ ਬਣਿਆ ਸੀ ਤੇ ਨਵੇਂ ਸੂਬੇ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਹੋਂਦ ਵਿਚ ਆਇਆ ਸੀ।

ਉਸ ਵੇਲੇ ਪੰਜਾਬ ਦੇ ਵਿਸ਼ੇਸ਼ ਫ਼ਿਰਕੇ ਨੇ ਪੰਜਾਬੀ ਸੂਬਾ ਨਾ ਬਣਨ ਦੇਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਸੀ ਤੇ ਅਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਈ ਸੀ। ਇਸ ਫ਼ਿਰਕਾਪ੍ਰਸਤੀ ਨੂੰ ਪ੍ਰਫੁੱਲਤ ਉਸ ਵੇਲੇ ਦੇ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਖ਼ਾਸ ਰੋਲ ਨਿਭਾਇਆ ਸੀ। ਇੰਦਰਾ ਗਾਂਧੀ ਤੇ ਗੁਲਜ਼ਾਰੀ ਲਾਲ ਨੰਦਾ ਕੱਟੜਫ਼ਿਰਕਾ ਪ੍ਰਸਤ ਸੀ। ਉਸ ਵੇਲੇ ਪੰਜਾਬ ਤੋਂ ਚੋਟੀ ਦੇ ਕਾਂਗਰਸੀ ਲੀਡਰ ਸਾਬਕਾ ਵਿਦੇਸ਼ ਮੰਤਰੀ ਸ. ਸਵਰਨ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਦਰਬਾਰਾ ਸਿੰਘ ਅਹਿਮ ਨੇਤਾ ਸਨ ਪਰ ਇਨ੍ਹਾਂ ਦੀ ਇਕ ਨਾ ਚਲ ਸਕੀ।

ਇਸ ਦਿਨ ਹੀ ਪਾਕਿਸਤਾਨੀ ਲਾਹੌਰ ਬਾਅਦ ਚੰਡੀਗੜ੍ਹ ਰਾਜਧਾਨੀ ਖੋਹ ਲਈ ਤੇ ਉਸ ਨੂੰ ਕੇਂਦਰੀ ਪ੍ਰਦੇਸ਼ ਬਣਾ ਦਿਤਾ ਗਿਆ। ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵੀ ਕੇਂਦਰ ਨੇ ਅਪਣੇ ਅਧੀਨ ਕਰ ਲਿਆ। ਪੰਜਾਬੀ ਬੋਲਦੇ ਇਲਾਕੇ ਤੇ ਪਹਾੜੀ ਖੇਤਰ ਕ੍ਰਮਵਾਰ ਹਰਿਆਣਾ, ਹਿਮਾਚਲ-ਪ੍ਰਦੇਸ਼ ਹਵਾਲੇ ਕਰ ਦਿਤਾ। ਉਕਤ ਸਮੇਤ ਦਰਿਆਈ ਪਾਣੀ ਹਾਸਲ ਕਰਨ ਲਈ, ਸ਼੍ਰੋਮਣੀ ਅਕਾਲੀ ਦਲ ਨੇ ਅਨੇਕਾਂ ਮੋਰਚੇ ਲਾਏ ਪਰ ਕੇਂਦਰ ਟਸ ਤੋਂ ਮਸ ਨਾ ਹੋਇਆ । ਇੰਦਰਾ ਗਾਂਧੀ ਵਾਂਗ ਹੀ ਮੋਰਾਰਜੀ ਡਿਸਾਈ, ਸਾਬਕਾ ਪ੍ਰਧਾਨ ਵੀਪੀ ਸਿੰਘ, ਸਾਬਕਾ ਪ੍ਰਧਾਨ ਅਟਲ ਬਿਹਾਰੀ ਵਾਜਪਾਈ, ਮੌਜੂਦਾ ਸਰਕਾਰ ਨੇ ਵੀ ਪੰਜਾਬ ਵਿਰੋਧੀ ਸੋਚ ਨੂੰ ਅੱਗੇ ਵਧਾਇਆ।

ਇਹ ਵੀ ਦਸਣਾ ਬਣਦਾ ਹੈ ਕਿ ਪੰਜਾਬ ਨੂੰ ਰਾਜਸੀ, ਧਾਰਮਕ, ਆਰਥਕ ਤੌਰ 'ਤੇ ਅਸਥਿਰ ਕਰਨ ਲਈ ਸੱਤਾਧਾਰੀ ਜ਼ੁੰਮੇਵਾਰ ਹਨ। ਅਕਾਲੀ ਲੀਡਰਸ਼ਿਪ ਵੀ ਉਸਾਰੂ ਰੋਲ ਨਿਭਾਉਣ ਵਿਚ ਅਸਫ਼ਲ ਰਹੀ ਜੋ ਭਾਜਪਾਈਆਂ ਨਾਲ ਸੱਤਾਧਾਰੀ ਸਨ। ਇਸ ਵੇਲੇ ਪੰਜਾਬ ਦੀਆਂ ਪ੍ਰਮੁੱਖ ਪਾਰਟੀਆਂ ਅੱਜ 1 ਨਵੰਬਰ 2023 ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਬਹਿਸ ਕਰ ਰਹੇ ਹਨ ਜਿਨ੍ਹਾਂ ਵਲ ਸੱਭ ਦੀਆਂ ਨਜ਼ਰਾਂ ਕੇਂਦਰਤ ਹਨ। ਪੰਜਾਬ ਦੇ ਜਾਗਰੂਕ ਲੋਕ, ਰਾਜਸੀ ਪੰਡਤ ਮੰਗ ਕਰ ਰਹੇ ਹਨ ਕਿ ਸੂਬੇ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਕੁੱਝ ਕਰਨਾ ਚਾਹੀਦਾ ਹੈ ਤਾਂ ਜੋ ਪ੍ਰਾਂਤ ਦੀ ਅਸਥਿਰਤਾ ਨੂੰ ਸਥਿਰਤਾ ਵਿਚ ਬਦਲਿਆ ਜਾ ਸਕੇ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



## 5 ਨਵੰਬਰ 2023
## ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ
ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ
ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ
ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ
ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ ਸਿੱਖ ਆਗੂ

## ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ




ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**5 ਨਵੰਬਰ 2023 ਦਿਨ ਐਤਵਾਰ**

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸਿੱਖ ਪੰਥ ਦੇ ਨਿਸ਼ਕਾਮ ਸੇਵਾਦਾਰ ਅਮਰੀਕਾ ਦੇ ਉਘੇ ਸਿੱਖ ਆਗੂ
ਕੈਲੀਫੋਰਨੀਆ ਦੇ ਉਘੇ ਸਿੱਖ ਫਾਰਮਰ ਤੇ ਗਿੱਲ ਫਾਰਮ ਦੇ ਮਾਲਕ

**ਸ੍ਰ. ਦਲਬੀਰ ਸਿੰਘ ਗਿੱਲ, ਸ੍ਰ. ਪਰਮਜੀਤ ਸਿੰਘ ਗਿੱਲ, ਸ੍ਰ. ਗੁਰਮੀਤ ਸਿੰਘ ਗਿੱਲ**

# ਟਰੇਸੀ ਕੈਲੀਫੋਰਨੀਆ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਭਾਰੀ ਇਕੱਠ

## ਸ੍ਰ. ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਰਕਰਾਂ ਨੂੰ ਕੀਤਾ ਸੰਬੋਧਨ


## ਆਉਣ ਵਾਲੀਆਂ ਪਾਰਲੀਮੈਂਟ ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਸਾਰੀਆਂ ਸੀਟਾਂ ਜਿੱਤੇਗਾ : ਸ੍ਰ. ਕੁਲਵੰਤ ਸਿੰਘ ਖਹਿਰਾ





ਟਰੇਸੀ/ਕੈਲੀਫੋਰਨੀਆ : ਪੰਥਕ, ਪੰਜਾਬ ਅਤੇ ਚੋਣਾਂ ਨੂੰ ਲੈ ਕੇ ਅਕਾਲੀ ਦਲ ਬਾਦਲ ਦਾ ਟਰੇਸੀ 'ਚ ਪ੍ਰਧਾਨ ਸ੍ਰ. ਕੁਲਵੰਤ ਸਿੰਘ ਖਹਿਰਾ ਦੀ ਅਗਵਾਈ 'ਚ ਭਾਰੀ ਇਕੱਠ ਹੋਇਆ ਜਿਸ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਅਕਾਲੀ ਦਲ ਦੇ ਵਰਕਰ ਅਤੇ ਅਹੁਦੇਦਾਰ ਪਹੁੰਚੇ ਹੋਏ ਸਨ। ਇਸ ਸਮੇਂ ਪੰਜਾਬ ਨੂੰ ਲੈ ਕੇ ਵਿਚਾਰ-ਵਟਾਂਦਰਾ ਹੋਇਆ ਅਤੇ ਇਸ ਉਪਰ ਦਰਪੇਸ਼ ਮਸਲੇ ਵਿਚਾਰੇ ਗਏ। ਇਸ ਸਮੇਂ ਵੱਡੇ ਇਕੱਠ ਨੂੰ ਅਕਾਲੀ ਦਲ ਦੇ ਸਰਪ੍ਰਸਤ ਸ੍ਰ. ਸੁਖਬੀਰ ਸਿੰਘ ਬਾਦਲ ਨੇ ਆਨਲਾਈਨ ਸੰਬੋਧਨ ਕੀਤਾ ਅਤੇ ਵੱਖ ਵੱਖ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਉਪਰ ਜੇਕਰ ਸਿੱਖੀ ਦਾ ਅਤੇ ਬਾਕੀ ਸਭ ਧਰਮਾਂ ਦਾ ਕੰਮ ਹੋਇਆ ਤਾਂ ਉਹ ਸਿਰਫ਼ ਸ੍ਰ. ਬਾਦਲ ਦੀ ਸਰਕਾਰ ਸਮੇਂ ਹੀ ਹੋਇਆ। ਛੋਟੇ ਤੋਂ ਲੈ ਕੇ ਵੱਡੇ ਵੱਡੇ ਕੰਮ ਸ਼੍ਰੋਮਣੀ ਅਕਾਲੀ ਦਲ ਨੇ ਹੀ ਕੀਤੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਕੋਈ ਵੀ ਸਾਡੀ ਸਰਕਾਰ ਆਉਣ ਤੋਂ ਨਹੀਂ ਰੋਕ ਸਕਦਾ। ਪੰਜਾਬ ਦੀ ਗੱਲ ਤਾਂ ਸਿਰਫ਼ ਅਕਾਲੀ ਦਲ ਹੀ ਕਰ ਸਕਦਾ ਹੈ। ਉਨ੍ਹਾਂ ਸ੍ਰ. ਖਹਿਰਾ ਦੀ ਅਗਵਾਈ 'ਚ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਉਪਰੰਤ ਇਕੱਠ ਨੂੰ ਅਕਾਲੀ ਦਲ ਬਾਦਲ ਦੇ ਵੱਖ ਵੱਖ ਆਗੂਆਂ ਨੇ ਸੰਬੋਧਨ ਕੀਤਾ ਅਤੇ ਸ੍ਰ. ਬਾਦਲ ਨੇ ਸਭ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਅਤੇ ਸ੍ਰ. ਖਹਿਰਾ ਨੇ ਸਮੂਹ ਵਰਕਰਾਂ ਅਤੇ ਅਹੁਦੇਦਾਰਾਂ ਦਾ ਤਹਿ ਦਿਲੋਂ ਤੋਂ ਧੰਨਵਾਦ ਕੀਤਾ।


















ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

# ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਊਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ



# ਸ੍ਰੀ ਪੰਕਜ ਆਂਸਲ

ਫਾਊਂਡਰ ਯੂਨਾਈਟਿਡ ਪੰਜਾਬ ਫਰੰਟ

# ਰਾਜਪਾਲ ਨੇ ਤਿੰਨ ਮਨੀ ਬਿੱਲਾਂ 'ਤੇ ਕੱਟਿਆ ਮੋੜਾ



ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਤਿੰਨ ਮਨੀ ਬਿੱਲਾਂ ਨੂੰ ਰੋਕੇ ਜਾਣ ਦੇ ਮਾਮਲੇ 'ਤੇ ਆਪਣਾ ਪੈਂਤੜਾ ਬਦਲ ਲਿਆ ਹੈ। ਉਨ੍ਹਾਂ ਦੇ ਰੁਖ਼ 'ਚ ਬਦਲਾਅ ਸੁਪਰੀਮ ਕੋਰਟ 'ਚ ਹੋਣ ਵਾਲੀ ਸੁਣਵਾਈ ਤੋਂ ਐਨ ਪਹਿਲਾਂ ਦੇਖਣ ਨੂੰ ਮਿਲਿਆ ਹੈ। ਰਾਜਪਾਲ ਨੇ ਕੁਝ ਦਿਨ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਦੋ ਦਿਨਾਂ ਦੇ ਸੈਸ਼ਨ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਸੀ ਜਿਸ ਦੇ ਖ਼ਿਲਾਫ਼ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ ਅਤੇ ਇਸ ਮਾਮਲੇ 'ਤੇ ਭਲਕੇ ਸੁਣਵਾਈ ਹੋਣ ਦੀ ਸੰਭਾਵਨਾ ਹੈ। ਰਾਜਪਾਲ ਪੁਰੋਹਿਤ ਨੇ ਮੁੱਖ ਮੰਤਰੀ ਨੂੰ ਅੱਜ ਐਤਵਾਰ ਵਾਲੇ ਦਿਨ ਪੱਤਰ ਭੇਜ ਕੇ ਕਿਹਾ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਪੰਜ ਬਿੱਲਾਂ ਦੇ ਨਾਲ ਅਗਾਊਂ ਪ੍ਰਵਾਨਗੀ ਲਈ ਆਏ ਤਿੰਨ ਮਨੀ ਬਿੱਲ ਉਨ੍ਹਾਂ ਦੇ ਵਿਚਾਰ ਅਧੀਨ ਹਨ ਅਤੇ ਆਉਂਦੇ ਦਿਨਾਂ ਵਿਚ ਉਹ ਇਨ੍ਹਾਂ 'ਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਲੈਣਗੇ। ਉਹ ਹਰ ਬਿੱਲ ਬਾਰੇ ਵੱਖਰੇ ਤੌਰ 'ਤੇ ਮੁੱਖ ਮੰਤਰੀ ਨੂੰ ਆਪਣੇ ਫ਼ੈਸਲੇ ਤੋਂ ਜਾਣੂ ਕਰਾਉਣਗੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਮਗਰੋਂ ਆਏ 27 ਬਿੱਲਾਂ ਚੋਂ ਉਹ 22 ਬਿੱਲਾਂ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਚੁੱਕੇ ਹਨ। ਰਾਜਪਾਲ ਨੇ ਪੱਤਰ 'ਚ ਕਿਹਾ ਹੈ ਕਿ ਉਹ ਸਾਰੇ ਸਬੰਧਤਾਂ ਨਾਲ ਸਲਾਹ-ਮਸ਼ਵਰਾ ਕਰ ਰਹੇ ਹਨ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਭਲਾਈ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸਾਰੇ ਬਿੱਲਾਂ ਦੀ ਯੋਗਤਾ ਦੇ ਨਾਲ-ਨਾਲ ਭਾਰਤੀ ਸੰਵਿਧਾਨ ਦੇ ਉਪਬੰਧਾਂ ਦੇ ਆਧਾਰ 'ਤੇ ਜਾਂਚ ਕਰਨ ਦਾ ਫ਼ੈਸਲਾ ਕੀਤਾ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਵਿਚ 20 ਅਕਤੂਬਰ ਨੂੰ ਐਲਾਨ ਕਰ ਦਿੱਤਾ ਸੀ ਕਿ ਉਹ ਰਾਜਪਾਲ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਣਗੇ ਅਤੇ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਅਗਲਾ ਸੈਸ਼ਨ ਸੱਦਣਗੇ। ਪੰਜਾਬ ਸਰਕਾਰ ਵੱਲੋਂ ਰਾਜ ਭਵਨ ਨੂੰ ਤਿੰਨ ਮਨੀ ਬਿੱਲ ਅਗਾਊਂ ਪ੍ਰਵਾਨਗੀ ਲਈ ਭੇਜੇ ਗਏ ਸਨ ਜਨਿ ?ਹਾਂ 'ਤੇ ਰਾਜਪਾਲ ਨੇ ਇਤਰਾਜ਼ ਲਗਾ ਦਿੱਤੇ ਸਨ। ਪਿਛਲੇ ਇੱਕ ਹਫ਼ਤੇ ਤੋਂ ਪੰਜਾਬ ਸਰਕਾਰ ਸੁਪਰੀਮ ਕੋਰਟ 'ਚ ਰਾਜਪਾਲ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਦੀ ਤਿਆਰੀ 'ਚ ਜੁਟੀ ਹੋਈ ਸੀ। ਪੰਜਾਬ ਸਰਕਾਰ ਪਹਿਲੀ ਵਾਰ ਉਦੋਂ ਸੁਪਰੀਮ ਕੋਰਟ ਗਈ ਸੀ ਜਦੋਂ ਰਾਜਪਾਲ ਨੇ ਬਜਟ ਸੈਸ਼ਨ ਲਈ ਮਨਜ਼ੂਰੀ ਨਹੀਂ ਦਿੱਤੀ ਸੀ ਅਤੇ ਸੁਪਰੀਮ ਕੋਰਟ ਦੀ ਸੁਣਵਾਈ ਦੌਰਾਨ ਹੀ ਰਾਜਪਾਲ ਨੇ ਪ੍ਰਵਾਨਗੀ ਦਿੱਤੇ ਜਾਣ ਦਾ ਪੱਤਰ ਪੇਸ਼ ਕਰ ਦਿੱਤਾ ਸੀ। ਹੁਣ ਦੂਸਰੀ ਵਾਰ ਮੁੜ ਸੂਬਾ ਸਰਕਾਰ ਨੂੰ ਸੁਪਰੀਮ ਕੋਰਟ ਦਾ ਰੁਖ਼ ਕਰਨਾ ਪਿਆ ਹੈ। ਸੂਤਰ ਦੱਸਦੇ ਹਨ ਕਿ ਸੁਪਰੀਮ ਕੋਰਟ 'ਚ ਸੁਣਵਾਈ ਦੌਰਾਨ ਪੰਜਾਬ ਸਰਕਾਰ ਇਹ ਪੱਖ ਰੱਖ ਸਕਦੀ ਹੈ ਕਿ ਰਾਜਪਾਲ ਤਿੰਨਾਂ ਮਨੀ ਬਿੱਲਾਂ ਨੂੰ ਮਨਜ਼ੂਰੀ ਦੇਣ ਬਾਰੇ ਨਿਸ਼ਚਤਿ ਸਮਾਂ ਦੱਸਣ। ਪੰਜਾਬ ਸਰਕਾਰ ਨੇ ਰਾਜਪਾਲ ਦੇ ਉਸ ਪੱਤਰ ਨੂੰ ਆਧਾਰ ਬਣਾਇਆ ਹੈ ਜਿਸ ਤਹਤਿ ਰਾਜ ਭਵਨ ਨੇ ਪੰਜਾਬ ਵਿਧਾਨ ਸਭਾ ਦੇ ਸਕੱਤਰ ਨੂੰ ਪੱਤਰ ਲਿਖ ਕੇ 20 ਅਤੇ 21 ਅਕਤੂਬਰ ਦੀ ਦੋ ਦਿਨਾਂ ਦੀ ਵਿਸ਼ੇਸ਼ ਬੈਠਕ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਹਿਲੇ ਦਿਨ ਦੀ ਬੈਠਕ ਵਿਚ ਵਿਰੋਧੀ ਧਿਰਾਂ ਨੇ ਵੀ ਸੈਸ਼ਨ ਦੇ ਗ਼ੈਰਕਾਨੂੰਨੀ ਹੋਣ ਨੂੰ ਲੈ ਕੇ ਉਂਗਲ ਉਠਾਈ ਸੀ। ਸੂਬਾ ਸਰਕਾਰ ਅਸਲ ਵਿਚ ਜੀਐੱਸਟੀ ਐਕਟ ਨਾਲ ਸੋਧਾਂ ਨਾਲ ਸਬੰਧਤ ਬਿੱਲ ਪਾਸ ਕਰਾਉਣਾ ਚਾਹੁੰਦੀ ਸੀ।

# ਸਮਾਜ ਨੂੰ ਸਿੱਖਿਅਤ ਕਰਨਾ ਹੀ ਭਗਵਾਨ ਵਾਲਮੀਕਿ ਨੂੰ ਸੱਚੀ ਸ਼ਰਧਾਂਜਲੀ: ਚੀਮਾ



ਅੰਮ੍ਰਿਤਸਰ : ਇੱਥੇ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਮੌਕੇ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਵਿਚ ਪੁੱਜੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਾਲਮੀਕਿ ਤੀਰਥ ਵਿਖੇ ਪੰਜਾਬ ਸਰਕਾਰ ਵੱਲੋਂ ਲਗਪਗ 33 ਕਰੋੜ ਦੀ ਲਾਗਤ ਨਾਲ ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ 'ਤੇ ਆਧਾਰਤ ਪੈਨੋਰਮਾ ਬਣਾਇਆ ਗਿਆ ਹੈ। ਇਸ ਦਾ ਉਦਘਾਟਨ ਜਲਦੀ ਹੀ ਮੁੱਖ ਮੰਤਰੀ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਭਗਵਾਨ ਵਾਲਮੀਕਿ ਮੰਦਿਰ ਵਿਚ ਮੱਥਾ ਟੇਕਣ ਮਗਰੋਂ ਸੰਗਤ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਲੋਕਾਂ ਨੂੰ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਆਪਣੀ ਪੀੜ੍ਹੀ ਨੂੰ ਸਿੱਖਿਆ ਦੇ ਖੇਤਰ ਵਿੱਚ ਕਾਮਯਾਬ ਕਰਨਾ ਹੀ ਮਹਾਪੁਰਖਾਂ ਨੂੰ ਸੱਚੀ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਲੋਕਾਂ ਨੂੰ ਸਿੱਖਿਅਤ ਕਰਨ ਲਈ ਸਕੂਲ ਆਫ ਐਮੀਨੈਂਸ ਵਰਗੇ ਅਦਾਰੇ ਸ਼ੁਰੂ ਕੀਤੇ ਹਨ। ਇਸ ਦਾ ਲਾਹਾ ਲੈਂਦੇ ਹੋਏ ਆਪਣੀਆਂ ਪੀੜ੍ਹੀਆਂ ਨੂੰ ਸਿੱਖਿਅਤ ਕਰੋ। ਮੰਤਰੀ ਨੇ ਕਿਹਾ ਕਿ ਅੱਜ ਦੇ ਜ਼ਮਾਨੇ ਵਿੱਚ ਸਿੱਖਿਆ ਤੋਂ ਬਿਨਾ ਤਰੱਕੀ ਅਸੰਭਵ ਹੈ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਲੋਕਾਂ ਨੂੰ ਭਗਵਾਨ ਵਾਲਮੀਕਿ ਵੱਲੋਂ ਦਿਖਾਏ ਉੱਚ ਆਦਰਸ਼ਾਂ ਉੱਤੇ ਚੱਲਣ ਲਈ ਪ੍ਰੇਰਿਆ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਸ਼ਾਂਤੀ, ਇਕਸੁਰਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ।

# ਚੰਦਰ ਗ੍ਰਹਿਣ ਤੋਂ ਬਾਅਦ ਬਦਰੀਨਾਥ ਮੰਦਰ ਦੇ ਦਰਵਾਜ਼ੇ ਖੁੱਲ੍ਹਦੇ ਹੀ ਸ਼ਰਧਾਲੂ ਵੱਡੀ ਗਿਣਤੀ 'ਚ ਪਹੁੰਚੇ





ਬਦਰੀਨਾਥ 'ਚ ਐਤਵਾਰ ਨੂੰ ਚੰਦ ਗ੍ਰਹਿਣ ਤੋਂ ਬਾਅਦ ਬਦਰੀਨਾਥ ਮੰਦਰ ਦੇ ਦਰਵਾਜ਼ੇ ਖੁੱਲ੍ਹਣ 'ਤੇ ਸ਼ਰਧਾਲੂ ਵੱਡੀ ਗਿਣਤੀ 'ਚ ਪੁੱਜੇ।

# ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਖ਼ਤੀ ਦੇ ਬਾਵਜੂਦ ਪਰਾਲੀ ਸਾੜਨ ਦੇ ਮਾਮਲੇ ਵਧੇ

ਪਟਿਆਲਾ : ਪੰਜਾਬ ਵਿੱਚ ਸਾਹਮਣੇ ਆਏ ਪਰਾਲੀ ਸਾੜਨ ਦੇ ਮਾਮਲੇ ਇਸ ਵਾਰ ਦੇ ਸਾਉਣੀ ਦੇ ਸੀਜ਼ਨ ਦੇ ਸਭ ਤੋਂ ਵੱਧ ਮਾਮਲੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਸਾਨਾਂ ਨੇ ਪ੍ਰਦੂਸ਼ਣ ਕੰਟਰੋਲ ਬੋਰਡ ਜਾਂ ਫਿਰ ਪੰਜਾਬ ਪੱਧਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਹੈ ਜਦ ਕਿ ਹੁਣ ਤੱਕ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਸਿਰਫ਼ ਡੇਢ ਲੱਖ ਰੁਪਏ ਦੇ ਕਰੀਬ ਜੁਰਮਾਨਾ ਲਾਇਆ ਜਾ ਚੁੱਕਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਅੱਜ ਪਰਾਲੀ ਸਾੜਨ ਦੇ ਸਭ ਤੋਂ ਵੱਧ 63 ਮਾਮਲੇ ਪਟਿਆਲਾ ਜ਼ਿਲ੍ਹੇ ਵਿੱਚ ਦਰਜ ਕੀਤੇ ਗਏ ਜਦਕਿ ਪੰਜਾਬ ਵਿੱਚ ਸਭ ਤੋਂ ਵੱਧ ਪਰਾਲੀ ਸਾੜਨ ਵਾਲੇ ਅੰਮ੍ਰਿਤਸਰ ਵਿੱਚ ਅੱਜ 26 ਮਾਮਲੇ ਦਰਜ ਕੀਤੇ ਗਏ। ਪਹਿਲੀ ਅਕਤੂਬਰ ਤੋਂ ਲੈ ਕੇ ਅੱਜ ਤੱਕ 24 ਦਿਨਾਂ ਦੇ ਰਿਕਾਰਡ ਸਮੇਂ ਵਿੱਚ ਪੰਜਾਬ 'ਚ ਅੱਜ ਪਰਾਲੀ ਸਾੜਨ ਦੇ ਸਭ ਤੋਂ ਵੱਧ ਰਿਕਾਰਡ 360 ਮਾਮਲੇ ਦਰਜ ਕੀਤੇ ਗਏ। ਇਸ ਸਾਉਣੀ ਸੀਜ਼ਨ ਵਿੱਚ ਅੱਜ ਤੱਕ ਪੰਜਾਬ ਵਿੱਚ ਕੁੱਲ 2306 ਘਟਨਾਵਾਂ ਪਰਾਲੀ ਸਾੜਨ ਦੀਆਂ ਰਿਕਾਰਡ ਹੋਈਆਂ ਹਨ। ਕੱਲ੍ਹ ਪਰਾਲੀ ਸਾੜਨ ਦੇ ਪੰਜਾਬ ਭਰ ਵਿੱਚ 152 ਮਾਮਲੇ ਦਰਜ ਕੀਤੇ ਗਏ ਸਨ ਜਦਕਿ 22 ਅਕਤੂਬਰ ਨੂੰ ਪਰਾਲੀ ਸਾੜਨ ਦੇ ਸਿਰਫ਼ 30 ਮਾਮਲੇ ਸਾਹਮਣੇ ਆਏ ਸਨ। ਹੁਣ ਤੱਕ ਪੰਜਾਬ ਵਿੱਚ ਪਰਾਲੀ ਸਾੜਨ ਦੇ ਸਭ ਤੋਂ ਵੱਧ 174 ਮਾਮਲੇ 20 ਅਕਤੂਬਰ ਨੂੰ ਦਰਜ ਕੀਤੇ ਗਏ ਸਨ ਪਰ ਅੱਜ ਕਿਸਾਨਾਂ ਨੇ ਸਾਰੇ ਰਿਕਾਰਡ ਤੋੜਦਿਆਂ 360 ਥਾਈਂ ਪਰਾਲੀ ਸਾੜੀ।





# ਰੂਹ ਕੰਬਾਉਣ ਵਾਲੀਆਂ ਹਿੰਦੂ ਪ੍ਰਥਾਵਾਂ ਜਿਸਤੇ ਅੰਗਰੇਜ਼ਾਂ ਨੇ ਰੋਕ ਲਗਾਈ ਸੀ

1. 1830 ਮਨੁੱਖ ਦੀ ਬਲੀ ਪਰਥਾ ਤੇ ਰੋਕ
2. 1833 ਸਰਕਾਰੀ ਨੌਕਰੀ ਲਈ ਸਵਰਨ ਜਾਤੀ ਦਾ ਹੋਣ ਵਾਲੀ ਸ਼ਰਤ ਖ਼ਤਮ। ਛੋਟੀਆਂ ਜਾਤਾਂ ਦੇ ਬੱਚਿਆਂ ਲਈ ਸਰਕਾਰੀ ਨੌਕਰੀ ਦਾ ਰਾਹ ਪੱਧਰਾ
3. 1835 ਪਹਿਲਾਂ ਬੇਟਾ ਗੰਗਾ ਦਾਨ ਉੱਤੇ ਰੋਕ ...। ਛੋਟੀਆਂ ਜਾਤਾਂ ਦੇ ਲੋਕਾਂ ਦਾ ਪਹਿਲਾਂ ਨਰ ਬੱਚਾ ਗੰਗਾ ਨਦੀ ਵਿੱਚ ਸੁੱਟ ਦਿੱਤਾ ਜਾਂਦਾ ਸੀ
4. 1835 ਲਾਰਡ ਮਕਾਲੇ ਦੀ ਸਿੱਖਿਆ ਨੀਤੀ ਨੇ ਛੋਟੀਆਂ ਜਾਤਾ ਲਈ ਪੜ੍ਹਾਈ ਦਾ ਹੱਕ ਮਿਲਿਆ
5. 1835 ਕੋਈ ਵੀ ਭਾਰਤੀ ਚਾਹੇ ਛੋਟੀ ਜਾਤ ਦਾ ਹੀ ਕਿਉ ਨਾ ਹੋਵੇ ਜੱਜ,ਡੀ ਸੀ,ਐਸ ਐਸ ਪੀ ਤੇ ਕਮਿਸ਼ਨਰ ਤਕ ਲਗ ਸਕਦਾ। ਜਦ ਕਿ ਸਾਨੂੰ ਸਿਰਫ ਕਲਰਕ ਪੈਦਾ ਕਰਨ ਦੀ ਨੀਤੀ ਪੜ੍ਹਾਇਆ ਜਾਂਦਾ
6. 1829 ਸਤੀ ਪਰਥਾ ਤੇ ਪੂਰਨ ਰੋਕ...ਪਤੀ ਦੇ ਮਰਨ ਉਪਰੰਤ ਵਿਧਵਾ ਨੂੰ ਜਿੰਦਾ ਜਲਾ ਦਿੱਤਾ ਜਾਂਦਾ ਸੀ
7. 1829 ਦੇਵਦਾਸੀ ਪਰਥਾ ਤੇ ਰੋਕ...ਗਰੀਬ ਲੋਕਾਂ ਲਈ ਮੰਦਰ ਵਿੱਚ ਆਪਣੀ ਬਾਲਗ ਬੇਟੀ ਨੂੰ ਦੇਵਦਾਸੀ ਦੇ ਰੂਪ ਵਿੱਚ ਦੇਣਾ ਪੈਂਦਾ ਸੀ ਜਿਸ ਨਾਲ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਸੀ ਬੱਚਾ ਹੋਣ ਤੇ ਲੜਕੀ ਨੂੰ ਮੰਦਰ ਵਿੱਚੋ ਕੱਢ ਦਿੱਤਾ ਜਾਂਦਾ ਸੀ ਤੇ ਬੱਚੇ ਦਾ ਨਾਂ ਹਰੀਜਨ ਰੱਖ ਦਿੱਤਾ ਜਾਂਦਾ ਸੀ ਜੋ ਮਹਾਤਮਾ ਗਾਂਧੀ ਨੇ ਖੂਬ ਪ੍ਰਚਾਰਿਆ
8. 1849 : ਔਰਤਾਂ ਦੀ ਸਿੱਖਿਆ ਲਈ ਪਹਿਲਾਂ ਕੰਨਿਆ ਸਕੂਲ ਕਲਕੱਤੇ ਵਿੱਚ ਖੋਲਿਆ ਗਿਆ।
9. ਸਿਲਾ ਭੰਗ ਪਰਥਾ ਦਾ ਖਾਤਮਾ ਵੀ ਅੰਗਰੇਜ਼ੀ ਸਰਕਾਰ ਨੇ ਕੀਤਾ ਇਸ ਪਰਥਾ ਵਿੱਚ ਨਵੀਂ ਦੁਲਹਨ ਨੂੰ ਆਪਣੀ ਪਹਿਲੀ ਰਾਤ ਮੰਦਰ ਦੇ ਪੁਜਾਰੀ ਕੋਲ ਲਾਉਣੀ ਲਾਜ਼ਮੀ ਸੀ। ਹੁਣ ਕੋਈ ਦੱਸ ਸਕਦਾ ਵੀ ਅੰਗਰੇਜ਼ੀ ਹਕੂਮਤ ਭਾਰਤੀ ਪੱਛੜੇ ਸਮਾਜ ਲਈ ਕਿਸੇ ਸਵਰਗ ਤੋਂ ਘੱਟ ਸੀ?

ਸ੍ਰੋਤ: ਭਾਰਤ ਵਿੱਚ ਅੰਗਰੇਜ਼ ਹਕੂਮਤ ਦਰਮਿਆਨ ਬਣੇ ਕਨੂੰਨ। ਅਜੇ ਕੁਝ ਲੋਕ ਕਹਿਣ ਗੇ ਭਾਰਤ ਸੋਨੇ ਦੀ ਚਿੜੀ ਸੀ.....



ਵਿਜੇ ਕੁਮਾਰ
(ਜ਼ਿਲ੍ਹਾਦਾਰ ਰਿਟਾ.)
ਪਠਾਨਕੋਟ
98145-68617

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ

## ਵੱਡੀ ਗਿਣਤੀ ਵਿੱਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ; ਸੁੰਦਰ ਜਲੌਅ ਸਜਾਏ ਗਏ; ਦੀਪਮਾਲਾ ਤੇ ਫੁੱਲਾਂ ਦੀ ਕੀਤੀ ਵਿਸ਼ੇਸ਼ ਸਜਾਵਟ












ਅੰਮ੍ਰਿਤਸਰ : ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੱਡੀ ਗਿਣਤੀ ਸੰਗਤ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਇ ਵਿਖੇ ਸੁੰਦਰ ਜਲੌਅ ਸਜਾਏ ਗਏ ਅਤੇ ਫੁੱਲਾਂ ਦੀ ਸਜਾਵਟ ਕੀਤੀ ਗਈ। ਸ੍ਰੀ ਦਰਬਾਰ ਸਾਹਿਬ ਸਮੂਹ ਸਣੇ ਸ਼ਹਿਰ ਵਿੱਚ ਸਰਕਾਰੀ ਇਮਾਰਤਾਂ ’ਤੇ ਦੀਪਮਾਲਾ ਵੀ ਕੀਤੀ ਗਈ ਹੈ ਅਤੇ ਰਾਤ ਨੂੰ ਗੁਰੂ ਘਰ ਵਿੱਚ ਆਤਿਸ਼ਬਾਜ਼ੀ ਹੋਈ।

ਸੰਗਤ ਨੇ ਸਰੋਵਰ ਵਿੱਚ ਇਸ਼ਨਾਨ ਕੀਤਾ ਮਗਰੋਂ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ। ਸ੍ਰੀ ਦਰਬਾਰ ਸਾਹਿਬ ਨੂੰ ਆਉਣ ਜਾਣ ਵਾਲੇ ਰਸਤਿਆਂ ’ਤੇ ਅੱਜ ਸਾਰਾ ਦਿਨ ਭੀੜ ਲੱਗੀ ਰਹੀ। ਵੱਖ-ਵੱਖ ਥਾਵਾਂ ’ਤੇ ਸੰਗਤਾਂ ਵੱਲੋਂ ਲੰਗਰ ਵੀ ਲਾਏ ਗਏ। ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮਗਰੋਂ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤ ਨੂੰ ਇਤਿਹਾਸ ਨਾਲ ਜੋੜਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਮੱਥਾ ਟੇਕਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੇ ਉਪਦੇਸ਼ ਮਨੁੱਖਤਾ ਨੂੰ ਜੀਵਨ ਸੇਧਾਂ ਦੇਣ ਵਾਲੇ ਹਨ ਅਤੇ ਅੱਜ ਹਰ ਸਿੱਖ ਦਾ ਫ਼ਰਜ਼ ਹੈ ਕਿ ਗੁਰੂ ਆਸ਼ੇ ਮੁਤਾਬਿਕ ਜੀਵਨ ਜੀਵੇ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਕਰਦਿਆਂ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੇ ਸੰਗਤਾਂ ਨੂੰ ਗੁਰੂ ਰਾਮਦਾਸ ਦੇ ਜੀਵਨ ਤੋਂ ਜਾਣੂ ਕਰਵਾਇਆ।

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ, ਦਿਖਾਏ ਗਏ ਗਤਕੇ ਦੇ ਜੌਹਰ







ਅੰਮ੍ਰਿਤਸਰ : ਪੰਜਾਬ ਵਿਚ ਗੁਰੂ ਨਗਰੀ ਅੰਮ੍ਰਿਤਸਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਸ੍ਰੀ ਹਰਿਮੰਦਰ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋ ਗਿਆ ਹੈ। ਇਹ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ 12 ਵਜੇ ਦੇ ਕਰੀਬ ਆਰੰਭ ਹੋਇਆ। ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਤੋਂ ਨਿਕਲਿਆ। ਜਿੱਥੇ ਸੰਗਤਾਂ ਨੇ ਨਗਰ ਕੀਰਤਨ ਦਾ ਫੁੱਲਾਂ ਨਾਲ ਸਵਾਗਤ ਕੀਤਾ। ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਆਰੰਭ ਹੋਇਆ। ਨਗਰ ਕੀਰਤਨ ਨੂੰ ਸ਼ਾਨਦਾਰ ਬਣਾਉਣ ਲਈ ਗਤਕੇ ਦੇ ਜੌਹਰ ਦਿਖਾਏ ਗਏ ਅਤੇ ਬੈਂਡ ਦਾ ਪ੍ਰਬੰਧ ਵੀ ਸੀ। ਸਕੂਲੀ ਵਿਦਿਆਰਥੀਆਂ ਨੇ ਵਿਸ਼ੇਸ਼ ਤੌਰ ’ਤੇ ਨਗਰ ਕੀਰਤਨ ਵਿਚ ਭਾਗ ਲਿਆ। ਗਤਕਾ ਪਾਰਟੀਆਂ ਦੇ ਜੌਹਰ ਦੇਖਣ ਯੋਗ ਹਨ। ਸੰਗਤਾਂ ਲਈ ਵੱਖ-ਵੱਖ ਥਾਵਾਂ ’ਤੇ ਲੰਗਰ ਲਗਾਏ ਗਏ ਤਾਂ ਜੋ ਨਗਰ ਕੀਰਤਨ ਲਈ ਆਉਣ ਵਾਲੀ ਸੰਗਤ ਨੂੰ ਕਿਸੇ ਕਿਸਮ ਦੀ

### ਹੈਲੀਕਾਪਟਰ ਰਾਹੀਂ ਕੀਤੀ ਗਈ ਫੁੱਲਾਂ ਦੀ ਵਰਖਾ

ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਪੁਲਿਸ ਨੇ ਲੋਕਾਂ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਤੱਕ ਅੰਮ੍ਰਿਤਸਰ ਦੇ ਸਾਰੇ ਗੇਟਾਂ ਦੇ ਬਾਹਰ ਰਿੰਗ ਰੋਡ ਦੀ ਵਰਤੋਂ ਕਰਨ ਲਈ ਕਿਹਾ ਹੈ। ਇਹ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਜਲਿਆਂਵਾਲਾ ਬਾਗ ਵੱਲ ਰਵਾਨਾ ਹੋਇਆ। ਉਪਰੰਤ ਇਹ ਨਗਰ ਕੀਰਤਨ ਘੀਰਾ ਮੰਡੀ ਚੌਕ, ਸ਼ੇਰਾਂ ਵਾਲਾ ਗੇਟ, ਮਹਾਂ ਸਿੰਘ ਗੇਟ, ਚੌਕ ਰਾਮ ਬਾਗ, ਹਾਲ ਗੇਟ, ਹੱਥੀ ਗੇਟ, ਲੋਹਗੜ੍ਹ ਗੇਟ, ਲਾਹੌਰੀ ਗੇਟ, ਬੇਰੀ ਗੇਟ, ਖਜ਼ਾਨਾ ਗੇਟ, ਗੇਟ ਹਕੀਮਾਂ, ਭਗਤਾਂ ਵਾਲਾ ਚੌਕ, ਚੌਂਕ ਵੱਲ ਨੂੰ ਰਵਾਨਾ ਹੋਇਆ। ਚਾਟੀਵਿੰਡ ਚੌਕ, ਸੁਲਤਾਨਵਿੰਡ ਗੇਟ, ਘਿਓ ਮੰਡੀ ਤੋਂ ਹੁੰਦਾ ਹੋਇਆ ਸਿੱਧਾ ਹਰਿਮੰਦਰ ਸਾਹਿਬ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਦੌਰਾਨ ਲੋਕਾਂ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਇਸ ਲਈ ਪੁਲਿਸ ਵੱਲੋਂ ਵੀ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਰਿੰਗ ਰੋਡ ’ਤੇ ਚਾਰ ਮਾਰਗੀ ਦਾ ਇੱਕ ਪਾਸਾ ਬੰਦ ਰੱਖਿਆ ਜਾਵੇਗਾ। ਦੂਜਾ ਪਾਸਾ ਆਮ ਲੋਕਾਂ ਲਈ ਖੁੱਲ੍ਹਾ ਰਿਹਾ।

# ਫਲਸਤੀਨੀ ਕੈਂਪ ’ਤੇ ਹਵਾਈ ਹਮਲੇ ’ਚ 50 ਹਲਾਕ

## 150 ਤੋਂ ਵੱਧ ਲੋਕ ਜ਼ਖ਼ਮੀ; ਨੇਤਨਯਾਹੂ ਵੱਲੋਂ ਜੰਗਬੰਦੀ ਤੋਂ ਇਨਕਾਰ

ਗਾਜ਼ਾ : ਇਜ਼ਰਾਇਲ ਵੱਲੋਂ ਅੱਜ ਜਬਾਲੀਆ ’ਚ ਫਲਸਤੀਨੀਆਂ ਦੇ ਸ਼ਰਨਾਰਥੀ ਕੈਂਪ ’ਤੇ ਮਿਜ਼ਾਈਲਾਂ ਦਾਗੀਆਂ ਗਈਆਂ ਜਿਸ ਵਿੱਚ 50 ਤੋਂ ਵੱਧ ਫਲਸਤੀਨੀਆਂ ਦੀ ਮੌਤ ਹੋ ਗਈ ਜਦਕਿ 150 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ।

ਗਾਜ਼ਾ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਇਜ਼ਰਾਈਲ ਵੱਲੋਂ ਕੀਤੇ ਗਏ ਹਵਾਈ ਹਮਲੇ ’ਚ ਜਬਾਲੀਆ ਦੇ ਰਿਹਾਇਸ਼ੀ ਇਲਾਕੇ ਵਿਚਲੀ ਇੱਕ ਇਮਾਰਤ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ। ਇਸ ਇਮਾਰਤ ’ਚ ਫਲਸਤੀਨੀਆਂ ਲਈ ਸ਼ਰਨਾਰਥੀ ਕੈਂਪ ਬਣਾਇਆ ਹੋਇਆ ਸੀ ਜਿੱਥੇ ਵੱਡੀ ਗਿਣਤੀ ਲੋਕਾਂ ਨੇ ਪਨਾਹ ਲਈ ਹੋਈ ਸੀ। ਗਾਜ਼ਾ ਵਿਚਲੇ ਇੰਡੋਨੇਸ਼ੀਅਨ ਹਸਪਤਾਲ ਨੇ ਅਲ-ਜਜ਼ੀਰਾ ਨੂੰ ਦੱਸਿਆ ਕਿ ਇਸ ਹਮਲੇ ’ਚ 50 ਤੋਂ ਵੱਧ ਫਲਸਤੀਨੀਆਂ ਦੀ ਮੌਤ ਹੋਈ ਹੈ ਤੇ 150 ਦੇ ਕਰੀਬ ਲੋਕ ਜ਼ਖ਼ਮੀ ਹੋਏ ਹਨ।

ਇਸੇ ਦੌਰਾਨ ਇਜ਼ਰਾਇਲ ਦੇ ਫੌਜੀ ਦਸਤਿਆਂ ਨੇ ਅੱਜ ਉੱਤਰੀ ਗਾਜ਼ਾ ’ਚ ਹਮਾਸ ਦੇ ਅਤਿਵਾਦੀਆਂ ਤੇ ਬੁਨਿਆਦੀ ਢਾਂਚੇ ’ਤੇ ਜ਼ਮੀਨੀ ਹਮਲੇ ਕੀਤੇ। ਸੈਨਾ ਦਾ ਕਹਿਣਾ ਹੈ ਕਿ ਤਿੰਨ ਹਫ਼ਤੇ ਪਹਿਲਾਂ ਸ਼ੁਰੂ ਹੋਈ ਜੰਗ ਤੋਂ ਬਾਅਦ ਉੱਤਰੀ ਗਾਜ਼ਾ ਤੋਂ ਤਕਰੀਬਨ ਅੱਠ ਲੱਖ ਲੋਕ ਹਜਿਰਤ ਕਰ ਚੁੱਕੇ ਹਨ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਦੱਸਿਆ ਕਿ ਇਸ ਜੰਗ ’ਚ ਹੁਣ ਤੱਕ 3542 ਬੱਚਿਆਂ ਸਮੇਤ 8525 ਫਲਸਤੀਨੀਆਂ ਦੀ ਮੌਤ ਹੋ ਚੁੱਕੀ ਹੈ। ਉੱਧਰ ਹਮਾਸ ਵੱਲੋਂ ਬੰਦੀ ਬਣਾਈ ਗਈ ਇੱਕ ਮਹਿਲਾ ਸੈਨਿਕ ਨੂੰ ਬਚਾਏ ਜਾਣ ਮਗਰੋਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਜੰਗਬੰਦੀ ਦੀ ਪੇਸ਼ਕਸ਼ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਹਮਾਸ ਨੇ ਚਾਰ ਬੰਦੀਆਂ ਨੂੰ ਰਿਹਾਅ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਇਜ਼ਰਾਈਲ ਵੱਲੋਂ ਕੈਦ ਕੀਤੇ ਹਜ਼ਾਰਾਂ ਫਲਸਤੀਨੀਆਂ ਬਦਲੇ ਹੋਰਨਾਂ ਬੰਦੀਆਂ ਨੂੰ ਰਿਹਾਅ ਕਰ ਦੇਵੇਗਾ। ਇਜ਼ਰਾਈਲ ਨੇ ਹਾਲਾਂਕਿ ਇਹ ਪੇਸ਼ਕਸ਼ ਰੱਦ ਕਰ ਦਿੱਤੀ ਹੈ।



# ਇਜ਼ਰਾਈਲ ਦੇ ਨਿਸ਼ਾਨੇ ’ਤੇ ਆਏ ਹਸਪਤਾਲ

- ਸੰਯੁਕਤ ਰਾਸ਼ਟਰ ਅਤੇ ਮੈਡੀਕਲ ਅਮਲੇ ਨੇ ਪ੍ਰਗਟਾਇਆ ਹਮਲੇ ਦਾ ਖ਼ਦਸ਼ਾ
- ਜਾਨ ਦੇ ਖੌਅ ਕਾਰਨ ਹਜ਼ਾਰਾਂ ਫਲਸਤੀਨੀਆਂ ਨੇ ਹਸਪਤਾਲਾਂ ’ਚ ਲਈ ਹੋਈ ਹੈ ਪਨਾਹ
- ਰਾਹਤ ਸਮੱਗਰੀ ਨਾਲ ਭਰੇ 33 ਹੋਰ ਟਰੱਕ ਗਾਜ਼ਾ ਪੁੱਜੇ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਗਾਜ਼ਾ ਸਿਟੀ ’ਚ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਬੰਬਾਰੀ ਦਰਮਿਆਨ ਘਰ-ਬਾਰ ਛੱਡ ਕੇ ਸੁਰੱਖਿਅਤ ਥਾਂ ਵੱਲ ਜਾਂਦੇ ਹੋਏ ਫਲਸਤੀਨੀ।



ਹਮਾਸ ਦੇ ਹਮਲੇ ’ਚ ਤਬਾਹ ਹੋਏ ਵਾਹਨ।

ਖ਼ਾਨ ਯੂਨਿਸ : ਇਜ਼ਰਾਇਲੀ ਫ਼ੌਜ ਵੱਲੋਂ ਉੱਤਰੀ ਅਤੇ ਮੱਧ ਗਾਜ਼ਾ ’ਚ ਜ਼ਮੀਨੀ ਹਮਲੇ ਤੇਜ਼ ਕਰਨ ਦੇ ਨਾਲ ਹੁਣ ਇਹ ਡਰ ਪੈਦਾ ਹੋ ਗਿਆ ਹੈ ਕਿ ਉਸ ਵੱਲੋਂ ਹਸਪਤਾਲਾਂ ਨੂੰ ਵੀ ਨਿਸ਼ਾਨ ਬਣਾਇਆ ਜਾ ਸਕਦਾ ਹੈ। ਸੰਯੁਕਤ ਰਾਸ਼ਟਰ ਅਤੇ ਮੈਡੀਕਲ ਅਮਲੇ ਨੇ ਚਤਿਾਵਨੀ ਦਿੱਤੀ ਹੈ ਕਿ ਇਜ਼ਰਾਈਲ ਵੱਲੋਂ ਹਸਪਤਾਲਾਂ ਨੇੜੇ ਹਵਾਈ ਹਮਲੇ ਕੀਤੇ ਜਾ ਰਹੇ ਹਨ ਜਿਥੇ ਹਜ਼ਾਰਾਂ ਫਲਸਤੀਨੀਆਂ ਨੇ ਜ਼ਖ਼ਮੀਆਂ ਦੇ ਨਾਲ ਪਨਾਹ ਲਈ ਹੋਈ ਹੈ। ਖ਼ਬਰ ਏਜੰਸੀ ਨੂੰ ਮਿਲੇ ਵੀਡੀਓ ’ਚ ਦਿਖਾਈ ਦੇ ਰਿਹਾ ਹੈ ਕਿ ਇਜ਼ਰਾਇਲੀ ਟੈਂਕ ਅਤੇ ਬੁਲਡੋਜ਼ਰ ਨੇ ਮੱਧ ਗਾਜ਼ਾ ’ਚ ਮੁੱਖ ਉੱਤਰੀ-ਦੱਖਣੀ ਮਾਰਗ ਦਾ ਰਾਹ ਰੋਕ ਦਿੱਤਾ ਹੈ। ਇਜ਼ਰਾਇਲੀ ਫ਼ੌਜ ਨੇ ਫਲਸਤੀਨੀਆਂ ਨੂੰ ਇਸੇ ਰਾਹ ਰਾਹੀਂ ਬਚ ਕੇ ਨਿਕਲਣ ਦੇ ਹੁਕਮ ਦਿੱਤੇ ਸਨ। ਉਧਰ ਰਾਹਤ ਸਮੱਗਰੀ ਨਾਲ ਭਰੇ 33 ਹੋਰ ਟਰੱਕ ਮਿਸਰ ਰਾਹੀਂ ਦੱਖਣੀ ਗਾਜ਼ਾ ਅੰਦਰ ਦਾਖ਼ਲ ਹੋਏ ਹਨ।

ਸੜਕ ’ਤੇ ਫ਼ੌਜ ਦੀ ਤਾਇਨਾਤੀ ਬਾਰੇ ਪੁੱਛੇ ਜਾਣ ’ਤੇ ਇਜ਼ਰਾਇਲੀ ਫ਼ੌਜ ਦੇ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਫ਼ੌਜ ਨੇ ਕਾਰਵਾਈ ਦਾ ਘੇਰਾ ਵਧਾ ਦਿੱਤਾ ਹੈ। ਵੀਡੀਓ ’ਚ ਇਕ ਕਾਰ, ਬੁਲਡੋਜ਼ਰ ਕੋਲ ਆਉਂਦੀ ਦਿਖਾਈ ਦੇ ਰਹੀ ਹੈ ਜਿਥੇ ਇਕ ਛੋਟੀ ਇਮਾਰਤ ਦੇ ਪਿੱਛੇ ਟੈਂਕ ਵੀ ਖੜ੍ਹਾ ਹੈ। ਕਾਰ ਅੱਗੇ ਨਾ ਜਾ ਕੇ ਉਥੋਂ ਹੀ ਮੁੜ ਪੈਂਦੀ ਹੈ। ਫਿਰ ਟੈਂਕ ਤੋਂ ਗੋਲਾ ਦਾਗ਼ ?ਆ ਜਾਂਦਾ ਹੈ ਅਤੇ ਕਾਰ ਨੂੰ ਅੱਗ ਲੱਗ ਜਾਂਦੀ ਹੈ। ਜਿਹੜਾ ਪੱਤਰਕਾਰ ਇਸ ਦ੍ਰਿਸ਼ ਨੂੰ ਦੂਜੀ ਕਾਰ ਰਾਹੀਂ ਕੈਮਰੇ ’ਚ ਕੈਦ ਕਰ ਰਿਹਾ ਸੀ ਉਹ ਡਰ ਦੇ ਮਾਰੇ ਹੋਰ ਵਾਹਨਾਂ ਨੂੰ ਪਿਛਾਂਹ ਜਾਣ ਦਾ ਰੌਲਾ ਪਾਉਂਦਾ ਹੈ। ਗਾਜ਼ਾ ਸਿਹਤ ਮੰਤਰਾਲੇ ਨੇ ਬਾਅਦ ’ਚ ਕਿਹਾ ਕਿ ਕਾਰ ’ਤੇ ਹੋਏ ਹਮਲੇ ’ਚ ਤਿੰਨ ਵਿਅਕਤੀ ਮਾਰੇ ਗਏ ਹਨ। ਉੱਤਰੀ ਇਲਾਕੇ ’ਚ ਹਜ਼ਾਰਾਂ ਫਲਸਤੀਨੀ ਮੌਜੂਦ ਹਨ ਅਤੇ ਜੇਕਰ ਉੱਤਰੀ-ਦੱਖਣੀ ਮਾਰਗ ਠੱਪ ਕੀਤਾ ਜਾਵੇਗਾ ਤਾਂ ਉਨ੍ਹਾਂ ਲਈ ਬਚ ਕੇ ਨਿਕਲਣ ਦਾ ਕੋਈ ਰਾਹ ਨਹੀਂ ਬਚੇਗਾ। ਉੱਤਰੀ ਗਾਜ਼ਾ ਦੇ ਹਸਪਤਾਲਾਂ ’ਚ ਕਰੀਬ 117,000 ਲੋਕ ਇਸ ਆਸ ’ਚ ਠਹਿਰੇ ਹੋਏ ਹਨ ਕਿ ਉਹ ਇਜ਼ਰਾਈਲ ਦੇ ਹਮਲੇ ਤੋਂ ਸੁਰੱਖਿਅਤ ਰਹਿਣਗੇ। ਇਜ਼ਰਾਇਲੀ ਫ਼ੌਜ ਨੇ ਕਈ ਇਮਾਰਤਾਂ ਨੂੰ ਤਬਾਹ ਕਰ ਦਿੱਤਾ ਹੈ ਅਤੇ ਆਪਣੇ ਮੋਰਚੇ ਬਣਾ ਲਏ ਹਨ। ਫ਼ੌਜ ਨੇ ਕਿਹਾ ਕਿ ਉਨ੍ਹਾਂ ਦੇ ਜਵਾਨਾਂ ਨੇ ਦਰਜਨਾਂ ਦਹਿਸ਼ਤਗਰਾਂ ਨੂੰ ਮਾਰ ਮੁਕਾਇਆ ਹੈ ਜੋ ਇਮਾਰਤਾਂ ਅਤੇ ਸੁਰੰਗਾਂ ਅੰਦਰੋਂ ਹਮਲੇ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ’ਚ 600 ਤੋਂ ਵੱਧ ਦਹਿਸ਼ਤੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਮਾਸ ਦੇ ਫ਼ੌਜੀ ਵਿੰਗ ਨੇ ਕਿਹਾ ਕਿ ਉਨ੍ਹਾਂ ਦੇ ਲੜਾਕਿਆਂ ਦੀ ਉੱਤਰ-ਪੱਛਮੀ ਗਾਜ਼ਾ ਪੱਟੀ ਤੋਂ ਦਾਖ਼ਲ ਹੋਏ ਇਜ਼ਰਾਇਲੀ ਜਵਾਨਾਂ ਨਾਲ ਝੜਪ ਹੋਈ ਹੈ। ਫਲਸਤੀਨੀ ਅਤਿਵਾਦੀਆ ਵੱਲੋਂ ਵੀ ਇਜ਼ਰਾਈਲ ’ਚ ਰਾਕੇਟ ਦਾਗ਼ੇ ਗਏ ਹਨ।



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



# 5 ਨਵੰਬਰ 2023
# ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸ:ਹਰਮਿੰਦਰ ਸਿੰਘ ਸਮਾਣਾ**

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

(209) 481-7750



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**5 ਨਵੰਬਰ 2023 ਦਿਨ ਐਤਵਾਰ**

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਗਿੱਲ ਬ੍ਰਦਰਜ਼

ਸੌਗੀ, ਬਦਾਮ, ਅੰਗੂਰ ਦੀ ਕਾਸ਼ਤ ਵਿਚ ਅਮਰੀਕਾ ਦੇ ਉਘੇ ਕਿਸਾਨ ਸਿੱਖ ਯੂਥ ਆਫ਼ ਅਮਰੀਕਾ ਦੇ ਸੀਨੀਅਰ ਅਤੇ ਫਾਉਂਡਰ ਮੈਂਬਰ ਗੁਰਦੁਆਰਾ ਸਾਹਿਬ ਦੇ ਸਾਬਕਾ ਸਕੱਤਰ



**ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,**
**ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)**

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

**44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ**



**ਮੌਕੇ ਸਮੂਹ ਸੰਗਤਾਂ ਨੂੰ**
**ਲੱਖ-ਲੱਖ ਵਧਾਈਆਂ**

**5 ਨਵੰਬਰ 2023**
**ਦਿਨ ਐਤਵਾਰ**

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



# ਬੋਪਾਰਾਏ ਬ੍ਰਦਰਜ਼

**ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ**
**ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ**

1033. W Charter Way Stockton CA 95206 (1-5 Hwy4)



### ਨਵੰਬਰ 1984 ਦਾ ਸਿੱਖ ਕਤਲੇਆਮ

# ਕਮਿਸ਼ਨਾਂ ਤੇ ਕਮੇਟੀਆਂ ’ਚ ਗੁਆਚ ਕੇ ਰਹਿ ਗਈ ਇਨਸਾਫ਼ ਦੀ ਲੜਾਈ

ਤਲਵਿੰਦਰ ਸਿੰਘ ਬੁੱਟਰ

ਇਤਿਹਾਸਕ ਪ੍ਰਸੰਗ ’ਚ ਨਵੰਬਰ 1984 ਦਾ ਸਿੱਖ ਵਿਰੋਧੀ ਕਤਲੇਆਮ ਵੀ ਉਸੇ ਤਰ੍ਹਾਂ ਸਿੱਖ ਮਾਨਸਿਕਤਾ ’ਚ ਘੱਲੂਘਾਰਾ ਬਣ ਕੇ ਵੱਸ ਚੁੱਕਾ ਹੈ, ਜਿਵੇਂ 1919 ਦੇ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਨਹੀਂ ਭੁਲਾਇਆ ਜਾ ਸਕਦਾ। 31 ਅਕਤੂਬਰ, 1984 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦੇ ਖ਼ਿਲਾਫ਼ ਸੋਚਿਆ-ਸਮਝਿਆ ਕਤਲੇਆਮ ਹੋਇਆ। ਰਾਜਧਾਨੀ ਦਿੱਲੀ ਸਮੇਤ ਭਾਰਤ ਭਰ ਦੇ 18 ਸੂਬਿਆਂ ਵਿਚਲੇ 110 ਮੁੱਖ ਸ਼ਹਿਰਾਂ ਵਿਚ ਗਿਣੀ-ਮਿੱਥੀ ਅਤੇ ਇਕੋ-ਜਿਹੀ ਯੋਜਨਾ ਤਹਿਤ ਸਿੱਖਾਂ ਦਾ ਭਿਆਨਕ ਕਤਲੇਆਮ ਹੋਇਆ। ਰਾਜੀਵ ਗਾਂਧੀ ਨੇ 19 ਨਵੰਬਰ, 1984 ਨੂੰ ਬੋਟ ਕਲੱਬ ਨਵੀਂ ਦਿੱਲੀ ਵਿਖੇ ਇੰਦਰਾ ਗਾਂਧੀ ਦੇ ਜਨਮ ਦਿਨ ’ਤੇ ਕਿਹਾ ਸੀ, ‘ਇੰਦਰਾ ਜੀ ਦੇ ਕਤਲ ਤੋਂ ਬਾਅਦ ਦੇਸ਼ ਵਿਚ ਕੁਝ ਦੰਗੇ ਹੋਏ। ਸਾਨੂੰ ਪਤਾ ਹੈ ਕਿ ਲੋਕੀਂ ਕਾਫ਼ੀ ਗੁੱਸੇ ਵਿਚ ਸਨ, ਲੱਗਦਾ ਸੀ ਪੂਰਾ ਭਾਰਤ ਹਿੱਲ ਗਿਆ ਹੈ, ਪਰ ਜਦੋਂ ਇਕ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ।’

31 ਅਕਤੂਬਰ, 1984 ਨੂੰ ਸਵੇਰੇ ਲਗਪਗ 9.20 ਵਜੇ ਇੰਦਰਾ ਗਾਂਧੀ ਨੂੰ ਉਸ ਦੇ ਦੋ ਅੰਗ ਰੱਖਿਅਕਾਂ ਨੇ ਗੋਲੀਆਂ ਮਾਰੀਆਂ ਅਤੇ ਕਰੀਬ 10.50 ਵਜੇ ਇੰਦਰਾ ਗਾਂਧੀ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਸ) ਵਿਖੇ ਮ੍ਰਿਤਕ ਕਰਾਰ ਦਿੱਤਾ ਗਿਆ। ਸ਼ਾਮੀਂ 4 ਵਜੇ ਰਾਜੀਵ ਗਾਂਧੀ ਪੱਛਮੀ ਬੰਗਾਲ ਤੋਂ ਆ ਕੇ ‘ਏਮਸ’ ਹਸਪਤਾਲ ਪਹੁੰਚਦਾ ਹੈ ਅਤੇ ਉਸ ਇਲਾਕੇ ਨੇੜੇ ਸਿੱਖਾਂ ਨਾਲ ਛੋਟੀਆਂ-ਮੋਟੀਆਂ ਹਿੰਸਕ ਘਟਨਾਵਾਂ ਹੁੰਦੀਆਂ ਹਨ। ਸ਼ਾਮੀਂ 5.30 ਵਜੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਯਾਤਰਾ ਤੋਂ ਵਾਪਸ ਆਏ ਤਾਂ ‘ਏਮਸ’ ਦੇ ਬਾਹਰ ਉਨ੍ਹਾਂ ਦੇ ਕਾਫ਼ਲੇ ’ਤੇ ਵੀ ਪਥਰਾਅ ਹੁੰਦਾ ਹੈ। ਸਿੱਖ ਕਤਲੇਆਮ ਦੀ ਪਹਿਲੀ ਘਟਨਾ 1 ਨਵੰਬਰ ਨੂੰ ਪੂਰਬੀ ਦਿੱਲੀ ਵਿਚ ਸਵੇਰੇ ਵਾਪਰੀ। ਬਸ ਫ਼ਿਰ ਕੀ ਸੀ, 5 ਨਵੰਬਰ ਤੱਕ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਦੇਸ਼ ਦੇ ਲਗਭਗ 110 ਸ਼ਹਿਰਾਂ ’ਚ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦੇ ਹੋਏ ਕਤਲੇਆਮ ’ਚ 7 ਹਜ਼ਾਰ ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਊਂਦੇ ਸਾੜਿਆ ਤੇ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਸੈਂਕੜੇ ਔਰਤਾਂ ਦੀ ਬੇਪਤੀ ਹੋਈ, ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿੱਤੀ ਗਈ।

ਇਕੱਲੇ ਦਿੱਲੀ ਵਿਚ ਹੀ ਸਰਕਾਰੀ ਰਿਕਾਰਡ ਅਨੁਸਾਰ 2733 ਕਤਲ ਹੋਏ। ਜ਼ਖ਼ਮੀਆਂ ਦੀ ਗਿਣਤੀ 2966 ਅਤੇ ਜਾਇਦਾਦ ਦੀ ਲੁੱਟ-ਖਸੁੱਟ ਅਤੇ ਸਾੜ-ਫ਼ੂਕ ਦੀਆਂ ਘਟਨਾਵਾਂ 10,897 ਵਾਪਰੀਆਂ। ਇਸੇ ਦੌਰਾਨ ਦਿੱਲੀ ਵਿਚ ਫ਼ਿਰਕੂ ਕਤਲੇਆਮ ਨੂੰ ਰੋਕਣ ਲਈ ਸੀਨੀਅਰ ਵਕੀਲ ਤੇ ਵਿਰੋਧੀ ਧਿਰ ਦੇ ਨੇਤਾ ਰਾਮ ਜੇਠਮਲਾਨੀ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨੂੰ ਮਿਲੇ। ਕਈ ਹੋਰ ਧਰਮ-ਨਿਰਪੱਖ ਆਗੂਆਂ ਨੇ ਵੀ ਸਰਕਾਰ ਨੂੰ ਹਾਲਾਤ ’ਤੇ ਕਾਬੂ ਪਾਉਣ ਲਈ ਆਖਿਆ, ਪਰ ਸਰਕਾਰੀ ਤੌਰ ’ਤੇ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਹਾਲਾਤ ਨੂੰ ਮੁਢਲੇ ਪੜਾਅ ’ਤੇ ਹੀ ਕਾਬੂ ਕਰ ਲਿਆ ਜਾਂਦਾ।

ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਅੱਜ 36 ਸਾਲ ਬੀਤ ਚੁੱਕੇ ਹਨ, ਪਰ ਇਸ ਦੇ ਪੀੜਤਾਂ ਦੇ ਜ਼ਖ਼ਮ ਹਾਲੇ ਵੀ ਤਾਜ਼ਾ ਹਨ। 36 ਸਾਲਾਂ ’ਚ ਇਨ੍ਹਾਂ ਦੇ ਜ਼ਖ਼ਮਾਂ ’ਤੇ ਨਾ ਕਿਸੇ ਨੇ ਮਰਹੱਮ ਲਗਾਈ, ਨਾ ਅਦਾਲਤਾਂ ਨੇ ਇਨਸਾਫ਼ ਦਿੱਤਾ ਤੇ ਨਾ ਹੀ ਪੁਕਾਰ ਸੁਣੀ। ਦੋਸ਼ੀ ਸੱਤਾ ਸੁੱਖ ਮਾਣਦੇ ਰਹੇ ਪਰ ਪੀੜਤਾਂ ਦੇ ਪੱਲੇ ਜੇ ਕੁਝ ਪਿਆ ਤਾਂ ਕੇਵਲ ਖੱਜਲ-ਖੁਆਰੀ ਤੇ ਨਿਰਾਸ਼ਾ। ਦੁਨੀਆ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਕਹਾਉਂਦੇ ਭਾਰਤ ਦੀ ਮੁੱਖ ਧਾਰਾ ਦੀ ਲੀਡਰਸ਼ਿਪ ਵਲੋਂ ਸਿੱਖ ਕਤਲੇਆਮ ਦਾ ਇਨਸਾਫ਼ ਦਿੱਤੇ ਬਗੈਰ ਹੀ ਵਾਰ-ਵਾਰ ਸਿੱਖਾਂ ਨੂੰ ਬੀਤੇ ਨੂੰ ਭੁੱਲ ਕੇ ਦੇਸ਼ ਦੀ ਉੱਨਤੀ ’ਚ ਭਾਈਵਾਲ ਬਣਨ ਦੀਆਂ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ।

ਜਾਂਚ ਕਮਿਸ਼ਨ/ ਕਮੇਟੀਆਂ ਦਾ ਵੇਰਵਾ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਪੜਤਾਲ ਲਈ ਹੁਣ ਤੱਕ 10 ਜਾਂਚ ਕਮੇਟੀਆਂ/ਕਮਿਸ਼ਨ ਅਤੇ ਇਕ ਵਿਸ਼ੇਸ਼ ਜਾਂਚ ਟੀਮ ਬਿਠਾਏ ਗਏ, ਪਰ ਇਨ੍ਹਾਂ ਨੇ ਕਈ ਮੁੱਖ ਦੋਸ਼ੀ ਜਾਂ ਤਾਂ ਬਰੀ ਕਰ ਦਿੱਤੇ ਜਾਂ ਉਨ੍ਹਾਂ ਨੂੰ ਕਦੇ ਵੀ ਦੋਸ਼ੀ ਨਹੀਂ ਮੰਨਿਆ। ਸਭ ਤੋਂ ਅਖ਼ੀਰਲਾ ਕਮਿਸ਼ਨ ‘ਨਾਨਾਵਤੀ ਕਮਿਸ਼ਨ’ ਸੀ, ਜਿਸ ਦੇ ਮੁਖੀ ਜਸਟਿਸ ਜੀ.ਟੀ. ਨਾਨਾਵਤੀ ਸਨ। ਇਸ ਕਮਿਸ਼ਨ ਦੀ 185 ਸਫ਼ਿਆਂ ਦੀ ਰਿਪੋਰਟ 9 ਫ਼ਰਵਰੀ, 2005 ਨੂੰ ਤਤਕਾਲੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਦਿੱਤੀ ਗਈ ਅਤੇ ਇਹ ਰਿਪੋਰਟ 8 ਅਗਸਤ 2005 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਸਾਲ 2015 ’ਚ ਕੇਂਦਰ ਦੀ ਮੋਦੀ ਸਰਕਾਰ ਵਲੋਂ ਸਿੱਖ ਕਤਲੇਆਮ ਦੇ ਅਣਸੁਲਝੇ ਅਤੇ ਬੰਦ ਪਏ ਪੁਲਿਸ ਮਾਮਲਿਆਂ ਨੂੰ ਮੁੜ ਖੋਲ੍ਹਣ ਲਈ ‘ਵਿਸ਼ੇਸ਼ ਜਾਂਚ ਟੀਮ’ ਦਾ ਗਠਨ ਕੀਤਾ ਗਿਆ ਸੀ, ਪਰ ਪੌਣੇ ਚਾਰ ਸਾਲ ਬਾਅਦ ਵੀ ਇਸ ਜਾਂਚ ਟੀਮ ਦੀ ਰਿਪੋਰਟ ਨਹੀਂ ਆ ਸਕੀ।

ਮਰਵਾਹ ਕਮਿਸ਼ਨ : ਉਸ ਵੇਲੇ ਦੇ ਐਡੀਸ਼ਨਲ ਕਮਿਸ਼ਨਰ ਪੁਲਿਸ ਵੇਦ ਮਰਵਾਹਾ ਦੀ ਅਗਵਾਈ ’ਚ ਨਵੰਬਰ 1984 ’ਚ ਬਣਾਏ ਇਸ ਪਹਿਲੇ ਕਮਿਸ਼ਨ ਨੂੰ ਸਿੱਖ ਵਿਰੋਧੀ ਕਤਲੇਆਮ ਦੌਰਾਨ ਪੁਲਿਸ ਦੀ ਭੂਮਿਕਾ ਤੇ ਡਿਊਟੀਆਂ ਦੀ ਪੜਤਾਲ ਕਰਨ ਲਈ ਕਿਹਾ ਗਿਆ ਸੀ। ਬਹੁਤ ਸਾਰੇ ਦਿੱਲੀ ਪੁਲਿਸ ਦੇ ਅਫ਼ਸਰ ਦਿੱਲੀ ਹਾਈ ਕੋਰਟ ਦੀ ਸ਼ਰਨ ਵਿਚ ਚਲੇ ਗਏ ਅਤੇ ਵੇਦ ਮਰਵਾਹਾ ਨੇ ਆਪਣੀ ਪੜਤਾਲ 1985 ਦੇ ਮੱਧ ਵਿਚ ਪੂਰੀ ਕੀਤੀ। ਉਨ੍ਹਾਂ ਨੂੰ ਗ੍ਰਹਿ ਮੰਤਰੀ ਵਲੋਂ ਅਗਾਂਹ ਨਾ ਵਧਣ ਦੇ ਨਿਰਦੇਸ਼ ਦਿੱਤੇ ਗਏ।

**ਮਿਸ਼ਰਾ ਕਮਿਸ਼ਨ** : ਮਈ 1985 ਵਿਚ ਸੁਪਰੀਮ ਕੋਰਟ ਦੇ ਤਤਕਾਲੀ ਜੱਜ ਜਸਟਿਸ ਰੰਗ ਨਾਥ ਮਿਸ਼ਰਾ ’ਤੇ ਆਧਾਰਿਤ ਸਥਾਪਤ ਕੀਤੇ ਗਏ ਇਸ ਕਮਿਸ਼ਨ ਨੇ ਆਪਣੀ ਰਿਪੋਰਟ ਅਗਸਤ 1986 ਵਿਚ ਪੇਸ਼ ਕੀਤੀ। ਛੇ ਮਹੀਨੇ ਬਾਅਦ ਫ਼ਰਵਰੀ 1987 ਵਿਚ ਇਹ ਰਿਪੋਰਟ ਜਨਤਕ ਕੀਤੀ ਗਈ। ਇਸ ਕਮਿਸ਼ਨ ਦੀ ਜਾਂਚ ਨੂੰ ਸਿੱਖ ਕਤਲੇਆਮ ਦੀ ਜਾਂਚ ਕਰ ਰਹੀਆਂ ਦੋ ਸਮਾਜ ਸੇਵੀ ਸੰਸਥਾਵਾਂ ‘ਪੀਪਲ ਯੂਨੀਅਨ ਫਾਰ ਡੈਮੋਕਰੇਟਿਵ ਰਾਈਟ’ ਅਤੇ ‘ਪੀਪਲ ਯੂਨੀਅਨ ਫਾਰ ਸਿਵਲ ਲਿਬਰਟੀ’ ਨੇ ਦੋਸ਼ੀਆਂ ਨੂੰ ਬਚਾਉਣ ਦਾ ਦੋਸ਼ ਲਾਉਂਦੇ ਹੋਏ ਠੁਕਰਾ ਦਿੱਤਾ ਸੀ।

ਕਪੂਰ-ਮਿੱਤਲ ਕਮੇਟੀ : ਜਸਟਿਸ ਦਲੀਪ ਕਪੂਰ ਅਤੇ ਉੱਤਰ ਪ੍ਰਦੇਸ਼ ਦੇ ਸੇਵਾਮੁਕਤ ਸਕੱਤਰ ਸ੍ਰੀਮਤੀ ਕੁਸਮ ਮਿੱਤਲ ਦੀ ਅਗਵਾਈ ਹੇਠ ਇਸ ਕਮੇਟੀ ਦਾ ਗਠਨ ਫ਼ਰਵਰੀ 1987 ਵਿਚ ਮਿਸ਼ਰਾ ਕਮਿਸ਼ਨ ਦੀ ਸਿਫ਼ਾਰਿਸ਼ ’ਤੇ ਪੁਲਿਸ ਦੀ ਭੂਮਿਕਾ ਦੀ ਜਾਂਚ ਲਈ ਕੀਤਾ ਗਿਆ ਸੀ। ਇਸ ਕਮੇਟੀ ਨੇ 1990 ਵਿਚ ਆਪਣੀ ਜਾਂਚ ਪੂਰੀ ਕੀਤੀ ਅਤੇ 72 ਪੁਲਿਸ ਅਫ਼ਸਰਾਂ ਦੀ ਪਛਾਣ ਕੀਤੀ, ਜਿਨ੍ਹਾਂ ਨੇ ਜਾਂ ਤਾਂ ਕਤਲੇਆਮ ਵੇਲੇ ਆਪਣੀ ਬਣਦੀ ਡਿਊਟੀ ਨਿਭਾਉਣ ਵਿਚ ਭਾਰੀ ਕੁਤਾਹੀ ਕੀਤੀ ਜਾਂ ਫ਼ਿਰ ਦੰਗਾਕਾਰੀਆਂ ਦੀ ਸ਼ਰੇਆਮ ਮਦਦ ਕੀਤੀ। ਕਮੇਟੀ ਨੇ 72 ਅਫ਼ਸਰਾਂ ਵਿਚੋਂ 30 ਪੁਲਿਸ ਅਫ਼ਸਰਾਂ ਨੂੰ ਤਾਂ ਨੌਕਰੀ ਤੋਂ ਤੁਰੰਤ ਬਰਖ਼ਾਸਤ ਕਰਨ ਦੀਆਂ ਸਿਫ਼ਾਰਿਸ਼ਾਂ ਵੀ ਕੀਤੀਆਂ ਸਨ ਪਰ ਅੱਜ ਤੱਕ ਇਨ੍ਹਾਂ ਵਿਚੋਂ ਕਿਸੇ ਪੁਲਿਸ ਅਧਿਕਾਰੀ ਨੂੰ ਕਿਸੇ ਤਰ੍ਹਾਂ ਦੀ ਕੋਈ ਸਜ਼ਾ ਨਹੀਂ ਹੋਈ। ਉਲਟਾ ਪੁਲਿਸ ਅਧਿਕਾਰੀਆਂ ਨੂੰ ਕਈ-ਕਈ ਤਰੱਕੀਆਂ ਵੀ ਦਿੱਤੀਆਂ ਗਈਆਂ।

ਜੈਨ ਬੈਨਰਜੀ ਕਮੇਟੀ : ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਐਮ.ਐਲ. ਜੈਨ ਅਤੇ ਸੇਵਾਮੁਕਤ ਆਈ.ਜੀ. ਏ.ਕੇ. ਬੈਨਰਜੀ ਦੀ ਅਗਵਾਈ ਵਾਲੀ ਜੈਨ ਬੈਨਰਜੀ ਕਮੇਟੀ ਨੇ ਅਗਸਤ 1987 ’ਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਨਵੰਬਰ 1987 ਵਿਚ ਸਾਰੀਆਂ ਪ੍ਰੈੱਸ ਰਿਪੋਰਟਾਂ ਵਿਚ ਲਿਖਿਆ ਗਿਆ ਕਿ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਦਸੰਬਰ 1987 ਵਿਚ ਕਾਂਗਰਸੀ ਆਗੂ ਅਤੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਇਕ ਸਾਥੀ ਬ੍ਰਹਮਾਨੰਦ ਗੁਪਤਾ ਨੇ ਦਿੱਲੀ ਹਾਈ ਕੋਰਟ ਵਿਚ ਕੇਸ ਕਰਕੇ ਇਸ ਕਮੇਟੀ ਖ਼ਿਲਾਫ਼ ਸਟੇਅ ਆਰਡਰ ਪ੍ਰਾਪਤ ਕਰ ਲਿਆ। ਆਖ਼ਰਕਾਰ ਅਗਸਤ 1989 ਵਿਚ ਇਸ ਕਮੇਟੀ ਨੂੰ ਖਾਰਜ ਕਰ ਦਿੱਤਾ ਗਿਆ।

ਪੋਟਾ ਰੋਸ਼ਾ ਕਮੇਟੀ : ਪੋਟਾ ਰੋਸ਼ਾ ਕਮੇਟੀ ਦਾ ਗਠਨ ਮਾਰਚ 1990 ਵਿਚ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਜੈਨ-ਬੈਨਰਜੀ ਕਮੇਟੀ ਦੇ ਕੰਮ ਨੂੰ ਅੱਗੇ ਵਧਾਉਣ ਲਈ ਕੀਤਾ ਗਿਆ।



ਅਗਸਤ 1990 ਵਿਚ ਪੋਟਾ ਰੋਸ਼ਾ ਦੀ ਸਿਫ਼ਾਰਿਸ਼ ’ਤੇ ਪੀੜਤਾਂ ਦੇ ਹਲਫ਼ੀਆ ਬਿਆਨ ਲੈ ਕੇ ਕੇਸ ਦਰਜ ਕਰਨ ਲਈ ਆਖਿਆ ਗਿਆ। ਇਨ੍ਹਾਂ ਵਿਚੋਂ ਇਕ ਸੱਜਣ ਕੁਮਾਰ ਦੇ ਖ਼ਿਲਾਫ਼ ਸੀ।

ਇਕ ਸੀ.ਬੀ.ਆਈ. ਦੀ ਟੀਮ ਸੱਜਣ ਕੁਮਾਰ ਦੇ ਘਰ ਗਈ, ਉਸ ਦੇ ਸਮਰਥਕਾਂ ਨੇ ਟੀਮ ਨੂੰ ਬੰਦੀ ਬਣਾ ਕੇ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਆਗੂ ਖ਼ਿਲਾਫ਼ ਕੋਈ ਕਦਮ ਚੁੱਕਿਆ ਤਾਂ ਟੀਮ ਦਾ ਨੁਕਸਾਨ ਕੀਤਾ ਜਾਵੇਗਾ। ਨਤੀਜੇ ਵਜੋਂ ਸਤੰਬਰ 1990 ਵਿਚ ਆਪਣਾ ਕਾਰਜਕਾਲ ਪੂਰਾ ਹੋਣ ’ਤੇ ਵੀ ਪੋਟਾ ਰੋਸ਼ਾ ਨੇ ਆਪਣੀ ਜਾਂਚ ਰਿਪੋਰਟ ਪੇਸ਼ ਨਹੀਂ ਕੀਤੀ।

ਜੈਨ-ਅਗਰਵਾਲ ਕਮੇਟੀ : ਦਸੰਬਰ 1990 ਵਿਚ ਗਠਿਤ ਕੀਤੀ ਇਸ ਕਮੇਟੀ ਦੇ ਮੈਂਬਰ ਦਿੱਲੀ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੇ.ਡੀ. ਜੈਨ ਅਤੇ ਉੱਤਰ ਪ੍ਰਦੇਸ਼ ਦੇ ਸੇਵਾ-ਮੁਕਤ ਡੀ.ਜੀ.ਪੀ. ਡੀ.ਕੇ. ਅਗਰਵਾਲ ਸਨ। ਇਸ ਕਮੇਟੀ ਨੇ ਕਾਂਗਰਸੀ ਆਗੂ ਐੱਚ.ਕੇ. ਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ। ਇਸ ਕਮੇਟੀ ਦੀਆਂ ਸਿਫ਼ਾਰਿਸ਼ਾਂ ’ਤੇ ਇਕ ਵੀ ਕੇਸ ਦਰਜ ਨਹੀਂ ਹੋਇਆ ਅਤੇ ਇਸ ਕਮੇਟੀ ਦੀ ਮਿਆਦ ਅਗਸਤ 1993 ਵਿਚ ਸਮਾਪਤ ਹੋ ਗਈ।

ਆਹੂਜਾ ਕਮੇਟੀ : ਆਹੂਜਾ ਕਮੇਟੀ ਦਾ ਮਕਸਦ ਦਿੱਲੀ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ ਪਤਾ ਕਰਨਾ ਸੀ। ਇਸ ਕਮੇਟੀ ਨੇ ਆਪਣੀ ਜਾਂਚ ਰਿਪੋਰਟ ਅਗਸਤ 1987 ਵਿਚ ਪੇਸ਼ ਕੀਤੀ ਅਤੇ ਇਕੱਲੀ ਦਿੱਲੀ ਵਿਚ 2733 ਸਿੱਖਾਂ ਦੇ ਮਾਰੇ ਜਾਣ ਦੀ ਸਰਕਾਰੀ ਰਿਕਾਰਡ ਅਨੁਸਾਰ ਪੁਸ਼ਟੀ ਕੀਤੀ।

ਢਿੱਲੋਂ ਕਮੇਟੀ : ਢਿੱਲੋਂ ਕਮੇਟੀ ਦਾ ਗਠਨ ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਹੇਠ 1985 ਵਿਚ ਕੀਤਾ ਗਿਆ ਅਤੇ ਇਸ ਦਾ ਮੁੱਖ ਉਦੇਸ਼ ਪੀੜਤਾਂ ਦਾ ਮੁੜ ਵਸੇਬਾ ਅਤੇ ਸਹਾਇਤਾ ਕਰਨਾ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ 1985 ਦੇ ਅਖ਼ੀਰ ਵਿਚ ਪੇਸ਼ ਕੀਤੀ। ਇਸ ਕਮੇਟੀ ਦੀ ਸਭ ਤੋਂ ਮਹੱਤਵਪੂਰਨ ਸਿਫ਼ਾਰਸ਼ ਸੀ ਕਿ ਸਿੱਖ ਕਤਲੇਆਮ ਦੌਰਾਨ ਸਿੱਖਾਂ ਦੇ ਜਿਹੜੇ ਇੰਸ਼ੋਰੈਂਸ ਹੋਏ ਵਪਾਰਕ ਅਦਾਰਿਆਂ ਦੀ ਸਾੜ-ਫੂਕ ਅਤੇ ਨੁਕਸਾਨ ਦਾ ਮੁਆਵਜ਼ਾ ਦੇਣ ਤੋਂ ਇੰਸ਼ੋਰੈਂਸ ਕੰਪਨੀਆਂ ਵਾਲੇ ਇਨਕਾਰ ਕਰ ਰਹੇ ਸਨ, ਉਨ੍ਹਾਂ ਅਦਾਰਿਆਂ ਦੇ ਨੁਕਸਾਨ ਦਾ ਮੁਆਵਜ਼ਾ ਇੰਸ਼ੋਰੈਂਸ ਕੰਪਨੀਆਂ ਵਲੋਂ ਸਰਕਾਰ ਦੇ ਹੁਕਮਾਂ ਅਨੁਸਾਰ ਜਲਦ ਤੋਂ ਜਲਦ ਦਿੱਤਾ ਜਾਵੇ। ਸਰਕਾਰ ਨੇ ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਨਹੀਂ ਮੰਨੀਆਂ ਅਤੇ ਜਿਸ ਦੇ ਨਤੀਜੇ ਵਜੋਂ ਸਾਰੇ ਦੇਸ਼ ਵਿਚ ਇੰਸ਼ੋਰੈਂਸ ਕੰਪਨੀਆਂ ਨੇ ਇੰਸ਼ੋਰੈਂਸ ਕਲੇਮ ਦੇਣ ਤੋਂ ਨਾਂਹ ਕਰ ਦਿੱਤੀ।


ਨਰੂਲਾ ਕਮੇਟੀ : ਨਰੂਲਾ ਕਮੇਟੀ ਦਾ ਗਠਨ ਦਸੰਬਰ 1993 ਵਿਚ ਦਿੱਲੀ ਦੇ ਮੁੱਖ ਮੰਤਰੀ ਮਦਨ ਲਾਲ ਖੁਰਾਣਾ ਦੀ ਸਰਕਾਰ ਸਮੇਂ ਹੋਇਆ। ਕਮੇਟੀ ਨੇ ਆਪਣੀ ਜਾਂਚ ਰਿਪੋਰਟ ਜਨਵਰੀ 1994 ਵਿਚ ਪੇਸ਼ ਕੀਤੀ, ਜਿਸ ਦੀ ਮੁੱਖ ਸਿਫਾਰਸ਼ ਕੇਂਦਰ ਸਰਕਾਰ ਨੂੰ ਇਸ ਮਸਲੇ ਵਿਚ ਗਰਾਂਟ ਮਨਜ਼ੂਰ ਕਰਨ ਲਈ ਕਹਿਣਾ ਸੀ। ਇਸ ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਕਿ ਐੱਚ.ਕੇ. ਐਲ. ਭਗਤ, ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਦੇ ਖ਼ਿਲਾਫ਼ ਕੇਸ ਦਰਜ ਕੀਤੇ ਜਾਣ।

ਨਾਨਾਵਤੀ ਕਮਿਸ਼ਨ : ਨਾਨਾਵਤੀ ਕਮਿਸ਼ਨ ਦੀ ਸਥਾਪਨਾ ਕੇਂਦਰ ’ਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੇ ‘ਕੌਮੀ ਜਮਹੂਰੀ ਗੱਠਜੋੜ’ ਦੀ ਸਰਕਾਰ ਬਣਨ ਤੋਂ ਬਾਅਦ 8 ਮਈ, 2000 ਨੂੰ ਰਾਜ ਸਭਾ ਦੇ ਇਕ ਸਰਬਸੰਮਤੀ ਵਾਲੇ ਫ਼ੈਸਲੇ ਵਿਚ ਕੀਤੀ ਗਈ। ਇਸ ਕਮਿਸ਼ਨ ਦੇ ਮੁਖੀ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੀ.ਟੀ. ਨਾਨਾਵਤੀ ਸਨ। ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਫ਼ਰਵਰੀ 2005 ਵਿਚ ਪੇਸ਼ ਕੀਤੀ। ਕਮਿਸ਼ਨ ਨੇ ਕਿਹਾ ਕਿ ਉਸ ਕੋਲ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ, ਧਰਮਦਾਸ ਸ਼ਾਸਤਰੀ ਅਤੇ ਐੱਚ.ਕੇ.ਐਲ. ਭਗਤ ਖ਼ਿਲਾਫ਼ ਪੁਖਤਾ ਸਬੂਤ ਹਨ ਕਿ ਉਨ੍ਹਾਂ ਨੇ ਭੀੜ ਨੂੰ ਹਿੰਸਾ ਲਈ ਉਕਸਾਇਆ ਸੀ। ਕਮਿਸ਼ਨ ਨੇ ਇਸ ਦੇ ਨਾਲ ਹੀ ਸਿੱਖ ਕਤਲੇਆਮ ਵੇਲੇ ਦੇ ਦਿੱਲੀ ਪੁਲਿਸ ਕਮਿਸ਼ਨਰ ਐਸ.ਸੀ. ਟੰਡਨ ਨੂੰ ਸਿੱਧੇ ਤੌਰ ’ਤੇ ਇਸ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ। ਜਦੋਂ ਇਹ ਰਿਪੋਰਟ ਪੇਸ਼ ਹੋਈ ਤਾਂ ਉਸ ਵੇਲੇ ਕੇਂਦਰ ’ਚ ਕਾਂਗਰਸ ਦੀ ਸਰਕਾਰ ਬਣ ਚੁੱਕੀ ਸੀ ਅਤੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ, ਜੋ ਕਿ ਇਕ ਸਿੱਖ ਹਨ, ਨੂੰ ਵੀ ਇਸ ਕਤਲੇਆਮ ਲਈ ਸੰਸਦ ਵਿਚ ਸਿੱਖਾਂ ਕੋਲੋਂ ਮੁਆਫ਼ੀ ਮੰਗਣੀ ਪਈ।

ਮੋਦੀ ਸਰਕਾਰ ਦੀ ਵਿਸ਼ੇਸ਼ ਜਾਂਚ ਟੀਮ : ਭਾਜਪਾ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਵਾਅਦਾ ਕੀਤਾ ਸੀ ਕਿ ਉਸ ਦੀ ਸਰਕਾਰ ਬਣਨ ਤੋਂ ਬਾਅਦ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਜਾਵੇਗਾ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਬਣਨ ਤੋਂ ਬਾਅਦ 12 ਫ਼ਰਵਰੀ, 2015 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ, ਜਿਸ ਵਿਚ ਸਾਬਕਾ ਆਈ.ਪੀ.ਐਸ. ਅਧਿਕਾਰੀ ਪ੍ਰਮੋਦ ਅਸਥਾਨਾ, ਦਿੱਲੀ ਪੁਲਿਸ ਦੇ ਏ.ਡੀ.ਸੀ. ਕੁਮਾਰ ਗਿਆਨੇਸ਼ ਤੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਸ਼ਾਮਿਲ ਹਨ। ਇਸ ਟੀਮ ਨੂੰ ਛੇ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪਣ ਲਈ ਆਖਿਆ ਗਿਆ ਸੀ, ਪਰ ਅਜੇ ਤੱਕ ਜਾਂਚ ਮੁਕੰਮਲ ਨਹੀਂ ਹੋ ਸਕੀ। ਇਕ ਦਰਜਨ ਦੇ ਕਰੀਬ



ਜਾਂਚ ਕਮਿਸ਼ਨ/ਕਮੇਟੀਆਂ/ ਵਿਸ਼ੇਸ਼ ਜਾਂਚ ਟੀਮਾਂ, 3600 ਤੋਂ ਵਧੇਰੇ ਗਵਾਹ, 32 ਸਾਲ ਦਾ ਵਕਫ਼ਾ ਅਤੇ ਅਦਾਲਤਾਂ ’ਚ ਇਨਸਾਫ਼ ਲਈ ਪੀੜਤਾਂ ਦੀਆਂ ਪੁਕਾਰਾਂ ਵੀ ਦੋਸ਼ੀਆਂ ਨੂੰ ਕਟਹਿਰੇ ’ਚ ਖੜ੍ਹਾ ਨਹੀਂ ਕਰ ਸਕੀਆਂ। ਨਿਆਂਪਾਲਿਕਾ ਨੇ ਵੀ ਸਿੱਖਾਂ ਨਾਲ ਇਨਸਾਫ਼



ਕਰਨ ਦੀ ਥਾਂ ਸਿਰਫ਼ ਖੱਜਲ-ਖੁਆਰੀ ਅਤੇ ਬੇਗਾਨੇਪਣ ਦਾ ਦਰਦ ਹੀ ਦਿੱਤਾ ਹੈ। ਇਕੱਲੇ ਨਵੀਂ ਦਿੱਲੀ ’ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ਼ 11 ਮਾਮਲਿਆਂ ਵਿਚ 30 ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ, ਜਿਨ੍ਹਾਂ ਵਿਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜਿਸ਼ਕਾਰ ਅਤੇ ਅਗਵਾਈ ਕਰਨ ਵਾਲੇ ਵੱਡੇ ਆਗੂ ਨੂੰ ਸਜ਼ਾ ਨਹੀਂ ਮਿਲੀ। ਸਰਕਾਰੀ ਅੰਕੜਿਆਂ ਮੁਤਾਬਿਕ ਹਮਲੇ ਕਰਨ, ਸੱਟਾਂ ਮਾਰਨ ਦੇ ਅਤੇ ਹੋਰ 450 ਮਾਮਲਿਆਂ ਵਿਚੋਂ ਵੀ ਮਾਮੂਲੀ ਜਿਹੀ ਸਜ਼ਾ ਸਿਰਫ਼ 200 ਵਿਅਕਤੀਆਂ ਨੂੰ ਹੀ ਹੋਈ। ਇਸ ਦੀ ਨਿਸਬਤ ਦੇਖਿਆ ਜਾਵੇ ਤਾਂ ਸਾਲ 2002 ’ਚ ਗੁਜਰਾਤ ਕਤਲੇਆਮ ਦੌਰਾਨ 1100 ਦੇ ਲਗਭਗ ਮੁਸਲਮਾਨਾਂ ਦੇ ਕਤਲੇਆਮ ਦੇ ਦੋਸ਼ ਵਿਚ ਹੁਣ ਤੱਕ 130 ਦੋਸ਼ੀਆਂ ਨੂੰ ਉਮਰ ਕੈਦ, 10 ਦੋਸ਼ੀਆਂ ਨੂੰ ਫਾਂਸੀ ਅਤੇ ਇਕ ਤਤਕਾਲੀ ਮੰਤਰੀ ਮਾਇਆ ਕੋਡਨਾਨੀ ਨੂੰ 28 ਸਾਲ ਦੀ ਸਜ਼ਾ ਸੁਣਾਈ ਗਈ। ਸਿੱਖ ਕਤਲੇਆਮ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ’ਚ ਅਜਿਹੀ ਸ਼ਿੱਦਤ ਕਿਉਂ ਨਹੀਂ ਦਿਖਾਈ ਗਈ? ਇਹ ਸਵਾਲ ਸਾਡੇ ਦੇਸ਼ ਦੀ ਜਮਹੂਰੀਅਤ, ਧਰਮ-ਨਿਰਪੱਖਤਾ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਸੋਚ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਉਂਦੇ ਹਨ।

ਕਾਂਗਰਸ ਵਲੋਂ ਅਕਸਰ 1984 ਦੇ ਸਿੱਖ ਕਤਲੇਆਮ ਲਈ ਪ੍ਰਗਟ ਕੀਤੇ ਜਾਂਦੇ ਅਫ਼ਸੋਸ ’ਚੋਂ ‘ਦੰਭ’ ਦੀ ਬੋਅ ਵੀ ਆਉਂਦੀ ਹੈ। ਸਿੱਖ ਕਤਲੇਆਮ ਦੀਆਂ ਜਾਂਚ-ਰਿਪੋਰਟਾਂ ਹੀ ਇਹ ਗੱਲ ਸਾਬਤ ਕਰਦੀਆਂ ਹਨ ਕਿ ਇਹ ਕਤਲੇਆਮ ਇਕ ਯੋਜਨਾਬੱਧ, ਸਰਕਾਰੀ ਅਤੇ ਪ੍ਰਸ਼ਾਸਨਿਕ ਸਰਪ੍ਰਸਤੀ ਹੇਠ ਹੋਇਆ ਸੀ। ਇਸ ਕਤਲੇਆਮ ਲਈ ਸਰਕਾਰ ਸਿੱਧੇ ਤੌਰ ’ਤੇ ਦੋਸ਼ੀ ਹੈ। ਸਰਕਾਰ ਵਲੋਂ ਸਿੱਖ ਕਤਲੇਆਮ ਦੀ ਪਹਿਲੀ ਵਾਰ ਮੁਆਫ਼ੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਹੀ ਮੰਗੀ ਸੀ, ਜਿਹੜੇ ਖ਼ੁਦ ਪੀੜਤ ਭਾਈਚਾਰੇ ਨਾਲ ਸਬੰਧਿਤ ਹਨ। ਕਾਂਗਰਸ ਹਮੇਸ਼ਾ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ ‘ਕਤਲੇਆਮ’ ਵਜੋਂ ਕਬੂਲ ਕਰਨ ਤੋਂ ਵੀ ਭੱਜਦੀ ਰਹੀ ਹੈ। ਕਾਂਗਰਸ ਆਗੂ ਅਕਸਰ ਸਿੱਖ ਕਤਲੇਆਮ ਲਈ ‘ਟਰੈਜ਼ਿਟੀ’ ਸ਼ਬਦ ਦੀ ਵਰਤੋਂ ਕਰਦੇ ਹਨ, ਜਿਹੜਾ ਸਿਧਾਂਤਕ ਤੌਰ ’ਤੇ ਸਾਬਤ ਕਰਦਾ ਹੈ ਕਿ ਕਾਂਗਰਸ ਹਾਲੇ ਤੱਕ ਸਿੱਖਾਂ ਦੀ ਯੋਜਨਾਬੱਧ ਨਸਲਕੁਸ਼ੀ ਨੂੰ ‘ਟਰੈਜ਼ਿਟੀ’, ‘ਦੁਖਾਂਤ’ ਜਾਂ ‘ਹਾਦਸਾ’ ਆਖ ਕੇ ‘ਕਤਲੇਆਮ’ ਮੰਨਣ ਤੋਂ ਭੱਜ ਰਹੀ ਹੈ। ਕਾਂਗਰਸ ਵਲੋਂ ਜਦੋਂ ਵੀ ਸਿੱਖ ਭਾਈਚਾਰੇ ਨੂੰ 1984 ਦੇ ਕਤਲੇਆਮ ਨੂੰ ਭੁੱਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਉਸ ਦਾ ਅੰਦਾਜ਼ ਕਤਲੇਆਮ ਨੂੰ ਨਿਆਂਸੰਗਤ ਠਹਿਰਾਉਣ ਵਾਲਾ ਹੁੰਦਾ ਹੈ। ਕਾਂਗਰਸ ਦੇ 125 ਸਾਲਾ ਇਤਿਹਾਸ ਦੀ ਪੁਸਤਕ ‘ਸੈਂਟੇਨੇਰੀ ਹਿਸਟਰੀ ਆਫ਼ ਦ ਇੰਡੀਅਨ ਨੈਸ਼ਨਲ ਕਾਂਗਰਸ’ ਵਿਚ ਵੀ ਸਿੱਖਾਂ ਨੂੰ 1984 ਦੇ ਘੱਲੂਘਾਰੇ ਨੂੰ ਭੁੱਲਣ ਲਈ ਆਖਿਆ ਗਿਆ ਹੈ। ਪੁਸਤਕ ਦੇ ਅਧਿਆਏ ‘ਹਿੰਦੂ ਕਮਿਊਨਲ ਚੈਲੇਂਜ 1964, 1984’ ਵਿਚ ਇਹ ਤਾਂ ਮੰਨਿਆ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ’ਚ ਸਿੱਖਾਂ ਦੇ ਵੱਡੇ ਪੱਧਰ ’ਤੇ ਹਮਲੇ ਹੋਏ ਅਤੇ ਜ਼ਿਆਦਾਤਰ ਮਾਮਲਿਆਂ ’ਚ ਇਨ੍ਹਾਂ ਹਮਲਿਆਂ ਦੀ ਅਗਵਾਈ ਕਾਂਗਰਸ ਦੇ ਆਗੂਆਂ ਨੇ ਕੀਤੀ। ਪੁਸਤਕ ’ਚ ਕਿਹਾ ਗਿਆ ਹੈ ਕਿ, ‘ਹੁਣ ਇਤਿਹਾਸ ਸਮੇਂ ਦਾ ਪੂਰਾ ਚੱਕਾ ਕੱਟ ਚੁੱਕਿਆ ਹੈ। ਕਦੇ ਨਵੰਬਰ 1984 ’ਚ ਸਿੱਖ ਆਪਣੀ ਪਛਾਣ ਲੁਕਾਉਣ ਲਈ ਮਜਬੂਰ ਸਨ, ਪਰ ਮਈ, 2004 ’ਚ ਸਿੱਖ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਸਭ ਤੋਂ ਵੱਡੇ ਲੋਕਤੰਤਰ ਦੀ ਕਾਰਜਪਾਲਿਕਾ ਦੇ ਸਰਬਉੱਚ ਅਹੁਦੇ ਲਈ ਚੁਣਿਆ ਗਿਆ ਹੈ, ਤਾਂ ਅਜਿਹੇ ’ਚ ਸਿੱਖਾਂ ਨੂੰ ਅਤੀਤ ਨਾਲ ਬੱਝੇ ਨਾ ਰਹਿ ਕੇ ਭਵਿੱਖ ਵੱਲ ਦੇਖਣਾ ਚਾਹੀਦਾ ਹੈ।’ ਪੁਸਤਕ ਦੀ ਇਹ ਇਬਾਰਤ ਬਿਨਾਂ ਇਨਸਾਫ਼ ਦਿੱਤਿਆਂ ਹੀ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਬੜੇ ਸਾਜਿਸ਼ੀ ਤਰੀਕੇ ਨਾਲ ਕਹਿ ਰਹੀ ਹੈ ਕਿ ਉਸ ਸਾਕੇ ਨੂੰ ਭੁੱਲ ਜਾਓ। ਵਿਰੋਧੀ ਧਿਰ ’ਚ ਹੁੰਦਿਆਂ ਭਾਜਪਾ ਵਲੋਂ ਕਾਂਗਰਸ ਨੂੰ ਸਿੱਖ ਵਿਰੋਧੀ ਕਤਲੇਆਮ ਲਈ ਸਿਆਸੀ ਫਰੰਟ ’ਤੇ ਘੇਰਿਆ ਜਾਂਦਾ ਰਿਹਾ ਹੈ ਪਰ ਹੁਣ ਭਾਰਤ ਦੀ ਕੇਂਦਰ ’ਚ ਭਾਜਪਾ ਦੇ ਬਹੁਮਤ ਵਾਲੀ ਸਰਕਾਰ ਹੈ ਤਾਂ ਭਾਜਪਾ ਨੂੰ ਇਨਸਾਫ਼ ਲਈ ਦੋਸ਼ੀਆਂ ਨੂੰ ਕਟਹਿਰੇ ’ਚ ਖੜ੍ਹਾ ਕਰਕੇ ਮਿਸਾਲੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਦੇ ਮਾਮਲੇ ’ਤੇ ਸ਼੍ਰੋਮਣੀ ਅਕਾਲੀ ਦਲ ਦੀ ਰਣਨੀਤੀ ’ਤੇ ਵੀ ਸਵਾਲ ਉੱਠਦੇ ਹਨ ਕਿ ਜਦੋਂ ਉਹ ਸੱਤਾ ’ਚ ਹੁੰਦਾ ਹੈ ਤਾਂ ਉਦੋਂ ਉਹ ਚੁੱਪ ਕਰ ਜਾਂਦਾ ਹੈ ਪਰ ਸੱਤਾ ਤੋਂ ਬਾਹਰ ਹੋ ਕੇ ਉਹ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਧਰਨੇ-ਸੰਘਰਸ਼ ਵਿੱਢ ਲੈਂਦਾ ਹੈ। ਨਵੰਬਰ 1984 ਤੋਂ ਬਾਅਦ ਪੰਜਾਬ ’ਚ ਤਿੰਨ ਵਾਰ ਸੱਤਾ ’ਚ ਹੁੰਦਿਆਂ ਅਤੇ ਕੇਂਦਰ ’ਚ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੀ ਦੋ ਵਾਰ ਸਰਕਾਰ ਰਹਿਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਪੂਰਨ ਇਨਸਾਫ਼ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦੁਆ ਸਕਿਆ। ਅਜੇ ਵੀ ਸਮਾਂ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਫਾਸਟ ਟਰੈਕ ਅਦਾਲਤਾਂ ਰਾਹੀਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਏ ਅਤੇ ਪੀੜਤਾਂ ਦੇ ਪੂਰਨ ਮੁੜ-ਵਸੇਬੇ ਲਈ ਵੱਡੀ ਪਹਿਲਕਦਮੀ ਕਰਨ ਲਈ ਅੱਗੇ ਆਵੇ। ਅਜਿਹਾ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਕੇਂਦਰ ਵਿਚ ਆਪਣੀ ਭਾਈਵਾਲ ਪਾਰਟੀ ’ਤੇ ਦਬਾਅ ਪਾਉਣਾ ਚਾਹੀਦਾ ਹੈ। ਸਿੱਖ ਕੌਮ ਨੂੰ 1984 ਦੇ ਦਰਦ ਵਿਚੋਂ ਬਾਹਰ ਕੱਢਣ ਅਤੇ ਭਾਰਤ ਦੀ ਬਹੁਪੱਖੀ ਤਰੱਕੀ ’ਚ ਬਰਾਬਰ ਦਾ ਭਾਈਵਾਲ ਬਣਾਉਣ ਲਈ ਸਿੱਖਾਂ ਅਤੇ ਪੰਜਾਬ ਦੇ ਉਨ੍ਹਾਂ ਚਿਰੋਕਣੇ ਮਸਲਿਆਂ ਨੂੰ ਵੀ ਫ਼ੌਰੀ ਤੌਰ ’ਤੇ ਹੱਲ ਕਰਨਾ ਚਾਹੀਦਾ ਹੈ, ਜਿਹੜੇ 1984 ਦੇ ਘੱਲੂਘਾਰੇ ਦੀ ਪਿੱਠਭੂਮੀ ਨਾਲ ਜੁੜੇ ਹੋਏ ਹਨ।



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ



ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਜਥੇਦਾਰ ਪਾਖਰ ਸਿੰਘ ਅਕਾਲੀ



Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ



ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ



Varinder Singh Nijjar    Jagbir Singh Nijjar

# ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

## ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
CHARKHA's
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ

# ਸਿੱਖ ਕਤਲੇਆਮ ਦੀ ਬੇ-ਇਨਸਾਫੀ




ਨਵੰਬਰ 1984 ਦਾ ਪਹਿਲਾਂ ਹਫਤਾ ਦਿੱਲੀ ਚ ਘੁੱਗ ਵਸਦੇ ਸਿੱਖਾਂ ਤੇ ਢਾਹੇ ਗਏ ਅਜਿਹੇ ਕਹਿਰ ਦਾ ਸਮਾ ਸੀ,ਜਿਸ ਨੇ ਨਾ ਸਿਰਫ ਸਿੱਖਾਂ ਦੀ ਇੱਜਤ ਆਬਰੂ ਨਾਲ ਖਿਲਬਾੜ ਕਰਕੇ ਬੇਰਹਿਮੀ ਨਾਲ ਕਤਲਿਆਮ ਕੀਤਾ,ਬਲਕਿ ਸਿੱਖ ਮਨਾਂ ਚ ਧੁਖਦੀ ਬੇਗਾਨਗੀ ਦੀ ਅਗਨੀ ਨੂੰ ਹੋਰ ਪਰਚੰਡ ਕਰ ਦਿੱਤਾ। ਦਿੱਲੀ ਚ ਦਹਾਕਿਆਂ ਤੋ ਸਾਨ ਨਾਲ ਵਸਦੇ ਸਿੱਖਾਂ ਦੇ ਪਰਿਵਾਰ ਅਤੇ ਕਾਰੋਬਾਰ ਪਲਾਂ ਚ ਸਾੜ ਕੇ ਸੁਆਹ ਕਰ ਦਿੱਤੇ ਗਏ। ਧੀਆਂ ਅਪਣੇ ਮਾਪਿਆਂ ਤੋਂ ਵਾਂਝੀਆਂ ਹੋ ਗਈਆਂ,ਭੈਣਾਂ ਦੇ ਸਾਹਮਣੇ ਭਰਾਵਾਂ ਦੇ ਕਤਲ ਹੁੰਦੇ ਰਹੇ, ਨਿਹੱਥੀਆਂ ਅਤੇ ਬੇਬੱਸ ਮਾਂਤਾਵਾਂ ਅਪਣੀ ਅਤੇ ਅਪਣੀਆਂ ਧੀਆਂ ਦੀ ਪਤ ਰੁਲਵਾ ਕੇ ਅਧ ਸੜੀਆਂ ਲਾਸਾਂ ਬਣ ਗਈਆਂ। ਪਰਿਵਾਰ ਦੇ ਮੁੱਖੀ ਗਲਾਂ ਚ ਪਏ ਜਲਦੇ ਟਾਇਰਾਂ ਨਾਲ ਝੁਲਸ ਕੇ ਮਰਨ ਤੋ ਪਹਿਲਾਂ ਸਾਹਮਣੇ ਪਰਿਵਾਰ ਦੀ ਆਬਰੂ ਨੂੰ ਤਾਰ ਤਾਰ ਹੁੰਦਾ ਦੇਖ ਅੱਗ ਦੇ ਨਾਲ ਨਹੀ ਬਲਕਿ ਬੇਬਸ ਹੋਈ ਗੈਰਤ ਦੇ ਜਵਾਰਭਾਟੇ ਨਾਲ ਦਮ ਤੋੜਦੇ ਰਹੇ। ਅਧੁਨਿਕ ਦੁਨੀਆਂ ਦੇ ਇਸ ਸਭ ਤੋ ਭਿਅੰਕਰ ਅਤੇ ਹੌਲਨਾਕ ਵਰਤਾਰੇ ਦੀ ਗੱਲ ਕਰਨ ਤੋਂ ਪਹਿਲਾਂ ਇੱਕ ਨਜਰ ਉਸ ਪਿਛੋਕੜ ਤੇ ਵੀ ਲਾਜਮੀ ਮਾਰਨੀ ਪਵੇਗੀ, ਜਿੱਥੋਂ ਇਸ ਵਰਤਾਰੇ ਦਾ ਮੁੱਢ ਬੱਝਦਾ ਹੈ, ਤਾਂ ਕਿ ਸਿੱਖ ਰਾਜ ਖੁੱਸ ਜਾਣ ਤੋਂ ਬਾਅਦ ਸਿੱਖ ਕੌਂਮ ਦੇ ਪੱਲੇ ਪਈਆਂ ਖੱਜਲ ਖੁਆਰੀਆਂ ਦੀ ਜੜ ਤੱਕ ਪੁੱਜਿਆ ਜਾ ਸਕੇ। ਇਹ ਦੇ ਵਿੱਚ ਹੁਣ ਕਿਸੇ ਨੂੰ ਕੋਈ ਭੁਲੇਖਾ ਨਹੀ ਕਿ ਦੇਸ ਦੀ ਅਜਾਦੀ ਵੇਲੇ ਦੀ ਸਿੱਖ ਲੀਡਰਸ਼ਿਪ ਅੰਗਰੇਜਾਂ ਵੱਲੋਂ ਖੋਹੇ ਗਏ ਵਿਸਾਲ ਖਾਲਸਾ ਰਾਜ ਨੂੰ ਵਾਪਸ ਲੈਣ ਦਾ ਚੇਤਾ ਅਸਲੋਂ ਹੀ ਵਿਸਾਰ ਚੁੱਕੀ ਸੀ। 1849 ਤੋਂ ਬਾਅਦ ਅੰਗਰੇਜ ਹਕੂਮਤ ਨੇ ਬੜੀ ਚਲਾਕੀ ਨਾਲ ਗੁਰਦੁਅਰਾ ਪ੍ਰਬੰਧ ਤੇ ਅਪਣੇ ਵਫਾਦਾਰ ਸਾਧ ਲਾਣੇ ਦਾ ਕਬਜਾ ਕਰਵਾ ਦਿੱਤਾ,ਜਿੰਨਾਂ ਨੇ ਮਰਯਾਦਾ ਅਤੇ ਸਿੱਖੀ ਸਿਧਾਂਤ ਤਹਿਸ ਨਹਿਸ ਕਰ ਕੇ ਸਮੁੱਚਾ ਗੁਰਦੁਆਰਾ ਪ੍ਰਬੰਧ ਬ੍ਰਾਹਮਣੀ ਰੰਗ ਵਿੱਚ ਰੰਗ ਲਿਆ। ਅੰਗਰੇਜਾਂ ਵੱਲੋਂ ਕੀਤੇ ਗਏ ਕਬਜੇ ਨੇ ਜਿੱਥੇ ਸਿੱਖ ਕੌਮ ਦਾ ਸਿਧਾਂਤਕ ਨੁਕਸਾਨ ਕੀਤਾ, ਓਥੇ ਬ੍ਰਾਂਹਮਣਵਾਦ ਦੁਆਰਾ ਫੈਲਾਏ ਜਾ ਰਹੇ ਫੋਕਟ ਕਰਮਕਾਂਡਾਂ ਨੂੰ ਉਤਸਾਹਤ ਕਰਨ ਵਿੱਚ ਵੀ ਉਹਨਾਂ ਦੀ ਮਦਦ ਕੀਤੀ। ਸਿੱਖਾਂ ਨੇ ਭਾਂਵੇਂ ਲੰਮੀ ਜੱਦੋਜਹਿਦ ਨਾਲ ਗੁਰਦੁਆਰੇ ਤਾਂ ਅਜਾਦ ਕਰਵਾ ਲਏ, ਪ੍ਰੰਤੂ ਰਲਗੱਡ ਹੋ ਚੁੱਕੀ ਸਿੱਖ ਮਰਿਯਾਦਾ ਚੋ ਬ੍ਰਾਂਹਮਣੀ ਕਰਮਕਾਂਡ ਨੂੰ ਪੂਰੀ ਤਰਾਂ ਅਲੱਗ ਕਰਵਾਉਣ ਵਿੱਚ ਕਾਮਯਾਬ ਨਾ ਹੋ ਸਕੇ। ਇਹੋ ਕਾਰਨ ਹੈ ਕਿ ਅਜਾਦੀ ਤੋਂ ਬਾਅਦ ਆਰ ਐਸ ਐਸ ਗੁਰਦੁਆਰਾ ਪ੍ਰਬੰਧ ਤੇ ਬਹੁਤ ਸੌਖਿਆਂ ਹੀ ਭਾਰੂ ਪੈ ਗਈ। ਜਿਸ ਦਾ ਖਮਿਆਜਾ ਸਿੱਖ ਅੱਜ ਤੱਕ ਭੁਗਤਦੇ ਆ ਰਹੇ ਹਨ। ਅਜਾਦੀ ਤੋ ਬਾਅਦ ਮੁਸਲਮਾਨਾਂ ਨੂੰ ਅਪਣਾ ਮੁਲਕ ਪਾਕਿਸਤਾਨ ਮਿਲ ਗਿਆ ਤੇ ਹਿੰਦੂਆਂ ਨੂੰ ਭਾਰਤ,ਜਦੋਂ ਕਿ ਸਿੱਖ ਕੌਂਮ ਬਾਦਸਾਹੀ ਤੇ ਪਾਤਸਾਹੀ ਦੋਨੋ ਹੀ ਖੋ ਬੈਠੀ। ਅੰਗਰੇਜਾਂ ਤੋ ਗੁਰਦੁਆਰੇ ਅਜਾਦ ਕਰਵਾਉਣ ਲਈ ਗੁਰਦੁਆਰਾ ਪ੍ਰਬੰਧ ਦੀ ਲੜਾਈ ਲੜਦੇ ਲੜਦੇ ਸਿੱਖ, ਵਿਸਾਲ ਖਾਲਸਾ ਰਾਜ ਨੂੰ ਚੇਤਿਆਂ ਚੋ ਵਿਸਾਰ ਬੈਠੇ,ਜਿਸ ਦਾ ਫਾਇਦਾ ਚਲਾਕ ਬ੍ਰਾਂਹਮਣੀ ਸੋਚ ਨੇ ਖੂਬ ਉਠਾਇਆ ਤੇ ਸਿੱਖਾਂ ਨੂੰ ਅਜਾਦੀ ਦੀ ਲੜਾਈ ਚ ਦੱਬ ਕੇ ਵਰਤਿਆ। ਨਤੀਜੇ ਵਜੋਂ ਅਜਾਦੀ ਦੀ ਲੜਾਈ ਚ ਸਿੱਖਾਂ ਦਾ ਯੋਗਦਾਨ 93 ਫੀਸਦੀ ਰਿਹਾ, ਪਰ ਦੇਸ ਅਜਾਦ ਹੁੰਦਿਆਂ ਹੀ ਸਿੱਖਾਂ ਨੂੰ ਬਦਲੇ ਚ ਮਿਲਿਆ ਮੁਜਰਮਾਨਾ ਬਿਰਤੀ ਦਾ ਤੋਹਫਾ। (ਅਕਤੂਬਰ 1947 ਵਿੱਚ ਪੰਜਾਬ ਦੇ ਗਵਰਨਰ ਨੇ ਸੂਬੇ ਦੇ ਡਿਪਟੀ ਕਮਿਸਨਰਾਂ ਨੂੰ ਇੱਕ ਗਸਤੀ ਪੱਤਰ ਜਾਰੀ ਕੀਤਾ, ਜਿਸ ਵਿੱਚ ਸਿੱਖਾਂ ਨੂੰ ਮੁਜਰਮਾਨਾਂ ਬਿਰਤੀ ਵਾਲੇ ਕਰਾਰ ਦਿੰਦਿਆਂ ਉਹਨਾਂ ਤੇ ਨਜਰ ਰੱਖਣ ਦੇ ਹੁਕਮ ਦਿੱਤੇ ਗਏ ਸਨ) ਰਾਜ ਭਾਗ ਸਿੱਖ ਪਹਿਲਾਂ ਅੰਗਰੇਜਾਂ ਨੂੰ ਹਾਰ ਗਏ ਤੇ 1947 ਤੋ ਬਾਅਦ ਗੁਰਦੁਆਰਾ ਪਰਬੰਧ ਤੇ ਨਾਗਪੁਰੀ ਸੋਚ ਭਾਰੂ ਪੈ ਗਈ। ਇਹ ਕੌੜਾ ਸੱਚ ਹੈ ਕਿ ਦੇਸ ਵੰਡ ਤੋਂ ਬਾਅਦ ਵੀ ਜੋ ਸਿੱਖ ਆਗੂਆਂ ਦੀ ਵਾਰਸ ਵਜੋਂ ਸਿੱਖ ਲੀਡਰਸ਼ਿਪ ਉੱਭਰ ਕੇ ਸਾਹਮਣੇ ਆਈ,ਉਹ ਵੀ ਸਿੱਖੀ ਸਿਧਾਂਤਾਂ ਤੇ ਖਰੀ ਨਹੀ ਉੱਤਰ ਸਕੀ। ਸਿੱਖੀ ਸਿਧਾਤਾਂ ਤੇ ਹੀ ਨਹੀ,ਬਲਕਿ ਲੋਕ ਕਸਵੱਟੀ ਤੇ ਵੀ ਖਰੀ ਨਾ ਉੱਤਰ ਸਕੀ। ਇਸ ਦਾ ਕਾਰਨ ਇਹ ਸੀ ਕਿ ਇਸ ਕੱਟੜਵਾਦੀ ਨਾਗਪੁਰੀ ਸੋਚ ਨੇ ਸਿੱਖਾਂ ਨੂੰ ਆਪਸ ਵਿੱਚ ਵੰਡ ਦਿੱਤਾ।ਸਰਮਾਏਦਾਰ ਸਿੱਖ ਨੂੰ ਕਾਰੋਬਾਰਾਂ ਦੀ ਬੁਰਕੀ ਪਾ ਕੇ ਆਪਣੇ ਵਫਾਦਾਰ ਬਣਾ ਲਿਆ ਅਤੇ ਸਿੱਖ ਕੰਮ ਦੇ ਆਗੂਆਂ ਵਜੋਂ ਸਥਾਪਤ ਕਰ ਦਿੱਤਾ। ਆਮ ਸਿੱਖ ਧੜੇਬੰਦੀਆਂ ਚ ਉਲਝ ਕੇ ਆਪਸ ਵਿੱਚ ਲੜਨ ਜੋਗੇ ਰਹਿ ਗਏ। ਅਜਾਦੀ ਤੋਂ ਬਾਅਦ ਜਿਵੇਂ ਜਿਵੇਂ ਗੁਰਦੁਆਰਾ ਪਰਬੰਧ ਚ ਨਿਘਾਰ ਆਉਂਦਾ ਗਿਆ,ਤਿਵੇਂ ਤਿਵੇਂ ਸਿੱਖੀ ਸਰੂਪ ਤੇ ਹਮਲੇ ਵੱਧਦੇ ਗਏ ਅਤੇ ਲੀਡਰਸ਼ਿਪ ਵੀ ਨਿਘਾਰ ਚ ਹੋਰ ਗਰਕਦੀ ਚਲੀ ਗਈ,ਜਿਸ ਦਾ ਨੁਕਸਾਨ ਕੌਂਮ ਨੇ ਹੱਕ ਲੈਣ ਲਈ ਲਾਏ ਹਰ ਮੋਰਚੇ ਦੀ ਨਾਕਾਮਯਾਬੀ ਨਾਲ ਝੱਲਿਆ। ਨਿੱਜੀ ਲੋਭ ਲਾਲਸਾ ਕਾਰਨ ਖੋਟੀ ਹੋ ਚੁਕੀ ਸਿੱਖ ਲੀਡਰਸ਼ਿਪ ਕਰਕੇ ਕੋਈ ਪਰਾਪਤੀ ਕੀਤੇ ਬਗੈਰ ਹੀ ਮੋਰਚੇ ਸਮਾਪਤ ਹੁੰਦੇ ਰਹੇ। ਲਗਾਤਾਰ 18 ਸਾਲ ਤੱਕ ਪੰਜਾਬੀ ਸੂਬੇ ਲਈ ਲੜਦੇ ਸਿੱਖਾਂ ਨੇ ਸੂਬਾ ਵੀ ਲੰਗੜਾ ਕਰਵਾ ਲਿਆ,ਪਾਣੀ ਵੀ ਗੁਆ ਲਏ,ਬਿਜਲੀ ਵੀ ਖੋਹੀ ਗਈ, ਪਰ ਇਸ ਦੇ ਬਾਵਜੂਦ ਵੀ ਸਬਕ ਕਿਸੇ ਨੇ ਵੀ ਨਹੀ ਸਿੱਖਿਆ।ਅਕਤੂਬਰ 1973 ਚ ਸ੍ਰੀ ਅਨੰਦਪੁਰ ਦਾ ਮਤਾ ਹੋਂਦ ਚ ਆਇਆ, ਜਿਸ ਨੂੰ ਮਤੇ ਵਜੋਂ ਪ੍ਰਵਾਨਗੀ ਤੇ ਅਕਾਲੀ ਲੀਡਰਸ਼ਿਪ ਨੇ ਅਕਤੂਬਰ 1978 ਚ ਦਸਤਖਤ ਕੀਤੇ। ਉਸ ਤੋਂ ਬਾਅਦ 1982 ਵਿੱਚ ਸਰੋਮਣੀ ਅਕਾਲੀ ਦਲ ਅਤੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪਰਾਪਤੀ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੋਰਚੇ ਦਾ ਐਲਾਨ ਕੀਤਾ, ਸੰਤ ਭਿੰਡਰਾਂ ਵਾਲਿਆਂ ਨੇ ਅਕਾਲੀ ਲੀਡਰਾਂ ਦੀ ਕਮਜੋਰ ਮਾਨਸਿਕਤਾ ਨੂੰ ਝੰਜੋੜਨ ਲਈ ਇਹ ਸਪੱਸਟ ਕਿਹਾ ਕਿ ਹੁਣ ਜਾਂ ਤਾਂ ਮੰਗਾਂ ਮਨਵਾਈਆਂ ਜਾਂਣਗੀਆਂ ਜਾਂ ਸਹਾਦਤਾਂ ਹੋਣਗੀਆਂ, ਇਸ ਤੋ ਵਿੱਚ ਵਿਚਾਲੇ ਦੇ ਹੋਰ ਕਿਸੇ ਰਸਤੇ ਦੀ ਕੋਈ ਗੁੰਜਾਇਸ ਨਹੀ ਹੈ,ਇਹ ਮੋਰਚਾ ਹੁਣ ਬਿਨਾਂ ਕੁੱਝ ਪਰਾਪਤ ਕੀਤੇ ਸਮਾਪਤ ਨਹੀ ਹੋਵੇਗਾ। ਇਸ ਤੇ ਦੱਬਵੀਂ ਅਵਾਜ ਵਿੱਚ ਅਕਾਲੀਆਂ ਨੇ ਵੀ ਇਹ ਕਹਿੰਦਿਆਂ ਸਹੀ ਪਾਈ ਕਿ ਜੇਕਰ ਭਾਰਤੀ ਫੌਜ ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰੇਗੀ ਤਾਂ ਉਹਨਾਂ ਨੂੰ ਸਾਡੀਆਂ ਲਾਸਾਂ ਉੱਤੋਂ ਦੀ ਗੁਜਰਨਾ ਪਵੇਗਾ। ਸੋ ਧਰਮ ਯੁੱਧ ਮੋਰਚਾ ਲੱਗਿਆ, ਵੱਧ ਅਧਿਕਾਰਾਂ ਦੀ ਗੱਲ ਹੋਈ, ਰਾਜਧਾਨੀ ਦੀ ਗੱਲ ਹੋਈ, ਪਾਣੀਆਂ ਦੇ ਅਧਿਕਾਰਾਂ ਦੀ ਗੱਲ ਹੋਈ, ਸਿੱਖ ਇੱਕ ਵੱਖਰੀ ਕੌਂਮ ਦੀ ਗੱਲ ਹੋਈ, ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਹੋਈ, ਭਾਵ ਹਰ ਉਹ ਪਹਿਲੂ ਜਿਹੜਾ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਵਿੱਚ ਸਾਮਿਲ ਸੀ ਉਹਦਾ ਜਿਕਰ ਹੋਣਾ ਸੁਭਾਵਿਕ ਸੀ, ਪ੍ਰੰਤੂ ਹੋਇਆ ਕੀ ਉਹ ਕਿਸੇ ਤੋ ਲੁਕਿਆ ਛੁਪਿਆ ਨਹੀ ਰਿਹਾ। ਸ੍ਰੀ ਦਰਬਾਰ ਸਾਹਿਬ ਅੰਦਰ ਫੌਜ ਦਾਖਲ ਹੋਈ, ਪ੍ਰੰਤੂ ਫੌਜ ਨੂੰ ਅਕਾਲੀ ਦਲ ਦੇ ਆਗੂਆਂ ਦੀਆਂ ਲਾਸਾਂ ਤੋ ਦੀ ਹੋ ਕੇ ਨਹੀ ਜਾਣਾ ਪਿਆ, ਸਗੋਂ ਫੌਜ ਉਹਨਾਂ ਹਜਾਰਾਂ ਨਿਹੱਥੇ ਸਰਧਾਲੂਆਂ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਮੁੱਠੀ ਭਰ ਮਰਜੀਵੜਿਆਂ ਦੀਆਂ ਲਾਸਾਂ ਦੇ ਉੱਤੋਂ ਦੀ ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਈ, ਜਿੰਨਾਂ ਨੇ ਅਕਾਲੀਆਂ ਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਦੀ ਸਹੁੰ ਚੁੱਕੀ ਸੀ। ਇਹ ਕਹਿਣ ਵਾਲੇ ਸਾਰੇ ਸਿੱਖ ਆਗੂ ਹੱਥ ਖੜੇ ਕਰਕੇ ਬਾਹਰ ਆ ਗਏ ਤੇ ਬਾਅਦ ਵਿੱਚ ਫਿਰ ਇੱਕ ਬਹੁਤ ਹੀ ਸੋਚੀ ਸਮਝੀ ਸਾਜਿਸ ਤਹਿਤ ਪੰਜਾਬ ਦੇ ਵਾਰਿਸ ਬਣ ਬੈਠੇ। ਸ੍ਰੀ ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਤੋਂ ਮਹਿਜ ਇੱਕ ਸਾਲ ਬਾਅਦ 24 ਜੁਲਾਈ 1985 ਨੂੰ ਕੀਤੇ ਰਜੀਵ ਲੌਂਗੋਵਾਲ ਸਮਝੌਤੇ ਨੇ ਸਿੱਖ ਨੌਜਵਾਨਾਂ ਚੋ ਅਕਾਲੀ ਆਗੂਆਂ ਦੀ ਭਰੋਸੇਯੋਗਤਾ ਨੂੰ ਅਸਲੋਂ ਹੀ ਖਤਮ ਕਰ ਦਿੱਤਾ।

ਬਘੇਲ ਸਿੰਘ ਧਾਲੀਵਾਲ
99142-58142

ਬੇਸ਼ੱਕ ਸੰਤ ਹਰਚੰਦ ਸਿੰਘ ਲੌਂਗੋਵਾਲ ਹਥਿਆਰਬੰਦ ਸਿੱਖ ਨੌਜਵਾਨਾਂ ਦੇ ਗੁੱਸੇ ਦਾ ਸ਼ਿਕਾਰ ਹੋ ਗਿਆ, ਪ੍ਰੰਤੂ ਪ੍ਰਕਾਸ ਸਿੰਘ ਬਾਦਲ ਜਿੱਥੇ ਖਾੜਕੂ ਨੌਜੁਆਨਾਂ ਨਾਲ ਨੇੜਤਾ ਰੱਖਦਾ ਰਿਹਾ, ਓਥੇ ਸਿੱਖ ਨਸਲਕੁਸੀ ਲਈ ਤਿਆਰ ਕੀਤੇ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਕੇ ਪੀ ਐਸ ਗਿੱਲ ਨਾਲ ਵੀ ਖਾੜਕੂ ਸਿੱਖ ਸੰਘਰਸ ਨੂੰ ਕੁਚਲਣ ਲਈ ਰਾਤ ਦੇ ਹਨੇਰਿਆਂ ਵਿੱਚ ਬੈਠਕਾਂ ਕਰਦਾ ਰਿਹਾ ਹੈ।ਸੋ ਕਹਿਣ ਤੋ ਭਾਵ ਹੈ ਕਿ ਸਿੱਖ ਨਸਲਕੁਸੀ ਸਮੇਤ ਸਿੱਖਾਂ ਨਾਲ ਹੁੰਦੇ ਆਏ ਧੱਕਿਆਂ ਲਈ ਸਿਰਫ ਕੇਂਦਰ ਹੀ ਜੁੰਮੇਵਾਰ ਨਹੀ ਰਿਹਾ, ਬਲਕਿ ਉਹਨਾਂ ਦੇ ਨਾਲ ਅਕਾਲੀ ਆਗੂ ਵੀ ਭਾਈਵਾਲ ਰਹੇ ਹਨ। ਇਹ ਵੀ ਸੱਚ ਹੈ ਕਿ ਜਿਸ ਤਰਾਂ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਰਾਜਨੀਤੀ ਵਿੱਚ ਸਫਲ ਹੋਣ ਦਾ ਜਰੀਆਂ ਬਣਾਇਆ ਹੈ, ਠੀਕ ਉਸੇ ਤਰ੍ਹਾਂ ਹੀ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਵੀ ਅਕਾਲੀਆਂ ਨੇ ਰਾਜ ਭਾਗ ਤੋਂ ਬਾਹਰ ਹੁੰਦੇ ਹੋਏ ਸਿਰਫ ਵੋਟਾਂ ਹਾਸਲ ਕਰਨ ਵੇਲੇ ਹੀ ਯਾਦ ਕੀਤਾ ਹੈ,ਰਾਜ ਭਾਗ ਪਰਾਪਤ ਕਰਨ ਤੋ ਬਾਅਦ ਕਦੇ ਵੀ ਅਕਾਲੀਆਂ ਨੇ ਦਿੱਲੀ ਕਤਲੇਆਮ ਦੀ ਗੱਲ ਤੱਕ ਵੀ ਨਹੀ ਕੀਤੀ। ਇਸ ਦਾ ਜਿਉਂਦਾ ਜਾਗਦਾ ਸਬੂਤ ਤਤਕਾਲੀ ਬਾਦਲ ਸਰਕਾਰ ਵੱਲੋਂ ਕਰਵਾਏ ਜਾਂਦੇ ਰਹੇ ਕਬੱਡੀ ਕੱਪ ਤੋ ਦੇਖਿਆ ਜਾ ਸਕਦਾ ਹੈ, ਜਦੋ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇੱਕ ਨਵੰਬਰ ਨੂੰ ਦਿੱਲੀ ਕਤਲੇਆਮ ਨੂੰ ਭੁੱਲ ਕੇ ਕਬੱਡੀ ਕੱਪ ਮੌਕੇ ਕਰੋੜਾਂ ਰੁਪਏ ਖਰਚ ਕਰਕੇ ਫਿਲਮੀ ਸਿਤਾਰਿਆਂ ਦੇ ਠੁਮਕਿਆਂ ਦਾ ਅਨੰਦ ਲੈਂਦੇ ਰਹੇ ਹਨ। ਇਹੋ ਕਾਰਨ ਹੈ ਕਿ ਹਜਾਰਾਂ ਅਭਾਗੇ ਪੀੜਤ ਅੱਜ ਵੀ ਇਨਸਾਫ ਲਈ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ ਤੇ ਬਹੁਤ ਸਾਰੇ ਅਦਾਲਤਾਂ ਦੇ ਚੱਕਰ ਕੱਟਦੇ ਕੱਟਦੇ ਜਹਾਂਨ ਤੋ ਕੂਚ ਕਰ ਗਏ, ਅਦਾਲਤਾਂ ਬਦਮਾਸ ਰਾਜਨੀਤੀ ਦੇ ਸਾਹਮਣੇ ਬੇਬੱਸ ਹੋ ਗਈਆਂ, ਕੌਮੀ ਆਗੂਆਂ ਲਈ ਇਹ ਮੁੱਦਾ ਵੋਟ ਰਾਜਨੀਤੀ ਤੋਂ ਵੱਧ ਕੁੱਝ ਵੀ ਨਾ ਸਮਝਿਆ ਜਾਣ ਕਰਕੇ ਅਪਣਿਆਂ ਤੋ ਮਦਦ ਦੀ ਆਸ ਰੱਖਣ ਵਾਲੇ ਪੀੜਤ ਮਾਯੂਸ ਹੋ ਕੇ ਬੈਠ ਗਏ। ਇਹ ਵੀ ਸੱਚ ਹੈ ਕਿ ਆਮ ਸਿੱਖ ਭਾਂਵੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਵਸਦੇ ਹਨ,ਉਹਨਾਂ ਦੇ ਮਨਾਂ ਵਿੱਚ ਇਸ ਦੁਖਾਂਤ ਦਾ ਦਰਦ ਹੈ, ਉਹ ਹਰ ਸਾਲ ਵਿਦੇਸਾਂ ਵਿੱਚ ਇਸ ਦੁਖਾਂਤ ਦੀ ਯਾਦ ਵਿੱਚ ਭਾਰਤੀ ਸਫਾਰਤਖਾਨਿਆਂ ਸਾਹਮਣੇ ਰੋਸ ਪ੍ਰਦਰਸਣ ਵੀ ਕਰਦੇ ਹਨ, ਪੰਜਾਬ ਅੰਦਰ ਵੀ ਇਸ ਨਸਲਕੁਸੀ ਦੇ ਖਿਲਾਫ ਰੋਸ ਪਰਦਰਸਣ ਤੇ ਰੋਸ ਮਾਰਚ ਕੀਤੇ ਜਾਂਦੇ ਹਨ, ਪ੍ਰੰਤੂ ਇਹ ਸੱਚ ਤੋ ਵੀ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਬੇਈਮਾਨ ਲੀਡਰਸ਼ਿਪ ਕਾਰਨ ਇਸ ਦੁਖਾਂਤ ਨੂੰ ਕੇਂਦਰ ਨੇ ਸਿੱਖ ਕਤਲੇਆਮ ਵਜੋਂ ਵੀ ਪ੍ਰਵਾਂਨ ਨਹੀ ਕੀਤਾ, ਜਾਂ ਇਹ ਕਹਿਣਾ ਵੀ ਗਲਤ ਨਹੀ ਹੋਵੇਗਾ ਕਿ ਯੋਗ ਲੀਡਰਸ਼ਿਪ ਦੀ ਅਣਹੋਂਦ ਕਾਰਨ ਸਿੱਖ ਕੌਂਮ ਇਸ ਨਸਲਕੁਸੀ ਦਾ ਇਨਸਾਫ ਲੈਣ ਵਿੱਚ ਨਾਕਾਮ ਰਹਿ ਗਈ ਹੈ। ਸੋ ਸਿੱਖ ਕਤਲੇਆਮ ਦੀ ਬੇ-ਇਨਸਾਫੀ ਦਾ ਇਹ ਨਾ ਭਰਨਯੋਗ ਗਹਿਰਾ ਜਖਮ ਨਸੂਰ ਬਣ ਕੇ ਹਮੇਸਾਂ ਅਸਿਹ ਦਰਦ ਦਿੰਦਾ ਰਹੇਗਾ। ਨਵੰਬਰ ਮਹੀਨੇ ਦੇ ਪਹਿਲੇ ਹਫਤੇ ਦੇ ਆਉਣ ਵਾਲੇ ਦਿਨ ਉਸ ਮਨਹੂਸ ਸਮੇ ਦੀ ਯਾਦ ਦਿਵਾਉਂਦੇ ਹੋਏ ਸਿੱਖ ਮਨਾਂ ਤੇ ਨਸੂਰ ਬਣੇ ਜਖਮਾਂ ਨੂੰ ਕੁਦੇੜ ਜਾਂਦੇ ਹਨ।



# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM




ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸਾਡੇ ਕਲੀਨਿਕ ਵਿਚ ਕਿਸੇ ਵੀ ਕਿਸਮ ਦੇ ਇਮੀਗ੍ਰੇਸ਼ਨ ਨਾਲ ਸਬੰਧਤ ਤੁਸੀਂ ਚੈਕਅਪ ਕਰਵਾ ਸਕਦੇ ਹੋ। ਇਥੇ ਡੀਐਮਵੀ ਸਕੂਲ ਵਾਸਤੇ ਫਿਜ਼ੀਕਲ ਚੈਕਅਪ

Yes, Dr. Manbir Singh is accepting new patients at this office.

OFFICE HOURS

| | Open | Lunch | Close |
|---|---|---|---|
| Mon | 8.00am | 12.00-1.00 pm | 5.00 pm |
| Tue | 8.00am | 12.00-1.00 pm | 5.00 pm |
| Wed | 8.00am | 12.00-1.00 pm | 5.00 pm |
| Thu | 8.00am | 12.00-1.00 pm | 5.00 pm |
| Fri | 8.00am | 12.00-1.00 pm | 5.00 pm |

733 3rd Street, McFarland, CA 93250

**PHONE : (661) 792-3097**

We perform truck drivers physical and immigration physical from macfarland & Bakersfield Locations

**Tel 661 792 3097**



ਪੰਜਾਬੀ ਮਾਂ ਬੋਲੀ ਅਤੇ ਸਭਿਆਚਾਰ ਦੇ ਸੇਵਾਦਾਰ, ਹਰ ਸਮੇਂ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸਿੱਖ ਪੰਥ ਦੇ ਨਿਸ਼ਕਾਮ ਸੇਵਾਦਾਰ ਅਮਰੀਕੇ ਉਘੇ ਸਿੱਖ ਆਗੂ ਕੈਲੀਫੋਰਨੀਆ ਦੇ ਪ੍ਰਸਿੱਧ ਡਾਕਟਰ

# ਡਾ. ਮਨਬੀਰ ਸਿੰਘ

(MD) Bakersfield

# ਅਤੇ ਸਮੂਹ ਪਰਿਵਾਰ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ
ਅਤੇ ਯੂਬਾ ਸਿਟੀ ਦੇ

44ਵੇਂ ਮਹਾਨ ਨਗਰ ਕੀਰਤਨ
ਅਤੇ ਗੁਰਮਤਿ ਸਮਾਗਮ



# ਮੌਕੇ ਸਮੂਹ ਸੰਗਤਾਂ ਨੂੰ
# ਲੱਖ-ਲੱਖ ਵਧਾਈਆਂ

## 5 ਨਵੰਬਰ 2022 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Best Western®

Holiday Inn Express® & Suites




ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ
ਦੇ ਮੁੱਖ ਸੇਵਾਦਾਰ

## ਸ. ਪਰਗਟ ਸਿੰਘ ਸੰਧੂ

### ਪੰਜਾਬ ਦਿਵਸ ’ਤੇ ਵਿਸ਼ੇਸ਼

# ਪੰਜਾਬੀ ਸੂਬੇ ਦੀ ਦਾਸਤਾਨ



## ਪੰਜਾਬੀ ਸੂਬਾ ਮੋਰਚੇ ਦੀ ਗਾਥਾ ਤੱਥਾਂ ਦੀ ਜ਼ੁਬਾਨੀ

- ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ 10 ਮਈ 1955 ਨੂੰ ਸ਼ੁਰੂ ਹੋਇਆ ਅਤੇ 12 ਜੁਲਾਈ 1955 ਨੂੰ ਫ਼ਤਹਿ ਹੋਇਆ। ਮੋਰਚੇ ਵਿਚ ਪਹਿਲੇ ਦਿਨ ਪਹਿਲੇ ਜੱਥੇ ਦੀ ਅਗਵਾਈ ਮੋਰਚਾ ਡਿਕਟੇਟਰ ਮਾ. ਤਾਰਾ ਸਿੰਘ ਨੇ ਕੀਤੀ।
- ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚੇ ਸਮੇਂ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਮਹਾਸ਼ਾ ਅਸ਼ਵਨੀ ਕੁਮਾਰ ਆਈ. ਜੀ. ਦੀ ਅਗਵਾਈ ਵਿਚ 4 ਜੁਲਾਈ 1955 ਈ. ਨੂੰ ਪੰਜਾਬ ਪੁਲਿਸ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭੇਜ ਕੇ ਹਮਲਾ ਕੀਤਾ।
- ਮੋਰਚੇ ਸਮੇਂ 12,000 ਅਕਾਲੀ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਨੇ ਗ੍ਰਿਫ਼ਤਾਰੀ ਦਿੱਤੀ।
- ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ 10 ਅਕਤੂਬਰ, 1955 ਨੂੰ ਮੰਜੀ ਸਾਹਿਬ ਅੰਮ੍ਰਿਤਸਰ ਪੇਸ਼ ਹੋ ਕੇ 4 ਜੁਲਾਈ ਨੂੰ ਸ੍ਰੀ ਦਰਬਾਰ ਸਾਹਿਬ ’ਤੇ ਪੁਲਿਸ ਦੇ ਹਮਲੇ ਦੀ ਮਾਫ਼ੀ ਮੰਗੀ।
- ਪੰਜਾਬੀ ਸੂਬਾ ਮੋਰਚਾ 24 ਮਈ 1960 ਨੂੰ ਮਾ. ਤਾਰਾ ਸਿੰਘ ਜੀ ਦੇ ਛਾਪੇ ਮਾਰ ਕੇ ਕੀਤੀ ਗ੍ਰਿਫ਼ਤਾਰੀ ਤੋਂ ਸ਼ੁਰੂ ਹੋਇਆ। ਇਸ ਮੋਰਚੇ ਵਿਚ 57129 ਗ੍ਰਿਫ਼ਤਾਰੀਆਂ ਹੋਈਆਂ ਅਤੇ ਇਹ ਮੋਰਚਾ 9 ਜਨਵਰੀ 1961 ਤਕ ਚਲਿਆ।
- ਪੰਜਾਬੀ ਸੂਬਾ ਮੋਰਚੇ ਸਮੇਂ 12 ਜੂਨ 1960 ਨੂੰ ਦਿੱਲੀ ਦੀ ਪੁਲਿਸ ਵਲੋਂ ਸ਼ਾਂਤਮਈ ਰੋਸ ਪ੍ਰਗਟ ਕਰ ਰਹੇ ਸਿੰਘਾਂ ’ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ।
- ਪੰਜਾਬੀ ਸੂਬਾ ਮੋਰਚੇ ਦਾ ਪਹਿਲਾ ਸ਼ਹੀਦ ਭਾਈ ਹਰਬੰਸ ਸਿੰਘ ਅੰਮ੍ਰਿਤਸਰ ਸੀ ਜੋ 12 ਜੂਨ 1960 ਨੂੰ ਦਿੱਲੀ ਪੁਲਿਸ ਦੇ ਤਸ਼ੱਦਦ ਨਾਲ ਸ਼ਹੀਦੀ ਪਾ ਗਿਆ।
- ਪੰਜਾਬੀ ਸੂਬਾ ਮੋਰਚੇ ਸਮੇਂ ਕਾਕਾ ਇੰਦਰਜੀਤ ਸਿੰਘ ਜੋ ਪੰਜਾਬੀ ਸੂਬੇ ਦੇ ਨਾਅਰੇ ਲਗਾ ਰਿਹਾ ਸੀ ਕਰਨਾਲ ਪੁਲਿਸ ਨੇ 21 ਸਤੰਬਰ-1960 ਈ. ਨੂੰ ਕਰਨਾਲ ਖੂਹ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ। ਪੰਜਾਬੀ ਸੂਬਾ ਮੋਰਚੇ ਸਮੇਂ 9 ਅਕਤੂਬਰ 1960 ਈ. ਨੂੰ ਬਠਿੰਡਾ ਜੇਲ੍ਹ ਅੰਦਰ ਪੁਲਿਸ ਵਲੋਂ ਬੰਦ ਅਕਾਲੀ ਕੈਦੀ ਸਿੰਘਾਂ ਉੱਪਰ ਗੋਲੀ ਚਲਾਉਣ ’ਤੇ 4 ਸਿੰਘ ਸ਼ਹੀਦੀ ਪਾ ਗਏ ਅਤੇ ਕਈ ਜ਼ਖ਼ਮੀ ਹੋ ਗਏ।
- ਪੰਜਾਬੀ ਸੂਬਾ ਮੋਰਚੇ ਸਮੇਂ 11 ਅਕਤੂਬਰ, 1960 ਈ. ਨੂੰ ਪਟਿਆਲਾ ਵਿਖੇ ਬਠਿੰਡਾ ਜੇਲ੍ਹ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਰੋਸ ਜਲੂਸ ਕੱਢਣ ਸਮੇਂ ਪੁਲਿਸ ਵੱਲੋਂ ਅਕਾਲੀ ਸਿੰਘਾਂ ਉੱਪਰ ਗੋਲੀ ਚਲਾਉਣ ਨਾਲ ਦੋ ਸਿੰਘ ਸ਼ਹੀਦੀ ਪਾ ਗਏ ਕਈ ਅਕਾਲੀ ਸਿੰਘ ਜ਼ਖ਼ਮੀ ਹੋ ਗਏ।
- ਆਂਧਰਾ ਵਿਚ ਰਮੂਲੂ ਨਾਂ ਦਾ ਸ਼ਹੀਦ ਹੋਇਆ ਤਾਂ ਆਂਧਰਾ ਪ੍ਰਦੇਸ਼ ਬਣ ਗਿਆ ਪਰ ਪੰਜਾਬ ਵਿਚ 43 ਅਕਾਲੀ ਸਿੰਘ ਸ਼ਹੀਦ ਹੋਏ, ਜ਼ਮੀਨਾਂ ਮਕਾਨ ਕੁਰਕ ਹੋਏ, ਲੱਖਾਂ ਰੁਪਏ ਜੁਰਮਾਨਾ ਭਰਿਆ। ਪਰ ਫਿਰ ਵੀ ਅਧੂਰਾ ਪੰਜਾਬੀ ਸੂਬਾ ਹੋਂਦ ਵਿਚ ਆਇਆ।
- ਮੌਜੂਦਾ ਪੰਜਾਬ ਲੰਬੀਆਂ ਕੁਰਬਾਨੀਆਂ ਤੋਂ ਬਾਅਦ 1 ਨਵੰਬਰ, 1966 ਈ. ਨੂੰ ਬਣਿਆ।
- ਮੌਜੂਦਾ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਸਨ।
- ਮੌਜੂਦਾ ਪੰਜਾਬ ਵਿਚ ਸਾਂਝੇ ਮੋਰਚੇ ਦੀ ਸਰਕਾਰ 1968 ਈ. ਨੂੰ ਗੁਰਨਾਮ ਸਿੰਘ ਦੀ ਅਗਵਾਈ ਵਿਚ ਬਣੀ।
- ਮੌਜੂਦਾ ਪੰਜਾਬੀ ਸੂਬੇ ਵਿਚ ਪ੍ਰਕਾਸ਼ ਸਿੰਘ ਬਾਦਲ ਪੰਜਵੀਂ ਵਾਰੀ ਮੁੱਖ ਮੰਤਰੀ ਬਣੇ।
- ਮੌਜੂਦਾ ਪੰਜਾਬੀ ਸੂਬੇ ਵਿਚ ਬੀਬੀ ਰਾਜਿੰਦਰ ਕੌਰ ਭੱਠਲ ਇਕੋ ਇਕ ਇਸਤਰੀ ਮੁੱਖ ਮੰਤਰੀ ਬਣੀ।
- ਸ਼ਹੀਦ ਦਰਸ਼ਨ ਸਿੰਘ ਫੇਰੂਮਾਨ 27 ਅਕਤੂਬਰ 1969 ਈ. ਨੂੰ ਚੰਡੀਗੜ੍ਹ ਅਤੇ ਪੰਜਾਬ ਦੀਆਂ ਮੰਗਾਂ ਲਈ 74ਵੇਂ ਦਿਨ ਸ਼ਹੀਦੀ ਪਾ ਗਏ।
- ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਐਲਾਨ ਕਰਨ ਦੇ ਬਾਵਜੂਦ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਨਾ ਕੀਤਾ ਗਿਆ।

- ਡਾ. ਗੁਰਵਿੰਦਰ ਸਿੰਘ

ਪੰਜਾਬੀ ਸੂਬੇ ਦੀ ਕਹਾਣੀ ਅਕ੍ਰਿਤਘਣਤਾ, ਧੋਖੇਬਾਜ਼ੀ, ਬੇਵਫ਼ਾਈ, ਬੇਇਨਸਾਫ਼ੀ, ਬੇਈਮਾਨੀ ਤੇ ਬੇਹਯਾਈ ਦੀ ਮੂੰਹ ਬੋਲਦੀ ਤਸਵੀਰ ਹੈ। 1 ਨਵੰਬਰ 1966 ਈਸਵੀ ਨੂੰ ਪੰਜਾਬੀਆਂ ਨੂੰ ਕੱਟਿਆ- ਵੱਢਿਆ ਲੰਗੜਾ ਪੰਜਾਬ ਸੂਬਾ ਦੇ ਕੇ ਅਭੁੱਲ ਵਿਸ਼ਵਾਸਘਾਤ ਕੀਤਾ ਗਿਆ। ਜਿਸ ਦੇਸ਼ ਨੂੰ ਗੁਲਾਮੀ ਦੇ ਸ਼ਿਕੰਜੇ ਤੋਂ ਨਿਜਾਤ ਦਿਵਾਉਣ ਲਈ ਪੰਜਾਬੀਆਂ ਨੇ ਪਚਾਨਵੇਂ ਫੀਸਦੀ ਕੁਰਬਾਨੀਆਂ ਕੀਤੀਆਂ, ਉਸੇ ਮੁਲਕ ਦੀ ਅਖੌਤੀ ਧਰਮ-ਨਿਰਪੱਖ ਪ੍ਰਸ਼ਾਸਨ ਪ੍ਰਣਾਲੀ ਤੇ ਨਿਆਂਪਾਲਿਕਾ ਨੇ ਪੰਜਾਬੀਆਂ ਨਾਲ ਹਮੇਸ਼ਾ ਵਿਤਕਰਾ ਅਤੇ ਅਨਿਆਂ ਕੀਤਾ। ਪੰਜਾਬੀਆਂ ਦੇ ਪੱਲ੍ਹੇ ਹਮੇਸ਼ਾ ਤਬਾਹੀ ਤੇ ਖ਼ੁਆਰੀ ਹੀ ਆਈ। ਜਦ ਸੰਤਾਲੀ ਦੀ ਵੰਡ ਹੋਈ, ਪੰਜਾਬ ਦੇ ਦੋ ਟੁੱਕੜੇ ਹੋ ਗਏ। ਪੰਜਾਂ ਪਾਣੀਆਂ ਦੇ ਸੁਮੇਲ ਤੋਂ ਬਣਿਆ ‘ਪੰਜ-ਆਬ’ ਸਿਰਫ਼ ‘ਢਾਈ-ਆਬ’ ਹੀ ਰਹਿ ਗਿਆ। ਫਿਰ ’66 ਦੀ ਵੰਡ ਹੋਈ, ਤਾਂ ਪੰਜਾਬ ਦਾ ਪੁਨਰਗਠਨ ਕਰਕੇ ਨਵਾਂ ਸੂਬਾ ਹਰਿਆਣਾ ਬਣਾ ਦਿੱਤਾ ਗਿਆ ਤੇ ਪੰਜਾਬ ਛੋਟੀ ਜਿਹੀ ‘ਸੂਬੀ’ ਬਣਕੇ ਰਹਿ ਗਿਆ। ਹਕੀਕਤ ਤਾਂ ਇਹ ਹੈ ਕਿ ਪੰਜਾਬੀਆਂ ਨੇ ਜਿੰਨ੍ਹਾਂ ਨਾਲ ਵੀ ਵਫ਼ਾ ਕੀਤੀ, ਉਨ੍ਹਾਂ ਨੇ ਹੀ ਪੰਜਾਬੀਆਂ ਨਾਲ ਬੇਵਫ਼ਾਈ ਕੀਤੀ। ਪੰਜਾਬੀਆਂ ਨੇ ਜਿਨ੍ਹਾਂ ਲਈ ਸ਼ਹਾਦਤਾਂ ਦਿੱਤੀਆਂ, ਉਨ੍ਹਾਂ ਨੇ ਹੀ ਇਨ੍ਹਾਂ ’ਤੇ ਸਿਤਮ ਢਾਹੇ। ਨਤੀਜੇ ਵਜੋਂ ਪੰਜਾਬੀਆਂ ਦੇ ਪੱਲੇ ਦਰਦ ਭਰੀ ਦਾਸਤਾਨ ਹੀ ਰਹਿ ਗਈ।

ਆਜ਼ਾਦੀ ਦੇ ਸੰਘਰਸ਼ ਤੋਂ ਦੌਰਾਨ ਜਦ ਫਾਂਸੀਆਂ ਦੇ ਰੱਸੇ ਚੁੰਮਣੇ ਸਨ, ਕਾਲੇ ਪਾਣੀਆਂ ਦੀ ਸਜ਼ਾ ਭੋਗਣੀ ਸੀ, ਉਮਰ ਕੈਦਾਂ ਦੀ ਸਜ਼ਾ ਕੱਟਣੀ ਸੀ, ਤਦ ਚਲਾਕ ਲੂੰਬੜਾਂ ਵਰਗੇ ਚਾਲਬਾਜ਼ ਮੋਮੋਠੱਗਣੇ ਰਾਸ਼ਟਰਵਾਦੀ ਲੀਡਰਾਂ ਨੇ ਸਿੱਖਾਂ ਨੂੰ ਆਪਣੀਆਂ ਝੂਠੀਆਂ ਕਸਮਾਂ ਤੇ ਵਾਅਦਿਆਂ ਦੇ ਸ਼ਬਦ-ਜਾਲ ਵਿੱਚ ਬੁਰੀ ਤਰ੍ਹਾਂ ਫਸਾਇਆ। ਇਸ ਸਬੰਧੀ 6 ਜੁਲਾਈ 1947 ਨੂੰ ਕਾਂਗਰਸ ਦੇ ਪ੍ਰਧਾਨ ਪੰਡਿਤ ਨਹਿਰੂ ਦੇ ਸ਼ਬਦ ਜ਼ਿਕਰਯੋਗ ਹਨ, “ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿੱਚ ਕੋਈ ਔਖਿਆਈ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉਤਰ ਵਿੱਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਏ, ਜਿਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਏ।” ਪਰ ਸਿਤਮਜ਼ਰੀਫੀ ਵੇਖੋ ਕਿ ਨਹਿਰੂ ਦੀ ਹਰ ਠੀਕ -ਗਲਤ ਗੱਲ ਦੀ ’ਹਾਂ ਵਿੱਚ ਹਾਂ’ ਮਿਲਾਉਣ ਵਾਲੇ ਸਿੱਖ ਲੀਡਰ ਮਾਸਟਰ ਤਾਰਾ ਸਿੰਘ ਨੇ ਜਦੋਂ ਪ੍ਰਧਾਨ ਮੰਤਰੀ ਬਣਨ ’ਤੇ ਪੰਡਿਤ ਜਵਾਹਰ ਲਾਲ ਨੂੰ ਆਪਣਾ ਵਾਅਦਾ ਯਾਦ ਕਰਵਾਇਆ, ਤਾਂ ਉਸਨੇ ਟਕੇ ਵਰਗਾ ਕੋਰਾ ਜੁਆਬ ਦਿੰਦਿਆ ਕਿਹਾ, “ਹੁਣ ਸਮਾਂ ਬਦਲ ਗਿਆ ਹੈ।” ਇਥੇ ਹੀ ਬੱਸ ਨਹੀਂ , ਕੱਟੜ ਹਿੰਦੂਤਵੀ ਗ੍ਰਹਿ ਮੰਤਰੀ ਵਲਭ ਭਾਈ ਪਟੇਲ ਨੇ ਤਾਂ ਇਥੋਂ ਤੱਕ ਆਖ ਦਿੱਤਾ, “ਹੁਣ ਸਿੱਖਾਂ ਦੀ ਭਲਾਈ ਇਸ ਵਿੱਚ ਹੈ ਕਿ ਉਹ ਆਪਣੀ ਵੱਖਰੀ ਹੋਂਦ ਨੂੰ ਭੁਲ ਕੇ, ਦੇਸ਼ ਦੀ ਗਣਤੰਤਰ ਪ੍ਰਣਾਲੀ ਵਿੱਚ ਆਪਣੇ ਆਪ ਨੂੰ ਸਮੋ ਲੈਣ”। ਮੁਲਕ ਦੀ ਆਜ਼ਾਦੀ ਦੀ ਲੜਾਈ ਵੇਲੇ ਕਾਂਗਰਸ ਵੱਲੋਂ ਕਈ ਵਾਰ ਅਜਿਹੇ ਮਤੇ ਪੇਸ਼ ਕੀਤੇ ਗਏ ਕਿ ਆਜ਼ਾਦੀ ਮਗਰੋਂ ਭਾਰਤ ਵਿੱਚ ਭਾਸ਼ਾ ਦੇ ਆਧਾਰ ਤੇ ਸੂਬਿਆਂ ਦਾ ਗਠਨ ਕੀਤਾ ਜਾਵੇਗਾ। 22 ਦਸੰਬਰ 1953 ਈ. ਨੂੰ ਪ੍ਰਾਂਤਾਂ ਦੀ ਨਵੀਂ ਹੱਦਬੰਦੀ ਤੇ ਪੁਨਰਗਠਨ ਲਈ ਕਮਿਸ਼ਨ ਬਣਾਇਆ ਗਿਆ ਤੇ ਲੋਕਾਂ ਤੋਂ ਇਸ ਸਬੰਧੀ ਸੁਝਾਅ ਮੰਗੇ ਗਏ। ਉਸ ਵੇਲੇ ਦੀ ਪੰਜਾਬ ਸਰਕਾਰ, ਜਨਸੰਘ (ਭਾਰਤੀ ਜਨਤਾ ਪਾਰਟੀ) ਤੇ ਆਰੀਆ ਸਮਾਜ ਨੇ ’ਪੰਜਾਬੀ ਭਾਸ਼ਾ’ ਦੇ ਅਧਾਰ ਤੇ ਬਣ ਰਹੇ ਸੂਬੇ ਦਾ ਹੀ ਵਿਰੋਧ ਨਹੀਂ ਕੀਤਾ, ਬਲਕਿ ਹਿਮਾਚਲ ਪ੍ਰਦੇਸ਼ ਨੂੰ ਵੀ ਪੰਜਾਬ ਵਿੱਚ ਮਿਲਾਕੇ ‘ਮਹਾਂ-ਪੰਜਾਬ’ ਬਣਾਉਣ ਦਾ ਮੈਮੋਰੰਡਮ ਦਿੱਤਾ। ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮੈਮੋਰੰਡਮ ਦਿੱਤਾ, ਜਿਸ ਅਨੁਸਾਰ ਭਾਸ਼ਾ ਦੇ ਆਧਾਰ ਤੇ ਪੰਜਾਬ ਸੂਬਾ 35458 ਵਰਗ ਮੀਲ ਖੇਤਰ ਵਾਲਾ ਤੇ ਇੱਕ ਕਰੋੜ ਉੱਨੀ ਲੱਖ ਦੀ ਆਬਾਦੀ ਵਾਲਾ ਬਣਦਾ ਸੀ, ਜਿਸ ਵਿੱਚ ਸਿੱਖਾਂ ਦੀ ਵਸੋਂ 40 ਫੀਸਦੀ ਸੀ। ਪਰ ਹੋਇਆ ਇਸ ਦੇ ਉਲਟ, ਕਮਿਸ਼ਨ ਦੀ ਰਿਪੋਰਟ ਅਨੁਸਾਰ ਫ਼ੈਸਲਾ ਕਰਦੇ ਹੋਏ ਪੈਪਸੂ ਨੂੰ ਵੀ 1 ਨਵੰਬਰ 1956 ਨੂੰ ਪੰਜਾਬ ਵਿੱਚ ਮਿਲਾ ਦਿੱਤਾ ਗਿਆ ਤੇ ਕੋਸ਼ਿਸ਼ ਹਿਮਾਚਲ ਨੂੰ ਵੀ ਇਸ ਨਾਲ ਰਲਾ ਕੇ ‘ਮਹਾਂ- ਪੰਜਾਬ’ ਬਣਾਉਣ ਦੀ ਵੀ ਹੋਈ,ਪਰ ਇਸ ਪਹਾੜੀ ਰਾਜ ਦੇ ਉਸ ਵੇਲੇ ਮੁੱਖ ਮੰਤਰੀ ਡਾਕਟਰ ਯਸ਼ਵੰਤ ਸਿੰਘ ਪਰਮਾਰ ਦੀ ਸਖ਼ਤ ਵਿਰੋਧਤਾ ਕਾਰਨ ਸਫ਼ਲ ਨਾ ਹੋ ਸਕੀ। ਪੰਜਾਬੀਆਂ ਵਾਸਤੇ ਇਨਸਾਫ ਮੰਗਣ ਲਈ ਮਾਸਟਰ ਤਾਰਾ ਸਿੰਘ ਫਿਰ ਨਹਿਰੂ ਦੁਆਰੇ ਪਹੁੰਚੇ, ਪਰ ਪੱਲੇ ਨਮੋਸ਼ੀ ਹੀ ਪਈ । ਪੰਜਾਬੀ ਭਾਈਚਾਰੇ ਵਿੱਚ ਰੋਸ ਵੀ ਦਿਨੋਂ ਦਿਨ ਵਧਦਾ ਗਿਆ ਤੇ 11 ਫਰਵਰੀ ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੋਕ ਸ਼ਕਤੀ ਦਾ ਪ੍ਰਦਰਸ਼ਨ ਇੱਕ ਵਿਸ਼ਾਲ ਜਲੂਸ ਦੇ ਰੂਪ ਵਿੱਚ ਕੀਤਾ ਗਿਆ। ਇਸ ਇਤਿਹਾਸਕ 9 ਕਿਲੋਮੀਟਰ ਲੰਮੇ ਜਲੂਸ ਵਿੱਚ ਪੰਜ ਲੱਖ ਪੰਜਾਬੀਆਂ ਨੇ ਸ਼ਾਮਿਲ ਹੋ ਕੇ ਪੰਜਾਬੀ ਪ੍ਰਾਂਤ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਈ, ਪਰ ਕੋਈ ਨਤੀਜਾ ਨਾ ਨਿਕਲਿਆ। ਨਿਰਾਸ਼ਾ ਦੇ ਆਲਮ ਦੀ ਸ਼ਿਕਾਰ ਸਿੱਖ ਕੌਮ ਨੂੰ ਪੂਰੇ ਦੇਸ਼ ਦੀ ਅਜ਼ਾਦੀ ਵਾਸਤੇ ਸ਼ਹੀਦੀਆਂ ਦੇਣ ਮਗਰੋਂ, ਇਕ ਵਾਰ ਫਿਰ ‘ਆਪਣੇ ਹੀ ਸਾਜਿਆਂ’ ਹੱਥੋਂ ਮਿਲੇ ਗੁਲਾਮੀ ਦੇ ਤੋਹਫ਼ੇ ਤੋਂ ਖਲਾਸੀ ਪਾਉਣ ਲਈ ਸ਼ਹਾਦਤ ਦਾ ਰਾਹ ਅਪਨਾਉਣਾ ਪਿਆ। ਪੰਜਾਬੀ ਸੂਬੇ ਦਾ ਮੋਰਚਾ ਲਗਾਉਣ ਵਾਲੇ ਮਹਾਨ ਸ਼ਹੀਦਾਂ ਦੀ ਸੂਚੀ ਵਿੱਚ ਇੱਕ ਨਾਂ 10 ਸਾਲਾਂ ਦੇ ਬੱਚੇ ਦਾ ਵੀ ਆਉਂਦਾ ਹੈ, ਜੋ ਇਸ ਸੰਘਰਸ਼ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਹੈ। ਇਹ ਬਹਾਦਰ, ਮਾਂ ਬੋਲੀ ਪੰਜਾਬੀ ਦਾ ਸਪੂਤ ਸ਼ਹੀਦ ਕਾਕਾ ਇੰਦਰਜੀਤ ਸਿੰਘ ਕਰਨਾਲ ਸੀ, ਜਿਸ ਨੇ ‘ਪੰਜਾਬੀ ਬੋਲੀ ਜ਼ਿੰਦਾਬਾਦ’ ਦੇ ਨਾਅਰੇ ਬੁਲੰਦ ਕਰਦਿਆਂ ਸ਼ਹੀਦੀ ਪਾਈ। ਇਹ ਇਤਿਹਾਸਕ ਘਟਨਾ 21 ਸਤੰਬਰ 1960 ਦੀ ਹੈ। ਉਨੀਂ ਦਿਨੀਂ ਪੰਜਾਬੀ ਸੂਬੇ ਦਾ ਮੋਰਚਾ ਜ਼ੋਰਾਂ ’ਤੇ ਸੀ ਅਤੇ ਉਸ ਸਮੇਂ ਪੰਜਾਬੀ ਬੋਲੀ ਦੀ ਜੈ-ਜੈ ਕਾਰ ਦੇ ਬਣੇ ਨਾਅਰਿਆਂ ਅਤੇ ਖਾਲਸਾਈ ਚੜ੍ਹਦੀ ਕਲਾ ਦੇ ਜੈਕਾਰਿਆਂ ’ਤੇ ਪਾਬੰਦੀ ਲਾ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਨੂੰ ਇਹ ਹੁਕਮ ਦਿੱਤੇ ਸਨ ਕਿ ‘ਪੰਜਾਬੀ ਸੂਬਾ ਜ਼ਿੰਦਾਬਾਦ’ ਦੇ ਨਾਅਰੇ ਲਾਉਣ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ ਜਾਂ ਮੌਕੇ ’ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਏ। ਉਸ ਸਮੇਂ ਜਦੋਂ ਕਰਨਾਲ (ਮੌਜੂਦਾ ਹਰਿਆਣਾ) ਵੀ ਪੰਜਾਬ ਦਾ ਹਿੱਸਾ ਸੀ, ਉਦੋਂ ਮੋਗਾ ਸਥਿਤ ਸਿੱਖ ਪਰਿਵਾਰ ਦਾ ਬੱਚਾ ਆਪਣੀ ਰਿਸ਼ਤੇਦਾਰੀ ਵਿੱਚ ਕਰਨਾਲ ਗਿਆ ਹੋਇਆ ਸੀ। ਆਪਣੀ ਉਮਰ ਦੇ ਬੱਚਿਆਂ ਨਾਲ ਇੰਦਰਜੀਤ ਸਿੰਘ ਖੇਡਦੇ ਹੋਏ, ‘ਪੰਜਾਬੀ ਬੋਲੀ ਜ਼ਿੰਦਾਬਾਦ’ ਤੇ ‘ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ’ ਦੇ ਜੈਕਾਰੇ ਛੱਡਣ ਲੱਗ ਪਿਆ। ਉਸ ਇਲਾਕੇ ਵਿੱਚ ਤਾਇਨਾਤ ਪੁਲਿਸ ਨੇ ਇਨ੍ਹਾਂ ਬੱਚਿਆਂ ਨੂੰ ਜ਼ਿੰਦਾਬਾਦ ਦੇ ਨਾਅਰੇ ਤੇ ਜੈਕਾਰੇ ਲਗਾਉਣ ਤੋਂ ਜਬਰੀ ਰੋਕਣਾ ਚਾਹਿਆ, ਪਰ ਬੱਚੇ ਨਿਡਰਤਾ ਨਾਲ ਹੋਰ ਜ਼ੋਰ-ਜ਼ੋਰ ਦੀ ਨਾਅਰੇ ਲਗਾਉਣ ਲੱਗੇ। ਇਨ੍ਹਾਂ ਬੱਚਿਆਂ ਵਿੱਚੋਂ ਕਾਕਾ ਇੰਦਰਜੀਤ ਸਿੰਘ ਹੱਦੋਂ ਵੱਧ ਜੋਸ਼ੀਲੇ ਰੂਪ ਵਿੱਚ ਪੁਲਿਸ ਵਾਲਿਆਂ ਨੂੰ ਕਹਿਣ ਲੱਗਿਆ, ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਹਾਂ, ਡਰਨ ਵਾਲੇ ਨਹੀਂ। ਦਸ ਕੁ ਸਾਲ ਦੇ ਬੱਚੇ ਤੋਂ ਲਲਕਾਰ ਸੁਣਦਿਆਂ ਹੀ ਜ਼ਾਲਮ ਪੰਜਾਬ ਪੁਲਿਸ ਵਾਲੇ ਸ਼ੈਤਾਨ ਤੇ ਹੈਵਾਨ ਬਣ ਗਏ ਅਤੇ ਬੱਚੇ ਨੂੰ ਭਿਆਨਕ ਦਰਿੰਦਗੀ ਨਾਲ ਬੇਹਤਾਸ਼ਾ ਕੁੱਟਣ ਲੱਗੇ। ਇਹ ਕੋਈ ਅੰਦਰੋਂ ਸਿੱਖੀ ਦੇ ਬੁਲੰਦ ਜ਼ਜਬੇ ਦਾ ਅਸਰ ਹੀ ਸੀ ਕਿ ਕਾਕਾ ਇੰਦਰਜੀਤ ਸਿੰਘ ਕੁੱਟਮਾਰ ਮਗਰੋਂ, ਹੋਰ ਵੀ ਬੇਖੌਫ ਹੋ ਗਿਆ ਅਤੇ ਦਰਿੰਦੇ ਪੁਲਸੀਆਂ ਅੱਗੇ ਪੰਜਾਬੀ ਬੋਲੀ ਜ਼ਿੰਦਾਬਾਦ, ਪੰਜਾਬੀ ਸੂਬਾ ਜ਼ਿੰਦਾਬਾਦ, ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਹੋਰ ਗਜ-ਵਜ ਕੇ ਲਾਉਣ ਲੱਗਾ। ਇੱਕ ਪਾਸੇ ਦਸ ਸਾਲ ਦਾ ਬੱਚਾ ਤੇ ਦੂਜੇ ਪਾਸੇ ਜ਼ਾਲਮ ਪੰਜਾਬ ਪੁਲਸੀਆਂ ਦੀ ਧਾੜ। ਪਹਿਲਾਂ ਡਾਂਗਾਂ-ਸੋਟੀਆਂ ਦੀ ਕੁੱਟਮਾਰ, ਫਿਰ ਲੱਤਾਂ ’ਤੇ ਗੋਲੀਆਂ ਵਰ੍ਹਾਈਆਂ ਗਈਆਂ, ਪਰ ਜ਼ਖਮੀ ਜਿਸਮ ਵਿੱਚੋਂ ਵੀ ਪੰਜਾਬੀ ਬੋਲੀ ਜ਼ਿੰਦਾਬਾਦ ਦੇ ਨਾਅਰੇ ਅਤੇ ਗੁਰੂ ਦੇ ਜੈਕਾਰੇ ਗੂੰਜ ਰਹੇ ਸਨ। ਬੁੱਚੜ ਪੁਲਸ ਅਧਿਕਾਰੀਆਂ ਨੇ ਕਾਕਾ ਇੰਦਰਜੀਤ ਸਿੰਘ ਦੀਆਂ ਅੱਖਾਂ ਕਢ ਦਿਤੀਆਂ, ਬਾਂਹ ਵੱਢ ਦਿੱਤੀ ਗਈ, ਡਾਂਗਾਂ ਨਾਲ ਭੰਨਿਆ ਤੇ ਗੋਲੀਆਂ ਨਾਲ ਭੁੰਨਿਆ। ਪੰਜਾਬੀ ਬੋਲੀ ਤੇ ਪੰਜਾਬੀ ਸੂਬੇ ਦੇ ਦੁਸ਼ਮਣਾਂ ਨੇ ਉਸ ਨੂੰ ਅਧਮੋਇਆ ਕਰ ਖੂਹ ਵਿੱਚ ਸੁੱਟ ਦਿੱਤਾ, ਜਿੱਥੇ ਇਹ ਬੱਚਾ ਕੁਝ ਸਮੇਂ ਤੱਕ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਾ ਸ਼ਹੀਦੀ ਪਾ ਗਿਆ। ਸਮੁੱਚੀ ਕੌਮ ਨੂੰ ਇਸ ਦੀ ਮਹਾਨ ਸ਼ਹਾਦਤ ’ਤੇ ਫ਼ਖਰ ਹੈ।

ਪੰਜਾਬੀ ਸੂਬੇ ਦਾ ਮੋਰਚਾ ਲੰਬਾ ਸਮਾਂ ਚੱਲਿਆ ਅਤੇ ਇਸ ਵਿੱਚ ਹਜ਼ਾਰਾਂ ਹੀ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ, ਜੇਲ- ਯਾਤਰਾਵਾਂ ਕੀਤੀਆਂ ਤੇ ਤਸ਼ੱਦਦ ਝੱਲੇ। 9 ਅਕਤੂਬਰ 1960 ਨੂੰ ਬਠਿੰਡਾ ਦੀ ਜੇਲ੍ਹ ਵਿੱਚ, ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਸਿੱਖਾਂ ’ਤੇ ਲਾਠੀਚਾਰਜ ਕੀਤਾ ਗਿਆ ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਗਈ। ਪੰਜਾਬੀ ਸੂਬੇ ਖਿਲਾਫ ਸਰਕਾਰੀ ਹਿੰਸਾ ਦੀਆਂ ਇਨ੍ਹਾਂ ਵੱਖ ਵੱਖ ਘਟਨਾਵਾਂ ਵਿੱਚ ਬਹਾਦੁਰ ਪੰਜਾਬੀ ਸ਼ਹੀਦ ਵੀ ਹੋਏ ਤੇ ਵੱਡੀ ਗਿਣਤੀ ਵਿੱਚ ਜ਼ਖਮੀ ਵੀ ਹੋਏ। ਮੋਰਚੇ ਦੌਰਾਨ ਥਾਂ-ਥਾਂ ਜਲ੍ਹਿਆਂਵਾਲੇ ਬਾਗ ਵਰਗਾ ਖ਼ੂਨੀ ਸਾਕਾ ਦੁਹਰਾਇਆ ਗਿਆ, ਪਰ ਫਰਕ ਇਨ੍ਹਾਂ ਕੁ ਸੀ ਕਿ ਅੱਗੇ ਕਾਤਲ ਬਾਹਰੋਂ ਆਏ ਅੰਗਰੇਜ਼ ਸਨ, ਪਰੰਤੂ ਹੁਣ ਖੇਤ ਨੂੰ ਉਸਦੀ ਵਾੜ ਨੇ ਹੀ ਉਜਾੜਿਆ ਸੀ:


**‘ਦਿਲ ਕੇ ਫਫੋਲੇ ਜਲ ਉਠੇ,**
**ਸੀਨੇ ਕੇ ਦਾਗ਼ ਸੇ।**
**ਇਸ ਘਰ ਕੋ ਆਗ ਲਗ ਗਈ,**
**ਘਰ ਕੇ ਚਿਰਾਗ ਸੇ।’**

ਸੰਘਰਸ਼ ਨਿਰੰਤਰ ਜਾਰੀ ਰਿਹਾ, ਖਿਡਾਰੀ ਬਦਲਦੇ ਰਹੇ। ਨਹਿਰੂ ਦੀ ਮੌਤ ਮਗਰੋਂ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਬਣ ਗਿਆ ਤੇ ਮਾਸਟਰ ਤਾਰਾ ਸਿੰਘ ਦੀ ਥਾਂ ਅਕਾਲੀ ਦਲ

ਦੀ ਪਰਧਾਨਗੀ ਸੰਤ ਫਤਹਿ ਸਿੰਘ ਨੇ ਸਾਂਭ ਲਈ। 16 ਅਗਸਤ 1965 ਨੂੰ ਸੰਤ ਫਤਹਿ ਸਿੰਘ ਨੇ ਪੰਜਾਬੀ ਸੂਬੇ ਲਈ ਪੰਜਾਬ ਸਰਕਾਰ ਨੂੰ 25 ਦਿਨਾਂ ਦਾ ਅਲਟੀਮੇਟਮ ਦੇ ਦਿੱਤਾ ਤੇ ਨਾਂਹ-ਪੱਖੀ ਹੁੰਗਾਰੇ ਦੀ ਹਾਲਤ ਵਿੱਚ 10 ਸਤੰਬਰ ਨੂੰ ਮਰਨ ਵਰਤ ਸ਼ੁਰੂ ਕਰਨ ਤੇ 25 ਸਤੰਬਰ ਨੂੰ ਅਗਨ -ਭੇਂਟ ਹੋਣ ਦਾ ਐਲਾਨ ਵੀ ਕਰ ਦਿੱਤਾ, ਪਰ ਇਸ ਦੌਰਾਨ 6 ਸਤੰਬਰ 1965 ਨੂੰ ਭਾਰਤ - ਪਾਕਿ ਜੰਗ ਸ਼ੁਰੂ ਹੋ ਗਈ, ਜਿਸ ਦੇ ਬਹਾਨੇ ਸਦਕਾ ਮਰਨ-ਵਰਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁੱਕ ਗਿਆ। ਜੰਗ ਖਤਮ ਹੋਣ ਮਗਰੋਂ ਕੇਂਦਰ ਨੇ ਪੰਜਾਬੀ ਸੂਬੇ ਦੀ ਮੰਗ 'ਤੇ ਪੁਰਨ ਵਿਚਾਰ ਲਈ ਦੋ ਕਮੇਟੀਆਂ ਬਣਾਈਆਂ। ਇਕ ਕਮੇਟੀ ਵਿੱਚ ਲੋਕ ਸਭਾ ਦੇ 22 ਐਮ.ਪੀਜ਼. ਸ਼ਾਮਿਲ ਸਨ। ਜਿਸ ਦੇ ਪ੍ਰਧਾਨ ਸੰਸਦ ਦੇ ਸਪੀਕਰ ਹੁਕਮ ਸਿੰਘ ਸਨ। ਦੂਸਰੀ ਸਬ- ਕਮੇਟੀ ਵਿੱਚ ਇੰਦਰਾ ਗਾਂਧੀ ਸਮੇਤ ਕੈਬਨਿਟ ਮੰਤਰੀ ਸ਼ਾਮਿਲ ਸਨ। 11 ਜਨਵਰੀ 1966 ਨੂੰ ਤਾਸ਼ਕੰਦ ਵਿਖੇ ਸ਼ਾਸਤਰੀ ਦੀ ਅਚਾਨਕ 'ਰਹੱਸਮਈ' ਮੌਤ ਮਗਰੋਂ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਬਣੀ। ਅਕਾਲੀ ਦਲ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਦੇ ਦਬਾਅ ਪਾਉਣ 'ਤੇ ਕੇਂਦਰ ਵੱਲੋਂ ਪੰਜਾਬ ਦੇ ਹਿੰਦੀ ਬੋਲਦਿਆਂ ਇਲਾਕਿਆਂ ਨੂੰ ਦਿੱਲੀ ਨਾਲ ਤੇ ਪਹਾੜੀ ਖੇਤਰ ਨੂੰ ਹਿਮਾਚਲ ਨਾਲ ਜੋੜਨ ਦਾ ਸੁਝਾਅ ਵਿਚਾਰ ਅਧੀਨ ਲਿਆਂਦਾ ਗਿਆ। ਅਜੋਕੇ ਸਮੇਂ ਅਕਾਲੀ ਦਾਲ ਬਾਦਲ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਤੇ ਉਸ ਵੇਲੇ ਦੀ ਜਨਸੰਘ ਦੇ ਸਕੱਤਰ ਯਗਦੱਤ ਸ਼ਰਮਾ ਨੇ ਪੰਜਾਬੀ ਸੂਬੇ ਬਣਾਉਣ ਦੇ ਵਿਰੁੱਧ ਮਰਨ ਵਰਤ ਸ਼ੁਰੂ ਕਰ ਦਿੱਤਾ।


ਸਥਿਤੀ ਨਿਰੰਤਰ ਵਿਗੜਦੀ ਵੇਖ ਕੇ 21 ਮਾਰਚ 1966 ਨੂੰ ਸੁਪਰੀਮ ਕੋਰਟ ਦੇ ਜੱਜ ਜਸਟਿਸ ਸ਼ਾਹ ਦੀ ਅਗਵਾਈ ਹੇਠ ਪੰਜਾਬ ਦੀ ਨਵੀਂ ਹੱਦ ਬੰਦੀ ਲਈ ਤਿੰਨ-ਮੈਂਬਰੀ ਕਮਿਸ਼ਨ ਬਣਾਇਆ ਗਿਆ ਤੇ ਇਸ ਪੂਰਨ ਗਠਨ ਦਾ ਆਧਾਰ 1961 ਦੀ ਦੋਸ਼ ਪੂਰਨ ਮਰਦਮ- ਸ਼ੁਮਾਰੀ ਨੂੰ ਬਣਾਇਆ ਗਿਆ। ਸ਼ਾਹ ਕਮਿਸ਼ਨ ਵੱਲੋਂ ਤਿਆਰ ਕੀਤੀ ਰਿਪੋਰਟ ਪੰਜਾਬੀਆਂ ਨਾਲ ਸ਼ਰੇਆਮ ਬੇਇਨਸਾਫ਼ੀ ਸੀ। ਭਾਰਤੀ ਸਾਂਸਦ ਵਿੱਚ 6 ਸਤੰਬਰ 1966 ਨੂੰ 'ਪੰਜਾਬ ਪੁਨਰਗਠਨ ਬਿੱਲ' ਉਤੇ ਬਹਿਸ ਹੋਈ, ਜਿਸ ਵਿੱਚ ਸਿੱਖ ਪੰਥ ਦੇ ਮਹਾਨ ਚਿੰਤਕ ਤੇ ਅਕਾਲੀ ਐਮ. ਪੀ. ਸਿਰਦਾਰ ਕਪੂਰ ਸਿੰਘ ਨੇ ਆਪਣੀ ਪ੍ਰਭਾਵਸ਼ਾਲੀ ਤਕਰੀਰ ਵਿੱਚ ਕਿਹਾ, "ਇਹ ਬਿੱਲ ਗੰਦਾ ਆਂਡਾ ਹੈ, ਜਿਸ ਦੇ ਕੁਝ ਭਾਗ ਭਾਵੇਂ ਵੇਖਣ ਨੂੰ ਠੀਕ ਹੀ ਲੱਗਣ, ਉਹ ਭੋਜਨ ਕਰਨ ਦੇ ਯੋਗ ਨਹੀਂ। ਤਿੰਨ ਕਾਰਨ ਇਸ ਨੂੰ ਨਾ ਕਬੂਲਣ ਦੇ ਹਨ। ਇਕ ਤਾਂ ਇਹ ਪਾਪ ਭਰੀ ਮਨਸ਼ਾ ਦੀ ਉਪਜ ਹੈ। ਦੂਜਾ ਇਸ ਨੂੰ ਜਮਾਉਣ ਵਾਲੀ ਕੁਚੱਜੀ ਹੈ। ਤੀਜਾ, ਇਹ ਦੇਸ਼ ਦੇ ਸਮੁੱਚੇ ਲਾਭਾਂ ਲਈ ਹਾਨੀਕਾਰਕ ਹੈ ਤੇ ਇਸ ਨਾਲ ਦੇਸ਼ 'ਤੇ ਰਾਜ ਕਰਨ ਵਾਲੀ ਜਾਤੀ ਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਏਗਾ। ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾ ਹਾਂ, ਕਿਉਂਕਿ ਸਿੱਖਾਂ ਨਾਲ ਜੋ ਵਿਸ਼ਵਾਸਘਾਤ, ਸੁਤੰਤਰ ਭਾਰਤ ਵਿੱਚ ਕੀਤਾ ਗਿਆ ਹੈ, ਇਹ ਉਸਦੀ ਆਖਰੀ ਕੜੀ ਹੈ। ਇਹ ਵਿਸ਼ਵਾਸਘਾਤ ਕਾਂਗਰਸੀ ਹਿੰਦੂ ਲੀਡਰਾਂ ਨੇ ਜਾਣ-ਬੁੱਝ ਕੇ ਉਸ ਸਿੱਖ ਕੌਮ ਨਾਲ ਕੀਤਾ ਹੈ, ਜਿਸ ਸਿੱਖ ਕੌਮ ਨੇ ਹਿੰਦੂ ਧਰਮ ਤੇ ਹਿੰਦੂ ਜਾਤੀ ਦੀ ਰੱਖਿਆ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ। ਇਹ ਧੋਖਾ ਉਹਨਾਂ ਸਿੱਖਾਂ ਨਾਲ ਹੋਇਆ ਹੈ, ਜਿਨ੍ਹਾਂ ਦਾ ਹੌਂਸਲਾ ਅਤੇ ਦੇਸ਼ ਭਗਤੀ ਸੰਸਾਰ ਪ੍ਰਸਿੱਧ ਹੈ'। ਪੰਜਾਬੀਆਂ ਨਾਲ ਅਕ੍ਰਿਤਘਣਤਾ ਦੀ ਮੂੰਹ ਬੋਲਦੀ ਤਸਵੀਰ ਪੂਰੇ ਵਿਸ਼ਵ ਸਾਹਮਣੇ ਪੇਸ਼ ਕਰਕੇ ਸਿਰਦਾਰ ਕਪੂਰ ਸਿੰਘ ਨੇ ਇਕ ਵਾਰ ਭਾਰਤੀ ਸਾਂਸਦ ਵਿੱਚ ਤਰਥੱਲੀ ਤਾਂ ਮਚਾ ਦਿੱਤੀ, ਪਰ ਕਾਂਗਰਸੀ ਐਮ.ਪੀਜ਼ ਦੀ ਬਹੁ-ਗਿਣਤੀ ਨਾਲ ਪੰਜਾਬ ਪੁਨਰਗਠਨ ਬਿੱਲ ਪਾਸ ਕਰ ਦਿੱਤਾ ਗਿਆ।

ਪਹਿਲੀ ਨਵੰਬਰ 1966 ਨੂੰ ਅਜੋਕਾ ਪੰਜਾਬ ਹੋਂਦ ਵਿੱਚ ਆਇਆ, ਜਿਸ ਵਿਚੋਂ ਚੰਡੀਗੜ੍ਹ, ਡਲਹੌਜ਼ੀ, ਊਨਾ, ਅੰਬਾਲਾ, ਕਰਨਾਲ, ਗੰਗਾਨਗਰ, ਸਰਸਾ ਵਰਗੇ ਪੰਜਾਬੀ ਬੋਲਦੇ ਇਲਾਕੇ ਦਵੈਤ-ਭਾਵਨਾ ਤੇ ਸਿਆਸੀ ਸਾਜਿਸ਼ਾਂ ਦੇ ਸਿੱਟੇ ਵਜੋਂ ਵੱਖਰੇ ਰੱਖੇ ਗਏ। ਨਵੇਂ ਬਣੇ ਪੰਜਾਬੀ ਸੂਬੇ ਦਾ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ 'ਮੁਸਾਫਰ' ਨੂੰ ਬਣਾਇਆ ਗਿਆ। ਉਨ੍ਹਾਂ ਤੋਂ ਮਗਰੋਂ ਪਹਿਲੇ ਗੈਰ-ਕਾਂਗਰਸੀ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਬਣੇ, ਜਿਨ੍ਹਾਂ ਨੂੰ ਅਕਾਲੀ ਦਲ ਵਿਧਾਇਕਾਂ ਦਾ ਲੀਡਰ ਚੁਣਿਆ ਗਿਆ। ਪੰਜਾਬੀ ਸੂਬੇ ਦੇ ਇਤਿਹਾਸ ਵਿੱਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਲਾਗੂ ਕਰਵਾਉਣ ਲਈ ਸਭ ਤੋਂ ਵੱਧ ਮਜ਼ਬੂਤ ਕਦਮ ਚੁੱਕਣ ਅਤੇ ਠੋਸ ਫੈਸਲੇ ਕਰਨ ਲਈ ਮੁੱਖ ਮੰਤਰੀ ਸਰਦਾਰ ਲੱਛਮਣ ਸਿੰਘ ਗਿੱਲ ਦਾ ਨਾਂ ਅੱਜ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ, ਜਿਨ੍ਹਾਂ ਨੂੰ ਪੰਜਾਬੀ ਬੋਲੀ ਦੇ ਸੱਚੇ-ਸੁੱਚੇ ਸਪੁੱਤਰ ਵਜੋਂ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ। ਸ. ਗਿੱਲ ਤੋਂ ਇਲਾਵਾ ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਲਈ ਸੰਘਰਸ਼ ਕਰਨ ਵਾਲੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਕੁਰਬਾਨੀ ਦਾ ਸਿੱਖ ਇਤਿਹਾਸ ਵਿੱਚ ਬੜਾ ਸਤਿਕਾਰ ਹੈ, ਜਿਨ੍ਹਾਂ ਸ੍ਰੀ ਅਕਾਲ ਤਖ਼ਤ ਤੋਂ ਅਰਦਾਸ ਕਰਕੇ 15 ਅਗਸਤ 1969 ਨੂੰ ਭਾਰਤ ਦੀ ਅਖੌਤੀ ਆਜ਼ਾਦੀ ਵਾਲੇ ਦਿਨ 'ਤੇ ਮਰਨ ਵਰਤ ਅਰੰਭਿਆ, ਪਰ ਪੰਜਾਬ ਵਿਰੋਧੀ ਸਰਕਾਰ ਦੇ ਕੰਨੀ ਜੂੰ ਨਾ ਸਰਕੀ। ਆਖਿਰਕਾਰ 74 ਦਿਨ ਭੁੱਖਾ ਰਹਿ ਕੇ 27 ਅਕਤੂਬਰ 1969 ਨੂੰ ਭਾਈ ਦਰਸ਼ਨ ਸਿੰਘ ਫੇਰੂਮਾਨ ਪੰਜਾਬੀ ਬੋਲਦੇ



ਇਲਾਕਿਆਂ ਦੀ ਪ੍ਰਾਪਤੀ ਲਈ ਸ਼ਹੀਦੀ ਪਾ ਗਏ। ਸ਼ਹੀਦ ਫੇਰੂਮਾਨ ਦੀ ਕੁਰਬਾਨੀ ਨੂੰ ਪੰਜਾਹ ਸਾਲ ਗੁਜ਼ਰ ਗਏ ਹਨ, ਪਰ ਪੰਜਾਬੀ ਵਿਰੋਧੀ ਕੇਂਦਰੀ ਸਰਕਾਰਾਂ ਨੇ ਪੰਜਾਬ ਦੇ ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਲਈ ਕੋਈ ਵੀ ਮੰਗ ਨਹੀਂ ਮੰਨੀ। ਆਪਣੇ ਆਪ ਨੂੰ ਸਿੱਖਾਂ ਦੀ ਪ੍ਰਤੀਨਿਧ ਜਥੇਬੰਦੀ ਅਖਵਾਉਣ ਵਾਲੇ ਅਕਾਲੀ ਦਲ ਦੀ ਸਰਕਾਰ ਨੇ ਵੀ ਆਪਣੇ ਸਮੇਂ ਦੌਰਾਨ ਭਾਈਵਾਲ ਭਾਜਪਾ ਦੀਆਂ ਕੇਂਦਰੀ ਸਰਕਾਰਾਂ ਤੋਂ ਇਹ ਇਲਾਕੇ ਵਾਪਸ ਲੈਣ ਲਈ ਕੋਈ ਸਾਰਥਕ ਯਤਨ ਨਹੀਂ ਕੀਤਾ। ਵਰਤਮਾਨ ਸਮੇਂ ਪੰਜਾਬ ਇਕ ਚੋਪੜਿਆ-ਲੇਪਿਆ ਜ਼ਿਲ੍ਹਾ-ਪਰੀਸ਼ਦ ਬਣ ਕੇ ਰਹਿ ਗਿਆ ਹੈ । ਪੰਜਾਬ ਤੋਂ ਪੰਜਾਬੀ ਬੋਲਦੇ ਇਲਾਕੇ ਖੋਹ ਕੇ ਕੀਤੀ ਗਈ ਕਾਣੀ- ਵੰਡ ਮਗਰੋਂ ਪੰਜਾਬ ਦੇ ਪਾਣੀਆਂ ਦੀ ਵੰਡ ਨੇ ਬਾਕੀ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ ਹੈ। ਪੰਜਾਬ ਦੇ ਦਰਿਆਵਾਂ ਦਾ 75 ਫੀਸਦੀ ਪਾਣੀ ਹਰਿਆਣਾ ਤੇ ਰਾਜਸਥਾਨ ਮੁਫ਼ਤ ਲੁੱਟ ਰਹੇ ਹਨ, ਜਦਕਿ ਪੰਜਾਬ ਦੀ 65 ਫੀਸਦੀ ਜ਼ਮੀਨ ਨੂੰ ਇਨ੍ਹਾਂ ਦਰਿਆਵਾਂ ਦਾ ਪਾਣੀ ਨਸੀਬ ਨਹੀਂ। ਪੰਜਾਬ ਦੀ ਧਰਤੀ 'ਤੇ ਪੰਜਾਬ ਦੇ ਪੈਸੇ ਨਾਲ ਬਣੇ ਡੈਮ ਦੀ ਬਿਜਲੀ ਲਈ ਪੰਜਾਬੀ ਤਰਸ ਰਹੇ ਹਨ, ਜਦਕਿ ਉਸਦਾ ਸੁਆਦ ਪੰਜਾਬੋਂ ਬਾਹਰਲੇ ਮਾਣ ਰਹੇ ਹਨ। ਦਰਅਸਲ ਇਹ ਸਾਰੀ ਕਹਾਣੀ 'ਆਜ਼ਾਦੀ ਦੇ ਨਾਂ ਹੇਠ ਮਿਲੀ ਗੁਲਾਮੀ ਦੀ ਦਾਸਤਾਨ' ਹੈ, ਜਿਸਦਾ ਦੋਜ਼ਖ਼ ਅੱਜ ਸਮੁੱਚਾ ਪੰਜਾਬੀ ਭਾਈਚਾਰਾ ਭੋਗ ਰਿਹਾ ਹੈ।

# ਉਹ ਪੰਜਾਬ ਅਤੇ ਇਹ ਪੰਜਾਬ



ਅੱਜ ਦਾ ਪੰਜਾਬ ਉਸ (ਪੁਰਾਤਨ) ਪੰਜਾਬ ਵਰਗਾ ਨਹੀਂ ਅਤੇ ਨਾ ਹੀ ਉਹੋ ਜਿਹੇ ਜਵਾਨ ਰਹੇ ਹਨ। ਪੰਜ ਦਰਿਆਵਾਂ ਵਾਲੇ ਪੰਜਾਬ ਦਾ ਇਕ ਵੱਖਰਾ ਹੀ ਮਾਣ ਅਤੇ ਤਾਣ ਸੀ ਪਰ ਇੱਕਵੀਂ ਸਦੀ ਦੇ ਪੰਜਾਬ ਵਿਚ ਬਹੁਤ ਕੁੱਝ ਨਿਵੇਕਲਾ ਅਤੇ ਨਿਆਰਾ ਹੈ। ਇਸ ਨਿਵੇਕਲਤਾ ਅਤੇ ਨਿਆਰਤਾ ਨੇ ਗੁਰੂਆਂ-ਪੀਰਾਂ,ਬੀਰ-ਬਹਾਦਰਾਂ ਅਤੇ ਅਣਖੀਲੇ ਪੰਜਾਬੀਆਂ ਦੇ ਪੰਜਾਬ ਕਈ ਪੱਖਾਂ ਢਾਹ ਲਾਈ ਹੈ।

1947 ਦੇ ਸਮੇਂ ਕੁੱਝ ਕੁ ਰਾਜਨੀਤੀਵਾਨਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖ਼ਾਤਿਰ ਪੰਜਾਬ ਦੀ ਧਰਤੀ ਨੂੰ ਲਹੂ ਲੁਹਣ ਕੀਤਾ ਸੀ ਅਤੇ ਆਪਣਿਆਂ ਨੂੰ ਆਪਣਿਆਂ (ਧਰਮ ਅਤੇ ਇਲਾਕੇ ਦੇ ਨਾਂਅ 'ਤੇ) ਤੋਂ ਤੋੜ੍ਹਨ ਅਤੇ ਵਿਛੋੜਨ ਦਾ ਕੋਝਾ ਜਤਨ ਕੀਤਾ ਸੀ। ਇਸ ਸਾਲ ਕ੍ਰਿਸ਼ਨ, ਮੁਹੰਮਦ ਤੇ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਕੇ ਇਸ ਦੇ ਪੰਜ ਆਬਾਂ ਵਿਚ ਨਫ਼ਰਤ ਦਾ ਜ਼ਹਿਰ ਘੋਲ ਦਿੱਤਾ ਗਿਆ ਸੀ ਅਤੇ ਪੰਜਾਬ ਦੇ ਭੂਗੋਲਿਕ ਕਲਾਵੇ ਨੂੰ ਛੋਟਾ ਕਰ ਦਿੱਤਾ ਗਿਆ ਸੀ। ਇਸ ਚੰਦਰੀ ਘੜੀ ਮਨੁੱਖਤਾ ਦੇ ਹੋਏ ਘਾਣ ਨੂੰ ਦੇਖ ਕੇ ਪੰਜਾਬ ਲਹੂ ਦੇ ਅਥਰੂ ਰੋ ਰਿਹਾ ਸੀ ਪਰ ਰਾਜਨੀਤਕ ਲੋਕ ਰਾਜਸੀ ਲਾਹਾ ਲੈ ਰਹੇ ਸਨ। ਪੰਜਾਬ ਦੀ ਖੁਸ਼ਹਾਲੀ ਅਤੇ ਹਰਿਆਲੀ ਦਾ ਦਮ ਭਰਨ ਵਾਲੇ ਪੰਜਾਬ ਵਿਚਲੇ ਪੰਜਾਂ ਦਰਿਆਵਾਂ ਦਾ ਪਾਣੀ ਸੁੰਗੜ ਕੇ ਦੋ ਵੱਖਰੀਆਂ ਧਰਾਵਾਂ ਵਿਚ ਵਹਿਣ ਲੱਗਾ। ਇਕ ਧਾਰਾ ਪੱਛਮ ਵਿਚ ਵਹਿਣ ਲੱਗੀ ਅਤੇ ਦੂਸਰੀ ਪੂਰਬ ਵਿਚ।

ਇਸ ਵਖਰੇਵੇਂ ਅਤੇ ਸੁੰਗਰੇਵੇਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਸੀ ਕਿ ਤਕਰੀਬਨ ਦੋ ਦਹਾਕਿਆਂ (1 ਨਵੰਬਰ 1966 ਵਿਚ) ਬਾਅਦ ਇਸ ਨੂੰ ਭਾਸ਼ਾਈ ਆਧਾਰ 'ਤੇ ਹੋਰ ਛਾਂਗ ਦਿੱਤਾ ਗਿਆ। ਪੰਜਾਬੀ ਸੂਬੇ ਦੇ ਨਾਮ 'ਤੇ ਪੰਜਾਬੀਅਤ ਦੇ ਵਿਹੜੇ ਵਿਚ ਵਿੱਥ ਦੀਆਂ ਦੋ ਹੋਰ ਲਕੀਰਾਂ ਖਿੱਚ ਕੇ ਦੋ ਹੋਰ ਸੂਬੇ ਹਰਿਆਣਾ ਅਤੇ ਹਿਮਾਚਲ ਤਿਆਰ ਕਰ ਦਿੱਤੇ ਗਏ।ਇੱਕ ਕੁੱਖ ਵਿਚੋਂ ਜਨਮ ਲੈ ਕੇ ਸਭਿਆਚਾਰਕ ਸਾਂਝ ਰੱਖਣ ਦੇ ਬਾਵਜੂਦ ਵੀ ਇਹ ਸੂਬੇ ਕਈ ਵਾਰ ਆਪਸ ਵਿਚ ਇੱਟ-ਖੜੱਕਾ ਲਗਾਈ ਰੱਖਦੇ ਹਨ। ਸਿਰਫ਼ ਭੂਗੋਲਿਕ ਦੁਖ ਕਾਰਨ ਹੀ ਨਹੀਂ ਸਗੋਂ ਪੰਜਾਬ ਆਪਣੇ ਰਹਿਤਲ ਵਿਚ ਆਏ ਕੁੱਝ ਨਾਂਹ-ਪੱਖੀ ਰੁਝਾਨਾਂ ਕਾਰਨ ਵੀ ਅੱਖਾਂ ਭਰ ਲੈਂਦਾ ਹੈ। ਦੁੱਧ,ਘਿਓ ਅਤੇ ਮੱਖਣੀਆਂ ਦੇ ਸ਼ੌਕੀਨ ਪੰਜਾਬੀ ਹੁਣ ਛੇਵੇਂ ਦਰਿਆ (ਨਸ਼ਿਆਂ) ਦੇ ਵਹਿਣ ਵਿਚ ਵਹੀ ਜਾ ਰਹੇ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵਾਂ ਕਾਰਨ ਕਈ ਤਾਂ ਆਪਣੀਆਂ ਬੇਸ਼ਕੀਮਤੀ ਜ਼ਿੰਦਗੀਆਂ ਤੋਂ ਵੀ ਹੱਥ ਧੋਈ ਜਾ ਰਹੇ ਹਨ। ਮੱਲ ਅਖਾੜਿਆਂ ਵਿਚ ਮੱਲਾਂ ਮਾਰਨ ਵਾਲੇ ਪੰਜਾਬੀ ਗੱਭਰੂਆਂ ਦੀ ਦਿਨ-ਬ-ਦਿਨ ਨਿਘਰਦੀ ਜਾ ਰਹੀ ਹਾਲਤ ਨੂੰ ਦੇਖ ਪੰਜਾਬ ਸੱਚ-ਮੁੱਚ ਹੀ ਅੰਦਰੋ-ਬਾਹਰੋਂ ਦੁਖੀ ਹੈ। ਇਕ ਹਾਸੋਹੀਣੀ ਗੱਲ ਹੋਰ ਵੀ ਹੈ ਜਿਹੜੀ ਪੰਜਾਬ ਨੂੰ ਵਧੇਰੇ ਝੰਜੋੜਦੀ ਹੈ, ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਮੋੜ-ਚੌਰਾਹਿਆਂ 'ਤੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਵਾਲੇ ਲੋਕ ਹੀ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦੀਆਂ ਟਾਹਰਾਂ ਮਾਰਦੇ ਰਹਿੰਦੇ ਹਨ ਅਤੇ ਕੁੱਝ ਝੋਲੀ-ਚੁੱਕ ਕਿਸਮ ਦੇ ਲੋਕ ਉਨ੍ਹਾਂ ਦੀਆਂ ਤੁਗ਼ਲਕੀ ਟਾਹਰਾਂ ਦਾ ਹੁੰਗਾਰਾ (ਉਤਲੇ ਮਨੋਂ) ਭਰੀ ਜਾ ਰਹੇ। ਇਹ ਲੋਕ ਵਿਦਿਆਲਿਆਂ-ਮਹਾਂਵਿਦਿਆਲਿਆਂ ਵਿਚ ਪੜ੍ਹਨ ਵਾਲੇ ਪਾੜ੍ਹੇ-ਪਾੜ੍ਹੀਆਂ ਦੇ ਹੱਥਾਂ ਵਿਚ ਬੈਨਰ ਫੜ੍ਹਾ ਕੇ ਨਸ਼ਿਆਂ ਦੇ ਖਿਲਾਫ਼ ਰੈਲੀਆਂ ਤਾਂ ਕੱਢਵਾਈ ਜਾ ਰਹੇ ਹਨ ਪਰ ਬਿਮਾਰੀ ਦੇ ਅਸਲ ਕਾਰਨਾਂ ਨੂੰ

ਰਮੇਸ਼ ਬੱਗਾ ਚੋਹਲਾ
9463132719



(ਜਾਣ-ਬੁੱਝ ਕੇ) ਅੱਖੋਂ ਉਹਲੇ ਕਰਕੇ ਆਪਣੇ ਨੰਬਰ (ਕਾਗਜ਼ੀ) ਬਣਾਈ ਜਾ ਰਹੇ ਹਨ। ਪੰਜਾਬ ਨੂੰ ਪਤਾ ਹੈ ਕਿ ਚੋਰ ਚੋਰ ਕਹਿ ਕੇ ਬਹੁਤਾ ਰੌਲਾ ਪਾਉਣ ਵਾਲੇ ਇਹ ਲੋਕ ਅੰਦਰੋਂ ਚੋਰ ਦੀ ਮਾਂ ਦੇ ਹੀ ਹਿੱਤ ਪਾਲਦੇ ਹਨ ਅਤੇ ਬੁੱਕ ਭਰ-ਭਰ ਪੰਜਾਬੀਆਂ ਦੇ ਅੱਖੀਂ ਘੱਟਾ ਪਾਉਂਦੇ ਹਨ।

ਪੰਜਾਬ ਸਿਰਫ ਆਪਣੇ ਜਾਏ ਗੱਭਰੂਆਂ ਦੇ ਨਸ਼ੀਲੇਪਨ ਦੇ ਰੁਝਾਨ ਕਾਰਨ ਹੀ ਉਦਾਸ ਨਹੀਂ ਸਗੋਂ ਉਹ ਆਪਣੀਆਂ ਮੁਟਿਆਰਾਂ/ਧੀਆਂ ਵਿਚ ਆ ਰਹੇ ਨਾਕਾਰਾਤਮਕ ਬਦਲਾਵਾਂ ਕਾਰਨ ਵੀ ਨੈਣੋਂ ਨੀਰ ਵਹਾ ਰਿਹਾ ਹੈ। ਚਰਖੇ 'ਤੇ ਤੰਦ ਪਾ ਕੇ ਤ੍ਰਿਝੰਣਾਂ ਦੀ ਰੌਣਕ ਵਧਾਉਣ ਵਾਲੀਆਂ ਮੁਟਿਆਰਾਂ ਨਾ ਸਿਰਫ਼ ਕੱਤਣਾ ਹੀ ਭੁੱਲਦੀਆਂ ਜਾ ਰਹੀਆਂ ਹਨ ਸਗੋਂ ਲੁਧਿਆਣੇ ਨੱਚ ਕੇ ਜਲੰਧਰ ਤੱਕ ਧਮਕ ਪਾਉਣ ਦਾ ਹੁਨਰ ਵੀ ਗਵਾਈ ਜਾ ਰਹੀਆਂ ਹਨ। ਇਸ ਹੁਨਰ ਦੀ ਝਲਕ ਯੂਥ-ਫੈਸਟੀਵਲਾਂ ਦੇ ਮੌਕੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਸਟੇਜਾਂ ਉਪਰ ਤਾਂ ਦੇਖਣ ਨੂੰ ਮਿਲ ਜਾਂਦੀ ਹੈ ਪਰ ਗਿੱਧੇ ਦੇ ਖੁੱਲ੍ਹਿਆਂ ਪਿੜਾਂ ਵਿਚ ਅਲੋਪ ਹੋ ਗਈ ਹੈ।

ਜਿਸ ਪੰਜਾਬ ਵਿਚ ਕਿਸੇ ਕੁੜੀ ਦੇ ਸਿਰ ਤੋਂ ਚੁੰਨੀ ਲਹਿ ਜਾਣ ਨੂੰ ਸਮਾਜਿਕ/ਸਭਿਆਚਾਰਕ ਮਾਣ-ਮਰਯਾਦਾ ਦੀ ਉਲੰਘਣਾ ਸਮਝਿਆ ਜਾਂਦਾ ਸੀ ਉਸੇ ਪੰਜਾਬ ਵਿਚ ਔਰਤਾਂ ਦਾ ਕੱਜਣ ਦਿਨੋਂ ਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ। ਫ਼ੈਸ਼ਨਪ੍ਰਸਤੀ ਦੇ ਨਾਮ 'ਤੇ ਸ਼ਰਮ-ਹਯਾ ਦੀਆਂ ਹੱਦਾਂ ਮੁਕਾਈਆਂ ਜਾ ਰਹੀਆਂ ਹਨ। ਮਹਿੰਗੇ ਪਹਿਰਾਵੇ ਫ਼ੁਕਰਪੰਥੀਆਂ ਨੂੰ ਫ਼ੁਕਰਪੁਣੇ ਦਾ ਪਾਠ ਪੜ੍ਹਾਉਂਦੇ ਹਨ ਅਤੇ ਇਸ ਪੜ੍ਹਾਈ ਸਦਕਾ ਕਈ ਵਾਰ ਉਹ ਅਨੈਤਿਕ ਵਿਹਾਰ ਨਾਲ ਵੀ ਨੱਥੇ ਜਾਂਦੇ ਹਨ।

ਮੁਹੱਬਤਾਂ ਦੇ ਮੌਸਮ ਵਾਲੇ ਪੰਜਾਬ ਵਿਚੋਂ ਮੁਹੱਬਤ ਘਟ ਰਹੀ ਹੈ ਅਤੇ ਬੇਗਾਨਗੀ ਦੀਆਂ ਕੰਧਾਂ ਉੱਚੀਆਂ ਹੋ ਰਹੀਆਂ ਹਨ। ਪਦਾਰਥਵਾਦੀ ਪਹੁੰਚ ਕਾਰਨ ਇਹ ਕੰਧਾਂ ਟੱਪਣੀਆਂ ਹੋਰ ਵੀ ਔਖੀਆਂ ਹੁੰਦੀਆਂ ਜਾ ਰਹੀਆਂ ਹਨ। ਆਪਸੀ ਰਿਸ਼ਤਿਆਂ ਵਿਚਲੀ ਰੂਹ ਮਰ ਰਹੀ ਹੈ ਜਿਸ ਕਾਰਨ ਮੇਲ-ਮਿਲਾਪ ਦੇ ਮੌਕੇ ਘੱਟ ਰਹੇ ਹਨ। ਇਨ੍ਹਾਂ ਮਾਇਨਸ ਹੁੰਦੇ ਜਾ ਰਹੇ ਮੌਕਿਆਂ ਉਪਰ ਜਦੋਂ ਕੋਈ ਗ਼ਿਲਾ-ਸ਼ਿਕਵਾ ਕਰਦਾ ਹੈ ਤਾਂ ਇਸ ਨੂੰ ਸਮੇਂ ਦੀ ਘਾਟ ਕਹਿ ਕੇ ਸੁਰਖ਼ਰੂ ਹੋਇਆ ਜਾਂਦਾ ਹੈ। ਇੱਕ-ਦੂਜੇ ਦੇ ਦੁੱਖ-ਸੁੱਖ ਦੀ ਭਾਈਵਾਲੀ ਹੁਣ ਰਸਮੀ ਜਿਹੀ ਹੋ ਕੇ ਰਹਿ ਗਈ ਹੈ। ਸਮੇਂ ਦਾ ਸੰਤਾਪ ਦੇਖੋ ਕਿਸੇ ਨਾਮੁਰਾਦ ਬਿਮਾਰੀ ਨਾਲ ਮਰ ਜਾਣ ਵਾਲਿਆਂ ਦੀਆਂ ਦੇਹਾਂ ਵਿਦਾਇਗੀ ਸਮੇਂ ਆਪਣਿਆਂ ਦੇ ਮੋਢਿਆਂ ਨੂੰ ਤਰਸ ਰਹੀਆਂ ਹਨ।ਮਰਨ ਵਾਲਿਆਂ ਦਾ ਆਤਮਿਕ ਸੁੱਖ ਮੰਗਣ ਵਾਲਿਆਂ ਦੀ ਆਪਣੀ ਆਤਮਾ ਮਰ ਰਹੀ ਹੈ। ਮਸ਼ੀਨੀਕਰਨ ਦੇ ਯੁੱਗ ਨੇ ਸਾਡੇ ਲਹੂ ਦੇ ਰਿਸ਼ਤਿਆਂ ਦਾ ਮਸ਼ੀਨੀਕਰਨ ਕਰ ਦਿੱਤਾ ਹੈ।

ਪੰਜਾਬ ਨੇ ਉਹ ਦਿਨ ਵੀ ਦੇਖੇ ਹਨ ਜਦੋਂ ਕਿਸੇ ਦੇ ਮਰ ਜਾਣ 'ਤੇ ਆਂਢ-ਗੁਆਂਢ ਦੇ ਚੁੱਲ੍ਹੇ ਵੀ ਠੰਢੇ ਹੋ ਜਾਂਦੇ ਸਨ ਪਰ ਹੁਣ ਤਾਂ ਪਰਿਵਾਰ ਵਾਲੇ ਭਾਣਾ ਮੰਨਣ ਦਾ ਬੱਲ ਹਾਸਲ ਕਰਨ ਲਈ (ਮਰਨ ਵਾਲੇ ਦਾ ਸਿਵਾ ਠੰਢਾ ਹੋਣ ਤੋਂ ਪਹਿਲਾਂ ਹੀ) ਰਸੋਈ ਵਾਲੇ ਸਿਲੰਡਰ ਨੂੰ ਆਨ ਕਰ ਦਿੰਦੇ ਹਨ।ਆਪਣੇ ਜੰਮਿਆਂ-ਜਾਇਆਂ ਦੇ ਇਸ ਨਿਰਮੋਹੀ ਵਰਤਾਓ ਕਾਰਨ ਨਾ ਸਿਰਫ਼ ਵਿਛੜੀ ਰੂਹ ਹੀ ਤੜਪਦੀ ਹੋਵੇਗੀ ਸਗੋਂ ਉਸ ਪੰਜਾਬ ਦੀ ਰੂਹ ਵੀ ਕੰਬ ਜਾਂਦੀ ਹੋਵੇਗੀ ਜਿਸ ਨੂੰ ਪੰਜ ਆਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

**44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ**

**ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ**

**5 ਨਵੰਬਰ 2023 ਦਿਨ ਐਤਵਾਰ**

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ
ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ
ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।





ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

**ਸ੍ਰੀ ਰਾਮ ਮੂਰਤੀ ਸਰੋਏ ਤੇ ਸ੍ਰੀਮਤੀ ਸੱਤਿਆਵਤੀ ਸਰੋਏ**

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ
ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ

# ਦਿਲਾਂ ’ਤੇ ਖੁਣਿਆ ‘ਹਾਅ ਦਾ ਨਾਅਰਾ’

ਵਰਿੰਦਰ ਸਿੰਘ ਵਾਲੀਆ



ਤਿੰਨ ਸਦੀਆਂ ਤੋਂ ਵੀ ਪਹਿਲਾਂ ‘ਹਾਅ ਦਾ ਨਾਅਰਾ’ ਮਾਰਨ ਵਾਲੀ ਮਾਲੇਰਕੋਟਲਾ ਰਿਆਸਤ ਦੀ ਆਖ਼ਰੀ ਬੇਗਮ, ਮੁਨੱਵਰ-ਉਨ-ਨਿਸਾ (103) ਦੇ ਸਪੁਰਦ-ਏ-ਖ਼ਾਕ ਹੋਣ ਨਾਲ ਸਭ ਫ਼ਿਰਕਿਆਂ, ਖ਼ਾਸ ਤੌਰ ’ਤੇ ਸਿੱਖ ਕੌਮ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਆਪ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ (9) ਤੇ ਬਾਬਾ ਫ਼ਤਿਹ ਸਿੰਘ (7) ਨੂੰ ਸਰਹਿੰਦ ਵਿਖੇ ਨੀਹਾਂ ਵਿਚ ਚਿਣੇ ਜਾਣ ਵੇਲੇ ‘ਹਾਅ ਦਾ ਨਾਅਰਾ’ ਮਾਰਨ ਵਾਲੇ ਸ਼ੇਰਦਿਲ ਨਵਾਬ, ਸ਼ੇਰ ਮੁਹੰਮਦ ਖਾਂ ਦੀ 14ਵੀਂ ਪੀੜ੍ਹੀ ਅਤੇ ਚੜ੍ਹਦੇ ਪੰਜਾਬ ਦੀ ਇਕਲੌਤੀ ਮੁਸਲਿਮ ਰਿਆਸਤ ਮਾਲੇਰਕੋਟਲਾ ਦੇ ਆਖ਼ਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖਾਂ ਦੀ ਚੌਥੀ ਬੇਗਮ ਸਨ।

ਬੇਗਮ ਸਾਹਿਬਾ ਦੇ ਜਨਾਜ਼ੇ ਵਿਚ ਸ਼ਰੀਕ ਹਰ ਕਿਸੇ ਦੀਆਂ ਅੱਖਾਂ ਸਿੱਲ੍ਹੀਆਂ ਸਨ। ਸ਼ਾਹੀ ਮਕਬਰੇ ਵਿਚ ਆਪਣੇ ਖ਼ਾਵੰਦ ਨਵਾਬ ਇਫ਼ਤਖਾਰ ਅਲੀ ਖਾਂ ਦੀ ਕਬਰ ਨਾਲ ਦਫ਼ਨਾਏ ਜਾਣ ਵਾਲੀ ਬੇਗਮ ਨੂੰ ਪਿਆਰ ਨਾਲ ਲੋਕ ਮਾਦਰ-ਏ-ਮਾਲੇਰਕੋਟਲਾ ਕਿਹਾ ਕਰਦੇ ਸਨ। ਛੇ-ਸੱਤ ਪੋਹ (20-21 ਦਸਬੰਰ, 1705) ਵਾਲੇ ਦਿਨ ਅਨੰਦਪੁਰ ਨਗਰੀ ਨੂੰ ਅਲਵਿਦਾ ਕਹਿਣ ਤੋਂ ਬਾਅਦ ਸਰਸਾ ਨਦੀ ਵਿਚ ਹੜ੍ਹ ਆਉਣ ਕਾਰਨ ਕਲਗੀਆਂ ਵਾਲੇ ਦੇ ਪਰਿਵਾਰ ਦਾ ਵਿਛੋੜਾ ਪੈ ਗਿਆ ਸੀ। ਗੁਰੂ ਘਰ ਦਾ ਰਸੋਈਆ ਗੰਗੂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਲੈ ਗਿਆ ਤੇ ਫਿਰ ਉਨ੍ਹਾਂ ਨੂੰ ਮੁਗ਼ਲ ਸੈਨਾ ਕੋਲ ਗਿ ?ਫ਼ਤਾਰ ਕਰਵਾ ਦਿੱਤਾ।

ਨਵਾਬ ਵਜ਼ੀਰ ਖਾਂ ਨੇ ਮਾਲੇਰਕੋਟਲਾ ਦੇ ਨਵਾਬ ਨੂੰ ਕਿਹਾ ਕਿ ਉਹ ਆਪਣੇ ਭਰਾ ਦੀ ਮੌਤ ਦਾ ਜਿਵੇਂ ਚਾਹੇ ਬਦਲਾ ਲੈ ਸਕਦਾ ਹੈ। ਨਵਾਬ ਮਾਲੇਰਕੋਟਲਾ ਨੇ ਕੋਰੀ ਨਾਂਹ ਕਰਦਿਆਂ ਕਿਹਾ ਕਿ ਬੱਚਿਆਂ ਤੇ ਔਰਤਾਂ ’ਤੇ ਜ਼ੁਲਮ ਢਾਹੁਣ ਦੀ ਇਸਲਾਮ ਇਜਾਜ਼ਤ ਨਹੀਂ ਦਿੰਦਾ। ਹਾਅ ਦਾ ਮਾਰਿਆ ਨਾਅਰਾ ਤਿੰਨ ਸਦੀਆਂ ਬੀਤ ਜਾਣ ਦੇ ਬਾਵਜੂਦ ਸਿੱਖਾਂ ਦੇ ਦਿਲਾਂ ’ਤੇ ਖੁਣਿਆ ਹੋਇਆ ਹੈ। ਜ਼ੁਲਮ ਦੀ ਵਗ ਰਹੀ ਕਾਲ਼ੀ-ਬੋਲ਼ੀ ਹਨੇਰੀ ਵਿਚ ਅਜਿਹਾ ਹਾਅ ਦਾ ਨਾਅਰਾ ਮਾਰਨਾ ਪੁਰੇ ਦੀ ਰੁਮਕਦੀ ਪੌਣ ਵਰਗਾ ਸੀ। ਕਿਸੇ ਇਨਸਾਨ ਵੱਲੋਂ ਹੈਵਾਨ ਨੂੰ ਲਲਕਾਰ ਸੀ ਇਹ। ਨਵਾਬ ਵੱਲੋਂ ਦਿਖਾਈ ਸੰਜੀਦਗੀ ਨੇ ਸਿੱਖ ਕੌਮ ਦਾ ਦਿਲ ਜਿੱਤ ਲਿਆ। ਮੁਗ਼ਲਾਂ ਅਤੇ ਸਿੱਖਾਂ ਦਰਮਿਆਨ ਚੱਲ ਰਹੀ ਖ਼ੂਨੀ ਜੰਗ ਵੇਲੇ ਦਿਖਾਈ ਗਈ ਤਵਾਰੀਖ਼ੀ ਸਦਭਾਵਨਾ ਨੇ ਬਲਦੀ ’ਤੇ ਪਾਣੀ ਛਿੜਕਣ ਵਾਲਾ ਕਾਰਜ ਕੀਤਾ। ਇਤਿਹਾਸ ਵਿਚ ਸੁਨਹਿਰੀ ਪੰਨਾ ਜੁੜ ਗਿਆ।

ਇਹੀ ਕਾਰਨ ਸੀ ਕਿ ਦੇਸ਼ ਦੀ ਵੰਡ ਵੇਲੇ ਹੋਈ ਵੱਢ-ਟੁੱਕ ਦੇ ਬਾਵਜੂਦ ਮਾਲੇਰਕੋਟਲਾ ਵਿਚ ਅਮਨ-ਚੈਨ ਰਿਹਾ। ਨਵਾਬ ਸ਼ੇਰ ਮੁਹੰਮਦ ਖ਼ਾਨ ਵੱਲੋਂ ਪਾਏ ਪੂਰਨਿਆਂ ’ਤੇ ਚੱਲਦਿਆਂ ਮਾਲੇਰਕੋਟਲਾ ਦਾ ਅਵਾਮ ਅੱਜ ਵੀ ਫ਼ਿਰਕੂ ਦੰਗੇ-ਫ਼ਸਾਦਾਂ ਤੋਂ ਕੋਹਾਂ ਦੂਰ ਰਹਿੰਦਾ ਹੈ। ਇਸਲਾਮ ਦਾ ਲਿਟਰੇਚਰ ਛਾਪਣ ਵਾਲਾ ਹਿੰਦੂ ਧਰਮ ਦਾ ਅਨੁਯਾਈ ਮਿਲ ਜਾਵੇਗਾ। ਮੰਦਰ, ਮਸਜਿਦ ਜਾਂ ਗੁਰਧਾਮ ਦੇ ਬਾਹਰ ਮੁਸਲਮਾਨਾਂ ਦੀਆਂ ਦੁਕਾਨਾਂ ਮਾਲੇਰਕੋਟਲਾ ਦੀ ਧਰਮ-ਨਿਰਪੱਖਤਾ ਦੀ ਗਵਾਹੀ ਭਰਦੀਆਂ ਹਨ। ਕਈ ਕਾਰੋਬਾਰਾਂ ਦੇ ਭਾਈਵਾਲ ਮੁਸਲਮਾਨ, ਹਿੰਦੂ ਤੇ ਸਿੱਖ ਹਨ। ਜੇ ਸੂਬਾ ਸਰਹਿੰਦ ਦਾ ਕਹਿਣਾ ਮੰਨ ਕੇ ਮਾਲੇਰਕੋਟਲਾ ਦਾ ਨਵਾਬ ਇੰਤਕਾਮ ਲੈ ਲੈਂਦਾ ਤਾਂ ਇਤਿਹਾਸ ਵੱਖਰੀ ਤਰ੍ਹਾਂ ਲਿਖਿਆ ਜਾਣਾ ਸੀ। ‘ਗੁਰਦੁਆਰਾ ਹਾਅ ਦਾ ਨਾਅਰਾ’ ਨਵਾਬ ਮਾਲੇਰਕੋਟਲਾ ਵੱਲੋਂ ਸਾਹਿਬਜ਼ਾਦਿਆਂ ਪ੍ਰਤੀ ਦਿਖਾਈ ਗਈ ਸਹਾਨੁਭੂਤੀ ਦਾ ਪ੍ਰਤੀਕ ਬਣਿਆ ਹੋਇਆ ਹੈ। ਇਸ ਗੁਰਧਾਮ ਵਿਚ ‘ਮਾਦਰ-ਏ-ਮਾਲੇਰਕੋਟਲਾ’ ਵੀ ਅਕਸਰ ਨਤਮਸਤਕ ਹੋਇਆ ਕਰਦੇ ਸਨ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 14 ਮਈ 2021 ਨੂੰ ਈਦ-ਉਲ-ਫ਼ਿਤਰ ਮੌਕੇ ਮਾਲੇਰਕੋਟਲਾ ਨੂੰ ਸੰਗਰੂਰ ਜ਼ਿਲ੍ਹੇ ’ਚੋਂ ਕੱਢ ਕੇ 23ਵਾਂ ਜ਼ਿਲ੍ਹਾ ਬਣਾਉਣ ਦਾ ਐਲਾਨ ਕੀਤਾ ਸੀ। ਦੋ ਜੂਨ ਨੂੰ ਪੰਜਾਬ ਕੈਬਨਿਟ ਨੇ ਇਸ ਨੂੰ ਰਸਮੀ ਤੌਰ ’ਤੇ ਜ਼ਿਲ੍ਹਾ ਬਣਾ ਦਿੱਤਾ।

ਕੈਪਟਨ ਅਮਰਿੰਦਰ ਸਿੰਘ ਦੀਆਂ ਸਿਮਰਤੀਆਂ ਵਿਚ ਮਾਲੇਰਕੋਟਲਾ ਉੱਕਰਿਆ ਹੋਇਆ ਹੈ। ਉਹ ਅਕਸਰ ਕਿਹਾ ਕਰਦੇ ਕਿ ਬਚਪਨ ਵਿਚ ਉਹ ਮਾਲੇਰਕੋਟਲਾ ਦੇ ਮੁਬਾਰਕ ਮੰਜ਼ਿਲ ਵਿਚ ਖੇਡਿਆ ਕਰਦੇ ਸਨ। ਰਾਜਿਆਂ-ਮਹਾਰਾਜਿਆਂ ਵਿਚ ਉਂਜ ਵੀ ਕਈ ਤਰ੍ਹਾਂ ਦੀਆਂ ਸਾਕ-ਸਕੀਰੀਆਂ ਹੁੰਦੀਆਂ ਸਨ। ਨਾਤਾ ਜੋੜਨ ਵੇਲੇ ਉਹ ਫ਼ਿਰਕਿਆਂ ਦੀਆਂ ਵਲਗਣਾਂ ਦੀ ਪਰਵਾਹ ਨਾ ਕਰਦੇ। ਮਾਲੇਰਕੋਟਲਾ ਦੀ ਆਖ਼ਰੀ ਬੇਗਮ ਦੇ ਦੀਦਾਰ ਕਰਨ ਨੂੰ ਕੈਪਟਨ ਸੁਭਾਗਾ ਸਮਝਦੇ ਸਨ। ਬੇਗਮ ਸਾਹਿਬਾ ਦੀ ਤਬੀਅਤ ਕਾਫ਼ੀ ਦੇਰ ਤੋਂ ਨਾਸਾਜ਼ ਸੀ। ਆਖ਼ਰੀ ਸਮੇਂ ਉਹ ਘੱਟ-ਵੱਧ ਹੀ ਕਿਸੇ ਨੂੰ ਮਿਲਦੇ ਸਨ। ਚੰਦ ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਟੀਮ ਨੇ ਉਨ੍ਹਾਂ ਦਾ ਮੁਬਾਰਿਕ ਮੰਜ਼ਿਲ ਵਿਚ ਪੁੱਜ ਕੇ ਸਨਮਾਨ ਕੀਤਾ ਸੀ। ਮੁਗ਼ਲਾਂ ਨੇ ਜਿੱਥੇ ਸਿੱਖ ਕੌਮ ’ਤੇ ਅੰਨ੍ਹੇ ਜ਼ੁਲਮ ਢਾਹੇ, ਓਥੇ ਕਈ ਸੱਚੇ ਮੁਸਲਮਾਨ ਗੁਰੂ ਸਾਹਿਬਾਨ ਦੇ ਅੰਗ-ਸੰਗ ਵੀ ਰਹੇ। ਇਹ ਸਦਭਾਵਨਾ ਅਗਲੀਆਂ ਪੀੜ੍ਹੀਆਂ ’ਚ ਵੀ ਦਿਖਾਈ ਦਿੱਤੀ।

ਇਕ ਮੁਸਲਮਾਨ ਕਵੀ ਅੱਲ੍ਹਾ ਯਾਰ ਖਾਂ ਜੋਗੀ (1870-1956) ਦੇ ਦੋ ਲੰਬੇ ਮਰਸੀਏ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਸੁੱਚੇ ਹੰਝੂਆਂ ਨਾਲ ਦਿੱਤੀ ਸ਼ਰਧਾਂਜਲੀ ਵਜੋਂ ਪੜ੍ਹੇ ਜਾਂਦੇ ਹਨ। ਜੋਗੀ ਨੂੰ ਨਵਾਬ ਮਾਲੇਰਕੋਟਲਾ ਵੱਲੋਂ ਮਾਰਿਆ ‘ਹਾਅ ਦਾ ਨਾਅਰਾ’ ਵੀ ਟੁੰਬਦਾ ਹੈ। ਸ਼ਹੀਦਾਨ-ਏ-ਵਫ਼ਾ ਵਿਚ ਉਹ ਸਾਹਿਬਜ਼ਾਦਿਆਂ ਦੇ ਅਡਿੱਗ ਹੌਸਲੇ ਦੀ ਖ਼ੂਬ ਦਾਦ ਦਿੰਦਾ ਹੈ। ਇਹ ਲੰਬਾ ਮਰਸੀਆ ਸੰਨ 1913 ਵਿਚ ਕਲਮਬੱਧ ਕੀਤਾ ਗਿਆ ਸੀ। ਇਸ ਵਿਚ ਜੋਗੀ ਜੀ ਨੇ ਠੰਢੇ ਬੁਰਜ ਵਿਚ ਦਾਦੀ ਮਾਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦਰਮਿਆਨ ਹੋਏ ਮਾਰਮਿਕ ਸੰਵਾਦ ਨੂੰ ਅਨੂਠੇ ਅਲੰਕਾਰਾਂ ਨਾਲ ਪਰੋਇਆ ਹੈ। ਸੂਬਾ ਸਰਹਿੰਦ ਦੀ ਕਚਹਿਰੀ ਲਈ ਤੋਰਨ ਵੇਲੇ ਮਾਤਾ ਜੀ ਫ਼ੁਰਮਾਉਂਦੇ ਹਨ :

**ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ, ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋਂ ਲੂੰ, ਪਯਾਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ।**

ਧਰਮ ਪਰਿਵਰਤਨ ਤੋਂ ਬਾਅਦ ਜਾਨ ਬਖ਼ਸ਼ੇ ਜਾਣ ਦੀ ਪੇਸ਼ਕਸ਼ ਨੂੰ ਜੁਰਅੱਤ ਨਾਲ ਠੁਕਰਾਉਣ ਵਾਲੇ ਸਾਹਿਬਜ਼ਾਦਿਆਂ ਦੀ ਸ਼ਬਦਾਂ ਨਾਲ ਕੀਤੀ ਗਈ ਤਸਵੀਰਕਸ਼ੀ ਆਤਮਸਾਤ ਕਰ ਕੇ ਹਰ ਕਿਸੇ ਦੀਆਂ ਅੱਖਾਂ ’ਚੋਂ ਹੰਝੂ ਟਪਕ ਪੈਂਦੇ ਹਨ। ਨੀਹਾਂ ਵਿਚ ਚਿਣੇ ਜਾਣ ਤੋਂ ਪਹਿਲਾਂ ਸਾਹਿਬਜ਼ਾਦੇ ਕਹਿੰਦੇ ਹਨ :

**ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ, ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।**

ਸੱਚਮੁੱਚ ਸਾਹਿਬਜ਼ਾਦਿਆਂ ਦੇ ਨੀਹਾਂ ਵਿਚ ਚਿਣੇ ਜਾਣ ਤੋਂ ਬਾਅਦ ਸਿੱਖ ਕੌਮ ਦੀ ਬੁਨਿਆਦ ਮਜ਼ਬੂਤ ਹੋਈ। ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਈ। ਅੱਲ੍ਹਾ ਯਾਰ ਖਾਂ ਜੋਗੀ ਨੇ ਇਸ ਸਾਕੇ ਨੂੰ ਜ਼ੁਲਮ ਦੀ ਜੜ੍ਹ ਪੁੱਟਣ ਵਾਲਾ ਅਹਿਮ ਕਦਮ ਦੱਸਿਆ ਹੈ। ਨਵਾਬ ਮਾਲੇਰਕੋਟਲੇ ਵਾਂਗ ਜੋਗੀ ਦਾ ਦਿਲ ਵੀ ਜ਼ਾਰ ਜ਼ਾਰ ਰੋਂਦਾ ਪ੍ਰਤੀਤ ਹੁੰਦਾ ਹੈ। ਇਹ ਦੋਨੋਂ ਫ਼ਿਰਕਾਪ੍ਰਸਤੀ ਤੋਂ ਕੋਹਾਂ ਦੂਰ ਹਨ। ਇਸੇ ਲਈ ਸਿੱਖ ਕੌਮ ਦੇ ਦਿਲਾਂ ਅੰਦਰ ਇਨ੍ਹਾਂ ਦੀ ਵਿਸ਼ੇਸ਼ ਥਾਂ ਹੈ। ਉਹ ਦੀਨੀ ਭਾਈਆਂ ਨੂੰ ਲਾਹਨਤਾਂ ਪਾਉਣ ਵਾਲੇ ਸੱਚੇ-ਸੁੱਚੇ ਇਨਸਾਨ ਸਨ। ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਬਾਰੇ ਲਿਖੀ ਨਜ਼ਮ, ‘ਗੰਜ-ਏ-ਸ਼ਹੀਦਾਂ’ ਵੀ ਅੱਲਾ ਯਾਰ ਖਾਂ ਜੋਗੀ ਦੀ ਕਰੁਣਾ ਦਾ ਇਜ਼ਹਾਰ ਕਰਦੀ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਮਰਹੂਮ ਬੀਰਦਵਿੰਦਰ ਸਿੰਘ ਕਵੀ ਸਾਧੂ ਸਿੰਘ ਦਰਦ ਦੀ ਕਵਿਤਾ ‘ਇਹ ਸਰਹਿੰਦ ਨਹੀਂ, ਸਿੱਖਾਂ ਦੀ ਕਰਬਲਾ ਹੈ’ ਦਾ ਅਕਸਰ ਜ਼ਿਕਰ ਕਰਿਆ ਕਰਦੇ ਸਨ। ਕਰਬਲਾ ਇਰਾਕ ਦੇ ਕੂਫ਼ਾ ਸ਼ਹਿਰ ਨੇੜੇ ਦਰਿਆ ਫ਼ਰਾਤ ਕਿਨਾਰੇ ਵਸਿਆ ਕਸਬਾ ਹੈ ਜਿੱਥੇ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਹਜ਼ਰਤ ਇਮਾਮ ਹੁਸੈਨ ਨੂੰ 72 ਸਾਥੀਆਂ ਸਣੇ 680 ਈਸਵੀ ਵਿਚ ਤਿੰਨ ਦਿਨ ਭੁੱਖੇ-ਪਿਆਸੇ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਨ੍ਹਾਂ ’ਚ ਛੇ ਮਹੀਨੇ ਤੱਕ ਦਾ ਬੱਚਾ ਸ਼ਾਮਲ ਸੀ। ਸ਼ੀਆ ਮੁਸਲਮਾਨ ਇਸ ਸਾਕੇ ਨੂੰ ਯਾਦ ਕਰ ਕੇ ਤਾਜੀਏ ਕੱਢਦੇ ਹਨ। ਸਿਆਹ ਕੱਪੜੇ ਪਾਉਂਦੇ ਤੇ ਛਾਤੀਆਂ ਪਿੱਟਦੇ ਹਨ। ਇਸੇ ਤਰ੍ਹਾਂ ਸਾਹਿਬਜ਼ਾਦਿਆਂ ’ਤੇ ਢਾਹੇ ਗਏ ਜ਼ੁਲਮਾਂ ਨੂੰ ਯਾਦ ਕਰਦਿਆਂ ਸਿੱਖ ਕੌਮ ਸ਼ਹੀਦੀ ਪੰਦਰਵਾੜਾ ਮਨਾਉਂਦੀ ਹੈ। ਇਸ ਪੰਦਰਵਾੜੇ ਦੌਰਾਨ ਨਵਾਬ ਸ਼ੇਰ ਮੁਹੰਮਦ ਖਾਂ ਵੱਲੋਂ ਲਾਏ ‘ਹਾਅ ਦੇ ਨਾਅਰੇ’ ਨੂੰ ਹੁੱਬ ਕੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਪ੍ਰਤੀ ਕੌਮ ਅਹਿਸਾਨ ਜਤਾਉਂਦੀ ਹੈ।

ਅਫ਼ਸੋਸ! ਆਖ਼ਰੀ ਨਵਾਬ ਮਾਲੇਰਕੋਟਲਾ ਦੀਆਂ ਚਾਰੇ ਬੇਗਮਾਂ ’ਚੋਂ ਕੋਈ ਔਲਾਦ ਨਹੀਂ ਹੋਈ। ਉਨ੍ਹਾਂ ਦੇ ਬਾਕੀ ਵੰਸ਼ਜ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਚਲੇ ਗਏ। ਮਾਦਰ-ਏ-ਮਾਲੇਰਕੋਟਲਾ ਦੀ ਆਖ਼ਰੀ ਖ਼ਾਹਿਸ਼ ਉਨ੍ਹਾਂ ਦੇ ਮੁਬਾਰਕ ਮੰਜ਼ਿਲ ਮਹਿਲ ਨੂੰ ਪੁਰਾਤਨ ਦਿੱਖ ਦੇਣ ਦੀ ਸੀ ਜੋ ਉਨ੍ਹਾਂ ਦੇ ਆਖ਼ਰੀ ਸਾਹ ਲੈਣ ਤੱਕ ਪੂਰੀ ਨਾ ਹੋ ਸਕੀ।

# ਰੁਖ਼ਸਤ ਹੋਈ ਮਾਲੇਰਕੋਟਲਾ ਦੀ ਆਖ਼ਰੀ ਬੇ.ਗਮ

- ਸਾਜਿਦ ਇਸਹਾਕ

**ਵੁਹ ਜਾ ਰਹਾ ਹੈ ਕੋਈ**
**ਸ਼ਬੇ .ਗਮ ਗੁਜ਼ਾਰ ਕੇ**

ਨਵਾਬ ਸ਼ੇਰ ਮੁਹੰਮਦ ਖ਼ਾਨ ਦੀ ਵਾਰਿਸ ਅਤੇ ਰਿਆਸਤ ਮਾਲੇਰਕੋਟਲਾ ਦੇ ਆਖ਼ਰੀ ਨਵਾਬ ਮੁਹੰਮਦ ਇਫ਼ਤਿਖ਼ਾਰ ਅਲੀ ਅਹਿਮਦ ਖ਼ਾਨ ਦੀ ਆਖ਼ਰੀ ਬੇ.ਗਮ ਮੁਨੱਵਰ ਉਲ ਨਿਸਾ ਨੇ ਅੱਜ ਮੁਬਾਰਕ ਮੰਜ਼ਿਲ ਵਿੱਚ ਆਖ਼ਰੀ ਸੁਆਸ ਲਏ ਅਤੇ ਰਿਆਸਤ ਮਾਲੇਰਕੋਟਲਾ ਦੀ ਆਖ਼ਰੀ ਨਿਸ਼ਾਨੀ ਵੀ ਮਣਾਂ-ਮੂੰਹੀ ਮਿੱਟੀ ਹੇਠਾਂ ਦਫ਼ਨ ਹੋ ਕੇ ਰਹਿ ਗਈ।

**ਰੁਖ਼ਸਤ ਹੂਈ ਤੋ ਆਂਖ ਮਿਲਾ**
**ਕਰ ਨਹੀਂ ਗਈ।**
**ਵੁਹ ਕਿਉ ਗਈ ਹੈ ਯਹ ਭੀ**
**ਬਤਾ ਕਰ ਨਹੀਂ ਗਈ।**

ਬੇ.ਗਮ ਮੁਨੱਵਰ ਉਲ ਨਿਸਾ ਇਸ ਰਿਆਸਤ ਦੀ ਅੰਤਿਮ ਨਿਸ਼ਾਨੀ ਸਨ ਅਤੇ 103 ਸਾਲ ਦੀ ਉਮਰ ਵਿੱਚ ਆਖ਼ਰ ਇਸ ਦੌਰ ਦਾ ਅੰਤ ਹੋ ਗਿਆ। ਟੌਂਕ ਰਿਆਸਤ ਦੇ ਪਰਿਵਾਰ ’ਚੋਂ ਇਹ ਸ਼ਹਿਜ਼ਾਦੀ 1950 ਦੇ ਕਰੀਬ ਵਿਆਹ ਕੇ ਇੱਥੇ ਮਾਲੇਰਕੋਟਲਾ ਆਏ। ਰਿਆਸਤ ਦੇ ਆਖ਼ਰੀ ਨਵਾਬ ਇਫ਼ਤਿਖ਼ਾਰ ਅਲੀ ਅਹਿਮਦ ਖ਼ਾਨ ਦੀਆਂ ਪੰਜ ਬੇ.ਗਮਾਂ ’ਚੋਂ ਇਹ ਚੌਥੇ ਨੰਬਰ ਵਾਲੀ ਬੇਗਮ ਸਨ ਅਤੇ ਬੇ.ਗਮ ਯੂਸੁ.ਫ ਜ਼ਮਾਂ ਅਤੇ ਬੇ.ਗਮ ਸਾਜਿਦਾ ਵਾਂਗ ਇਨ੍ਹਾਂ ਦੀ ਸਿਆਸਤ ਵਿੱਚ ਵੀ ਕੋਈ ਰੁਚੀ ਨਹੀਂ ਸੀ। ਪਰ ਆਪਣੀਆਂ ਕਲਾਤਮਕ ਭਾਵਨਾਵਾਂ ਅਤੇ ਸਮਾਜੀ ਰਹੁ ਰੀਤਾਂ ਨੂੰ ਨਿਭਾਉਣ ਵਾਲੀ ਇਹ ਬੇ.ਗਮ ਆਪਣੇ ਸਮੇਂ ਦੀ ਅਤਿ ਸੁੰਦਰ ਬੇ.ਗਮ ਸਨ। ਜਿਸ ਨੂੰ ਰਿਆਸਤ ਦੇ ਲੋਕ ਬਹੁਤ ਪਿਆਰ ਕਰਦੇ ਸਨ। ਇਸ ਨੂੰ ਵੇਖਣ ਤੇ ਮਿਲਣ ਲਈ ਸ਼ਹਿਰ ਦੀਆਂ ਔਰਤਾਂ ਉਤਾਵਲੀਆਂ ਰਹਿੰਦੀਆਂ ਸਨ। ਆਪਣੇ ਸਮੇਂ ਦੀ ਅਤਿ ਖ਼ੂਬਸੂਰਤ ਬੇ.ਗਮ ਆਖ਼ਰੀ ਉਮਰ ਵਿੱਚ ਸੇਵਾ ਲਈ ਆਪਣੇ ਸੇਵਾਦਰਾਂ ’ਤੇ ਹੀ ਨਿਰਭਰ ਕਰਦੇ ਸਨ। ਬੇ.ਗਮ ਸਾਹਿਬ ਆਖ਼ਰੀ ਉਮਰ ਵਿੱਚ ਕੁਝ ਜ਼ਿਆਦਾ ਬੋਲਚਾਲ ਨਹੀਂ ਸਕਦੇ ਸਨ ਪਰ ਉਨ੍ਹਾਂ ਦੀ ਮਿੱਠੜੀ ਜਿਹੀ ਮੁਸਕਾਨ ਕਈਆਂ ਦੇ ਦਿਲਾਂ ਨੂੰ ਮੋਹ-ਮੁਹੱਬਤ ਦੀਆਂ ਰਮਜ਼ਾਂ ਸਮਝਾਉਦੀ ਨਜ਼ਰ ਆਉਦੀ ਸੀ।



ਇਸ ਲੇਖਕ ਨੇ ਕੁਝ ਸਮਾਂ ਪਹਿਲਾਂ ਉਨ੍ਹਾਂ ਨਾਲ ਮੁਲਾਕਾਤ ਕਰ ਕੇ ਕੁਝ ਜਾਣਨਾ ਚਾਹਿਆ ਸੀ ਪਰ ਉਨ੍ਹਾਂ ਦਾ ਬੋਲਿਆ ਕੁਝ ਸਮਝ ਨਾ ਆਉਣ ਕਰਕੇ ਦਸਤਾਵੇਜ਼ੀ ਗੱਲਬਾਤ ਅੱਜ ਇਤਿਹਾਸ ਦਾ ਹਿੱਸਾ ਨਾ ਬਣ ਸਕੀ। ਕਿਸੇ ਸ਼ਾਇਰ ਦੇ ਆਖਣ ਅਨੁਸਾਰ :

**ਏਕ ਲਮਹੇ ਮੇਂ ਸਿਮਟ**
**ਆਇਆ ਹੈ ਸਦੀਓਂ ਕਾ ਸ.ਫਰ,**
**ਜ਼ਿੰਦਗੀ ਤੇਜ਼ ਬਹੁਤ ਤੇਜ਼**
**ਚਲੀ ਹੋ ਜੈਸੇ**

ਪਟਿਆਲਾ ਰਿਆਸਤ ਨਾਲ ਮਾਲੇਰਕੋਟਲਾ ਰਿਆਸਤ ਦੇ ਸਬੰਧ ਸਕੇ-ਸਬੰਧੀਆਂ ਵਾਲੇ ਸਨ। ਕੈਪਟਨ ਅਮਰਿੰਦਰ ਸਿੰਘ ਨੇ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਸਮੇਂ ਮਾਲੇਰਕੋਟੇਲਾ ਨਾਲ ਆਪਣੇ ਨੇੜਲੇ ਸਬੰਧਾਂ ਦਾ ਜ਼ਿਕਰ ਕੀਤਾ ਸੀ ਅਤੇ ਕਿਹਾ ਸੀ ਕਿ ਕਿ ਮੈਂ ਛੋਟਾ ਹੁੰਦਾ ਮੁਬਾਰਕ ਮੰਜ਼ਿਲ ਵਿੱਚ ਖੇਡਦਾ ਰਿਹਾ ਹਾਂ। ਜੂਨ 2021 ਵਿੱਚ ਜਦੋਂ ਮਾਲੇਰਕੋਟਲਾ ਨੂੰ 23ਵਾਂ ਜ਼ਿਲ੍ਹਾ ਐਲਾਨਿਆ ਗਿਆ ਸੀ ਤਾਂ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸ਼ਾਹੀ ਪਰਿਵਾਰ ਦਾ ਖ਼ਾਸ ਜ਼ਿਕਰ ਕੀਤਾ ਸੀ ਅਤੇ ਬੇ.ਗਮ ਸਾਹਿਬਾ ਨੂੰ ਉਹ ਹਮੇਸ਼ਾ ‘ਚਾਚੀ-ਬੇ.ਗਮ’ ਨਾਲ ਹੀ ਚੇਤੇ ਕਰਦੇ ਹਨ। ਰਿਆਸਤ ਮਾਲੇਰਕੋਟਲਾ ਦੀ ਆਖ਼ਰੀ ਬੇ.ਗਮ ਹੋਣ ਦੇ ਨਾਤੇ ਜੇ ਬੇਗਮ ਮੁਨੱਵਰ ਉਲ ਨਿਸਾ ਨੂੰ ‘ਮਾਦਰੇ ਮਾਲੇਰਕੋਟਲਾ’ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਜਾਣੇ ਅਣਜਾਣੇ ਵਿੱਚ ਸ਼ਹਿਰ ਦੇ ਲੋਕਾਂ ਦਾ ਜੋ ਰੁਝਾਨ ਮੁਬਾਰਕ ਮੰਜ਼ਿਲ ਵੱਲ ਜਾਂਦਾ ਸੀ ਹੁਣ ਉਹ ਵੀ ਕਿਸੇ ਇਤਿਹਾਸ ਦਾ ਹਿੱਸਾ ਬਣ ਕੇ ਰਹਿ ਜਾਵੇਗਾ। ਇਸ ਇਤਿਹਾਸ ਨੂੰ ਜੀਵਿਤ ਰੱਖਣ ਲਈ ਜ਼ਰੂਰਤ ਹੈ ਕਿ ਇਨ੍ਹਾਂ ਇਤਿਹਾਸਕ ਥਾਵਾਂ ਨੂੰ ਯਾਦਗਾਰੀ ਸਮਾਰਕਾਂ ਵਿੱਚ ਬਦਲਿਆ ਜਾਵੇ। ਅਜਿਹਾ ਕਾਰਜ ਤਾਂ ਸਮੇਂ ਦੀਆਂ ਸਰਕਾਰਾਂ ਹੀ ਕਰ ਸਕਦੀਆਂ ਹਨ।

ਬੇ.ਗਮ ਸਾਹਿਬਾ ਧੁਰ ਜਹਾਨਾਂ ਵੱਲ ਤੁਰ ਗਈ ਹੈ, ਕੋਈ ਵਾਰਿਸ ਨਹੀਂ ਬਚਿਆ, ਹੁਣ ਕੀ ਹੋਵੇਗਾ? ਵਿਰਾਸਤ ਦਾ ਕੀ ਬਣੇਗਾ? ਰਿਆਸਤ ਦਾ ਨਵਾਂ ਇਤਿਹਾਸ ਕੀ ਹੋਵੇਗਾ? ਇਹੋ ਜਿਹੇ ਕਈ ਸਵਾਲ ਜ਼ਰੂਰ ਲੋਕਾਂ ਦੇ ਜ਼ਿਹਨਾਂ ਵਿੱਚ ਉਪਜਦੇ ਰਹਿਣਗੇ। ਲੋਕੀਂ ਆਏ ਜਨਾਜ਼ਾ ਪੜਿਆ, ਸਲਾਮੀ ਹੋਈ ਅਤੇ ਸ਼ਾਹੀ ਮਕਬਰਿਆਂ ਵਿੱਚ ਆਖ਼ਰੀ ਨਵਾਬ ਦੀ ਕਬਰ ਦੇ ਦੂਜੀ ਸਾਇਡ ਉਨ੍ਹਾਂ ਨੂੰ ਦਫ਼ਨ ਕਰ ਦਿੱਤਾ ਗਿਆ। ਇਹੋ ਹੀ ਇਕ ਸੱਚਾਈ ਹੈ :

**ਲੋਹ ਜੋਕ ਦਰ ਜੋਕ ਚਲੇ ਜਾਤੇ ਹੈਂ/**
**ਨਹੀਂ ਮਾਲੂਮ ਤਹਿ ਖ਼ਾਕ**
**ਤਮਾਸ਼ਾ ਕਿਆ ਹੈ।**

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।







Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



**Jugraj Singh Sahota**
President United Sports Club USA




**Narinder Singh Sahota**
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ
ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
5 ਨਵੰਬਰ 2023 ਦਿਨ ਐਤਵਾਰ
ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ
ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ
ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
CAPITAL
Accounting & Tax Services
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
PH : 530-669-5780 Fax : 530-669-5775
Cell : 530-908-9386 Cell : 530-405-6020

# ਕ੍ਰਿਕਟ ਵਿਸ਼ਵ ਕੱਪ: ਭਾਰਤ ਨੇ ਇੰਗਲੈਂਡ ਨੂੰ 100 ਦੌੜਾਂ ਨਾਲ ਹਰਾਇਆ






ਲਖਨਊ : ਭਾਰਤ ਨੇ ਇੰਗਲੈਂਡ ਨੂੰ ਇਥੇ 100 ਦੌੜਾਂ ਨਾਲ ਹਰਾ ਦਿੱਤਾ ਹੈ। ਇੰਗਲੈਂਡ ਦੀ ਪਾਰੀ 129 ਦੌੜਾਂ 'ਤੇ ਸਿਮਟ ਗਈ। ਇਸ ਦੇ ਨਾਲ ਹੀ ਭਾਰਤ ਨੇ ਵਿਸ਼ਵ ਕੱਪ ਸੈਮੀਫਾਈਨਲ 'ਚ ਆਪਣਾ ਟਿਕਟ ਲਗਪਗ ਪੱਕਾ ਕਰ ਲਿਆ ਹੈ। ਇਸ ਮੈਚ 'ਚ ਮੁਹੰਮਦ ਸ਼ਮੀ ਨੇ ਚਾਰ ਅਤੇ ਜਸਪ੍ਰੀਤ ਬੁਮਰਾਹ ਨੇ ਤਿੰਨ ਵਿਕਟਾਂ ਲਈਆਂ। ਇਸ ਤੋਂ ਪਹਿਲਾਂ ਭਾਰਤ ਨੇ ਅੱਜ ਇੱਥੇ ਇੱਕ ਰੋਜ਼ਾ ਕ੍ਰਿਕਟ ਵਿਸ਼ਵ ਮੈਚ ਵਿੱਚ ਇੰਗਲੈਂਡ ਖ਼ਿਲਾਫ਼ 50 ਓਵਰਾਂ ਵਿੱਚ ਆਪਣੀਆਂ ਅੱਠ ਵਿਕਟਾਂ ਗੁਆ ਕੇ 229 ਦੌੜਾਂ ਬਣਾ ਲਈਆਂ ਹਨ। ਸ਼ੁਭਮਨ ਗਿੱਲ 13 ਗੇਂਦਾਂ ਵਿੱਚ ਨੌਂ ਦੌੜਾਂ, ਜਦੋਂਕਿ ਵਿਰਾਟ ਕੋਹਲੀ ਦੌੜਾਂ ਦਾ ਖਾਤੇ ਖੋਲ੍ਹੇ ਬਿਨਾ ਆਊਟ ਹੋ ਗਏ। ਸ਼ਰੇਅਸ ਅਈਅਰ 16 ਗੇਂਦਾਂ ਵਿੱਚ ਚਾਰ ਤੇ ਕੇਐੱਲ ਰਾਹੁਲ 58 ਗੇਂਦਾਂ ਵਿੱਚ 39 ਦੌੜਾਂ ਬਣਾ ਕੇ ਪੈਵੇਲੀਅਨ ਪਰਤ ਗਏ। ਕਪਤਾਨ ਰੋਹਤਿ ਸ਼ਰਮਾ 101 ਗੇਂਦਾਂ ਵਿੱਚ 87 ਦੌੜਾਂ ਬਣਾ ਕੇ ਆਊਟ ਹੋ ਗਿਆ। ਇੰਗਲੈਂਡ ਦੇ ਗੇਂਦਬਾਜ਼ਾਂ ਨੇ ਰਵਿੰਦਰ ਜਡੇਜਾ (13 ਗੇਂਦਾਂ 'ਤੇ ਅੱਠ ਦੌੜਾਂ) ਅਤੇ ਮੁਹੰਮਦ ਸ਼ਮੀ (ਇੱਕ ਦੌੜ) ਨੂੰ ਵੀ ਬਾਹਰ ਦਾ ਰਸਤਾ ਵਿਖਾ ਦਿੱਤਾ। ਸੂਰਿਆ ਕੁਮਾਰ ਯਾਦਵ ਨੀਮ ਸੈਂਕੜਾ (47 ਗੇਂਦਾਂ 'ਚ 49 ਦੌੜਾਂ) ਬਣਾਉਣ ਤੋਂ ਖੁੰਝ ਗਿਆ ਹੈ। ਇਸ ਤੋਂ ਪਹਿਲਾਂ ਇੰਗਲੈਂਡ ਨੇ ਟਾਸ ਜਿੱਤਿਆ ਅਤੇ ਭਾਰਤ ਨੂੰ ਬੱਲੇਬਾਜ਼ੀ ਦਾ ਸੱਦਾ ਦਿੱਤਾ। ਇੰਗਲੈਂਡ ਵੱਲੋਂ ਡੇਵਿਡ ਵਿਲੀ, ਕ੍ਰਿਸ ਵੋਕਸ ਅਤੇ ਆਦਿਲ ਰਸ਼ੀਦ ਨੇ ਦੋ ਦੋ ਵਿਕਟਾਂ ਝਟਕਾਈਆਂ।

# ਜਸਪ੍ਰੀਤ ਬੁਮਰਾਹ ਨੇ ਇੰਗਲੈਂਡ ਖਿਲਾਫ ਅਹਿਮ ਮੈਚ 'ਚ 3 ਵਿਕਟਾਂ ਲਈਆਂ







ਲਖਨਊ : ਕ੍ਰਿਕਟ ਵਿਸ਼ਵ ਕੱਪ ਤੋਂ ਪਹਿਲਾਂ ਦਾ ਸਮਾਂ ਸਟਾਰ ਭਾਰਤੀ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਲਈ ਖਰਾਬ ਰਿਹਾ। ਪਿੱਠ ਦੇ ਫਰੈਕਚਰ ਕਾਰਨ ਉਹ ਲੰਬੇ ਸਮੇਂ ਤੋਂ ਗੈਰਹਾਜ਼ਰ ਵਿਚ ਸਨ। ਇਸ 'ਤੇ ਲੋਕਾਂ ਨੇ ਤਰ੍ਹਾਂ-ਤਰ੍ਹਾਂ ਦੇ ਬਿਆਨ ਦਿੱਤੇ। ਬੁਮਰਾਹ ਨੇ ਸੱਟ ਤੋਂ ਵਾਪਸੀ 'ਤੇ ਇਕ ਇੰਟਰਵਿਊ ਦੌਰਾਨ ਅਹਿਮ ਗੱਲਾਂ ਕਹੀਆਂ ਹਨ। ਮੌਜੂਦਾ ਵਿਸ਼ਵ ਕੱਪ 'ਚ ਬੁਮਰਾਹ ਦਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਹੈ। ਉਸ ਨੇ 6 ਮੈਚਾਂ 'ਚ 14 ਵਿਕਟਾਂ ਲਈਆਂ ਹਨ। ਬੁਮਰਾਹ ਨੇ ਇੰਗਲੈਂਡ ਖਿਲਾਫ ਅਹਿਮ ਮੈਚ 'ਚ 3 ਵਿਕਟਾਂ ਲਈਆਂ ਸਨ, ਜਿਸ ਕਾਰਨ ਇੰਗਲੈਂਡ 230 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਸਿਰਫ 129 ਦੌੜਾਂ 'ਤੇ ਆਊਟ ਹੋ ਗਿਆ ਸੀ। ਹਾਲਾਂਕਿ ਕ੍ਰਿਕਟ ਵਿਸ਼ਵ ਕੱਪ 'ਚ ਇੰਗਲੈਂਡ 'ਤੇ ਭਾਰਤ ਦੀ ਵੱਡੀ ਜਿੱਤ ਤੋਂ ਬਾਅਦ ਬੁਮਰਾਹ ਨੇ ਕਿਹਾ ਕਿ ਮੇਰੀ ਪਤਨੀ ਸੰਜਨਾ ਗਣੇਸ਼ਨ ਸਪੋਰਟਸ ਮੀਡੀਆ 'ਚ ਕੰਮ ਕਰਦੀ ਹੈ। ਇਸ ਦੌਰਾਨ ਮੈਂ ਸੁਣਿਆ ਕਿ ਮੇਰਾ ਕਰੀਅਰ ਖਤਮ ਹੋ ਗਿਆ ਹੈ ਅਤੇ ਮੈਂ ਕ੍ਰਿਕਟ 'ਚ ਵਾਪਸੀ ਨਹੀਂ ਕਰ ਸਕਾਂਗਾ। ਪਰ ਮੇਰੇ ਲਈ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮੈਨੂੰ ਖੇਡਾਂ ਲਈ ਮੇਰੇ ਪਿਆਰ ਦਾ ਅਹਿਸਾਸ ਹੈ। ਮੈਂ ਕਿਸੇ ਚੀਜ਼ ਦਾ ਪਿੱਛਾ ਨਹੀਂ ਕਰ ਰਿਹਾ ਸੀ ਅਤੇ ਸੱਟ ਤੋਂ ਬਾਅਦ ਮੇਰੀ ਮਾਨਸਿਕਤਾ ਬਹੁਤ ਵਧੀਆ ਸੀ। ਹੁਣ, ਮੈਂ ਸਕਾਰਾਤਮਕ ਚੀਜ਼ਾਂ 'ਤੇ ਧਿਆਨ ਕੇਂਦ੍ਰਤ ਕਰਦਾ ਹਾਂ ਅਤੇ ਜਿੰਨਾ ਹੋ ਸਕੇ ਆਨੰਦ ਮਾਣਦਾ ਹਾਂ।

ਤੁਹਾਨੂੰ ਦੱਸ ਦੇਈਏ ਕਿ ਸੱਟ ਕਾਰਨ ਬੁਮਰਾਹ ਲਈ ਕੁਝ ਸਾਲ ਚੁਣੌਤੀਪੂਰਨ ਰਹੇ ਹਨ। ਉਸ ਦੀ ਸੱਟ ਵਾਰ-ਵਾਰ ਸਾਹਮਣੇ ਆ ਰਹੀ ਸੀ, ਜਿਸ ਕਾਰਨ ਕ੍ਰਿਕਟ ਪ੍ਰਸ਼ੰਸਕ ਨਿਰਾਸ਼ ਸਨ। ਇਸ ਕਾਰਨ ਉਹ ਏਸ਼ੀਆ ਕੱਪ 2022 ਅਤੇ ਟੀ-20 ਵਿਸ਼ਵ ਕੱਪ ਨਹੀਂ ਖੇਡ ਸਕੇ। ਉਹ ਆਇਰਲੈਂਡ ਦੇ ਖਿਲਾਫ ਤਿੰਨ ਮੈਚਾਂ ਦੀ ਟੀ-20 ਸੀਰੀਜ਼ ਵਿੱਚ ਕਪਤਾਨ ਦੇ ਰੂਪ ਵਿੱਚ ਵਾਪਸ ਪਰਤਿਆ ਜਿਸ ਵਿੱਚ ਟੀਮ ਇੰਡੀਆ ਜਿੱਤਣ ਵਿੱਚ ਸਫਲ ਰਹੀ।

ਵਾਪਸੀ ਦੇ ਤਿੰਨ ਮਹੀਨੇ ਬਾਅਦ ਬੁਮਰਾਹ ਆਪਣਾ ਸਰਵੋਤਮ ਪ੍ਰਦਰਸ਼ਨ ਕਰ ਰਿਹਾ ਹੈ। ਉਸਨੇ ਵਨਡੇ ਅਤੇ ਟੀ-20 ਦੀਆਂ 13 ਪਾਰੀਆਂ ਵਿੱਚ 26 ਵਿਕਟਾਂ ਲਈਆਂ ਹਨ। ਇਸ ਵਿਸ਼ਵ ਕੱਪ ਦੌਰਾਨ ਵੀ ਬੁਮਰਾਹ ਨੇ ਆਪਣੀ ਗੇਂਦਬਾਜ਼ੀ ਨਾਲ ਸਾਰਿਆਂ ਨੂੰ ਕਾਇਲ ਕੀਤਾ ਹੈ। ਹੁਣ ਤੱਕ ਛੇ ਮੈਚਾਂ ਵਿੱਚ 14 ਵਿਕਟਾਂ ਲੈ ਚੁੱਕੇ ਹਨ। ਉਮੀਦ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਮੈਚਾਂ 'ਚ ਉਹ ਇਕ ਵਾਰ ਫਿਰ ਟੀਮ ਇੰਡੀਆ ਲਈ ਅਹਿਮ ਵਿਕਟਾਂ ਲੈ ਕੇ ਖਿਤਾਬ ਜਿੱਤਣ 'ਚ ਅਹਿਮ ਭੂਮਿਕਾ ਨਿਭਾਏਗਾ।

# ਏਸ਼ੀਅਨ ਚੈਂਪੀਅਨਜ਼ ਟਰਾਫੀ: ਭਾਰਤ ਨੇ ਜਾਪਾਨ ਨੂੰ 2-1 ਨਾਲ ਹਰਾਇਆ

ਰਾਂਚੀ: ਨਵਨੀਤ ਕੌਰ ਅਤੇ ਸੰਗੀਤਾ ਕੁਮਾਰੀ ਦੇ ਗੋਲਾਂ ਸਦਕਾ ਭਾਰਤੀ ਮਹਿਲਾ ਹਾਕੀ ਟੀਮ ਨੇ ਇੱਥੇ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਜਾਪਾਨ ਨੂੰ 2-1 ਨਾਲ ਹਰਾ ਦਿੱਤਾ। ਮੇਜ਼ਬਾਨ ਟੀਮ ਨੇ ਲਗਾਤਾਰ ਚੌਥੀ ਜਿੱਤ ਨਾਲ ਅੰਕ ਸੂਚੀ ਵਿੱਚ ਚੋਟੀ 'ਤੇ ਆਪਣੀ ਸਥਤਿ ਮਜ਼ਬੂਤ ਕਰ ਲਈ ਹੈ। ਭਾਰਤ ਲਈ ਨਵਨੀਤ ਕੌਰ ਨੇ 31ਵੇਂ, ਜਦਕਿ ਸੰਗੀਤਾ ਕੁਮਾਰੀ ਨੇ 47ਵੇਂ ਮਿੰਟ ਵਿੱਚ ਗੋਲ ਦਾਗ਼ ?ਆ। ਜਾਪਾਨ ਵੱਲੋਂ ਇੱਕਲੌਤਾ ਗੋਲ ਕਾਨਾ ਉਰਾਤਾ ਨੇ 37ਵੇਂ ਮਿੰਟ ਵਿੱਚ ਕੀਤਾ। ਜਾਪਾਨ ਦੂਸਰੇ ਸਥਾਨ 'ਤੇ ਹੈ। ਭਾਰਤੀ ਫਾਰਵਰਡ ਵੰਦਨਾ ਕਟਾਰੀਆ ਦਾ ਇਹ 300ਵਾਂ ਕੌਮਾਂਤਰੀ ਮੈਚ



ਸੀ। ਉਹ ਇਹ ਮੁਕਾਮ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਖਿਡਾਰਨ ਬਣ ਗਈ ਹੈ।

# ਨਿਸ਼ਾਨੇਬਾਜ਼ ਅਨੀਸ਼ ਭਾਨਵਾਲਾ ਨੇ ਭਾਰਤ ਨੂੰ 12ਵਾਂ ਪੈਰਿਸ ਓਲੰਪਿਕ ਕੋਟਾ ਦਿਵਾਇਆ

ਨਵੀਂ ਦਿੱਲੀ : ਰਾਸ਼ਟਰਮੰਡਲ ਖੇਡਾਂ ਦੇ ਸੋਨ ਤਗ਼ਮਾ ਜੇਤੂ ਅਨੀਸ਼ ਭਾਨਵਾਲਾ ਨੇ ਅੱਜ ਕੋਰੀਆ ਦੇ ਚਾਂਗਵਾਨ ਵਿੱਚ ਚੱਲ ਰਹੀ ਏਸ਼ਿਆਈ ਚੈਂਪੀਅਨਸ਼ਿਪ ਦੇ ਪੁਰਸ਼ 25 ਮੀਟਰ ਰੈਪਿਡ ਫਾਇਰ ਪਿਸਟਲ ਮੁਕਾਬਲੇ ਵਿੱਚ ਕਾਂਸੇ ਦਾ ਤਗ਼ਮਾ ਜਿੱਤ ਕੇ ਭਾਰਤ ਨੂੰ ਨਿਸ਼ਾਨੇਬਾਜ਼ੀ ਵਿੱਚ 12ਵਾਂ ਪੈਰਿਸ ਓਲੰਪਿਕ ਕੋਟਾ ਦਿਵਾਇਆ। ਅਨੀਸ਼ ਭਾਨਵਾਲਾ ਸ਼ੂਟਆਊਟ ਵਿੱਚ ਜਾਪਾਨ ਦੇ ਦਾਈ ਯੋਸ਼ਿਓਕਾ ਤੋਂ ਹਾਰ ਗਏ, ਜਿਸ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਕਰਨਾਲ ਦੇ 21 ਸਾਲਾ ਨਿਸ਼ਾਨੇਬਾਜ਼ ਨੇ ਫਾਈਨਲ ਵਿੱਚ 21 ਨਿਸ਼ਾਨੇ ਲਗਾਏ। ਸਥਾਨਕ ਮਜ਼ਬੂਤ ਦਾਅਵੇਦਾਰ ਨਿਸ਼ਾਨੇਬਾਜ਼



ਲੀ ਗੁਨਹਿਯੋਕ ਨੇ ਪੰਜ ਸ਼ਾਟ ਦੀ ਅੱਠ ਰੈਪਿਡ ਫਾਇਰ ਸੀਰੀਜ਼ ਵਿੱਚ 34 ਅੰਕਾਂ ਨਾਲ ਸੋਨ ਤਗ਼ਮਾ ਜਿੱਤਿਆ। ਅਨੀਸ਼ ਭਾਨਵਾਲਾ ਨੇ ਕੁਆਲੀਫਿਕੇਸ਼ਨ ਰਾਊਂਡ ਵਿੱਚ 588 ਅੰਕ ਦੇ ਸਕੋਰ ਨਾਲ ਤੀਜੇ ਸਥਾਨ ਤੋਂ ਫਾਈਨਲ ਵਿੱਚ ਪਹੁੰਚ ਕੇ ਪੈਰਿਸ ਓਲੰਪਿਕ ਲਈ ਕੋਟਾ ਹਾਸਲ ਕਰ ਲਿਆ ਸੀ। ਚੀਨ ਦੇ ਤਿੰਨ ਨਿਸ਼ਾਨੇਬਾਜ਼ਾਂ ਨੇ ਛੇ ਨਿਸ਼ਾਨੇਬਾਜ਼ਾਂ ਦੇ ਫਾਈਨਲ ਵਿੱਚ ਜਗ੍ਹਾ ਬਣਾਈ ਸੀ, ਜਿਸ ਵਿੱਚ ਭਾਨਵਾਲਾ ਨੇ ਵਿਸ਼ਵ ਚੈਂਪੀਅਨ ਲੀ ਯੂਏਹੋਂਗ ਮਗਰੋਂ ਤੀਜਾ ਕੁਆਲੀਫਾਇੰਗ ਸਥਾਨ ਹਾਸਲ ਕੀਤਾ। ਇਹ ਭਾਨਵਾਲਾ ਨੂੰ 2024 ਓਲੰਪਿਕ ਲਈ ਦੋ ਕੋਟਿਆਂ ਵਿੱਚੋਂ ਇੱਕ ਦਿਵਾਉਣ ਲਈ ਕਾਫ਼ੀ ਸੀ ਕਿਉਂਕਿ ਚੀਨ ਇਸ ਮੁਕਾਬਲੇ ਵਿੱਚ ਆਪਣੇ ਦੋ ਪੈਰਿਸ ਓਲੰਪਿਕ ਕੋਟੇ ਪਹਿਲਾਂ ਹੀ ਹਾਸਲ ਕਰ ਚੁੱਕਿਆ ਹੈ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਏਸ਼ੀਅਨ ਪੈਰਾ ਖੇਡਾਂ ਦੇ ਦਲ ਨਾਲ ਕੀਤੀ ਮੁਲਾਕਾਤ







ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ ਭਾਰਤ ਦੇ ਏਸ਼ੀਅਨ ਪੈਰਾ ਖੇਡਾਂ ਦੇ ਦਲ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਖਿਡਾਰੀਆਂ ਨਾਲ ਵੀ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਦੇ ਨਾਲ ਖੇਡ ਮੰਤਰੀ ਅਨੁਰਾਗ ਠਾਕੁਰ ਅਤੇ ਕੇਂਦਰੀ ਮੰਤਰੀ ਨਿਸਿਥ ਪ੍ਰਮਾਣਿਕ ਵੀ ਮੌਜੂਦ ਸਨ। ਅਨੁਰਾਗ ਠਾਕੁਰ ਨੇ ਇਕ ਦਿਨ ਪਹਿਲਾਂ ਹੀ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਸੀ। ਅੱਜ ਪ੍ਰਧਾਨ ਮੰਤਰੀ ਨੇ ਸਮਾਂ ਕੱਢ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ। ਭਾਰਤੀ ਪੈਰਾ ਐਥਲੀਟਾਂ ਨੇ ਹਾਂਗਜ਼ੂ ਏਸ਼ੀਅਨ ਪੈਰਾ ਖੇਡਾਂ ਵਿੱਚ 111 ਤਮਗੇ ਜਿੱਤੇ ਹਨ। ਕਿਸੇ ਵੱਡੇ ਅੰਤਰਰਾਸ਼ਟਰੀ ਬਹੁ-ਖੇਡ ਮੁਕਾਬਲੇ ਵਿੱਚ ਦੇਸ਼ ਲਈ ਇਹ ਸਭ ਤੋਂ ਵੱਡੀ ਪ੍ਰਾਪਤੀ ਹੈ। ਪੈਰਾ ਐਥਲੀਟਾਂ ਨੇ 29 ਸੋਨੇ, 31 ਚਾਂਦੀ ਅਤੇ 51 ਕਾਂਸੀ ਦੇ ਨਾਲ ਕੁੱਲ 111 ਤਮਗੇ ਜਿੱਤੇ। ਤਮਗਾ ਸੂਚੀ ਵਿੱਚ ਭਾਰਤ ਤੋਂ ਬਾਅਦ ਚੀਨ (521 ਤਮਗੇ : 214 ਸੋਨ, 167 ਚਾਂਦੀ, 140 ਕਾਂਸੀ), ਇਰਾਨ (44 ਸੋਨੇ, 46 ਚਾਂਦੀ, 41 ਕਾਂਸੀ), ਜਾਪਾਨ (42 ਸੋਨੇ, 49 ਕਾਂਸੀ, 59 ਕਾਂਸੀ) ਅਤੇ ਕੋਰੀਆ (30 ਸੋਨਾ, 33 ਚਾਂਦੀ), 40 ਕਾਂਸੀ), ਜੋ ਕਿ ਆਪਣੇ ਆਪ ਵਿੱਚ ਇੱਕ ਕਮਾਲ ਦੀ ਪ੍ਰਾਪਤੀ ਹੈ। ਪਹਿਲੀਆਂ ਪੈਰਾ ਏਸ਼ੀਅਨ ਖੇਡਾਂ 2010 ਵਿੱਚ ਚੀਨ ਦੇ ਗੁਆਂਗਜ਼ੂ ਵਿੱਚ ਹੋਈਆਂ ਸਨ, ਜਿੱਥੇ ਭਾਰਤ ਇੱਕ ਸੋਨੇ ਸਮੇਤ 14 ਤਗਮਿਆਂ ਨਾਲ 15ਵੇਂ ਸਥਾਨ 'ਤੇ ਰਿਹਾ ਸੀ। 2014 ਅਤੇ 2018 ਦੇ ਸੰਸਕਰਣਾਂ ਵਿੱਚ, ਭਾਰਤ ਕ੍ਰਮਵਾਰ 15ਵੇਂ ਅਤੇ ਨੌਵੇਂ ਸਥਾਨ 'ਤੇ ਰਿਹਾ।

















# ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. 'ਚ ਨਿਊਯਾਰਕ ਗੱਤਕਾ ਐਸੋਸੀਏਸ਼ਨ ਰਹੀ ਜੇਤੂ

## ਕੈਨਸਸ ਗੱਤਕਾ ਐਸੋਸੀਏਸ਼ਨ ਦੂਜੇ ਤੇ ਨਿਊਜਰਸੀ ਗੱਤਕਾ ਐਸੋਸੀਏਸ਼ਨ ਤੀਜੇ ਨੰਬਰ ਦੀ ਦਾਅਵੇਦਾਰ ਰਹੀ







ਨਿਊਯਾਰਕ : ਗੱਤਕਾ ਖੇਡ ਨੂੰ ਅਮਰੀਕਾ ਵਿੱਚ ਪ੍ਰਫੁਲਿੱਤ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਅਮਰੀਕਾ ਵਿੱਚ ਪਹਿਲੀ ਵਾਰੀ ਦਿਨ ਸ਼ਨੀਵਾਰ, ਅਕਤੂਬਰ 28 ਨੂੰ "ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ", 222-28-95 ਅਵੈਨਿਊ, ਕੁਇਨਜ ਵਿਲੇਜ ਨਿਊਯਾਰਕ ਦੇ ਉਚੇਚੇ ਸਹਿਯੋਗ ਨਾਲ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਖਾਲਸਾਈ ਜਾਹੋ-ਜਲਾਲ ਨਾਲ ਕਰਵਾਈ ਗਈ। ਚੈਂਪੀਅਨਸ਼ਿਪ ਵਿੱਚ ਬੀਬੀਆਂ ਅਤੇ ਸਿੰਘਾਂ ਦੀ ਵੱਖ-ਵੱਖ ਉਮਰ ਵਰਗ ਵਿੱਚ ਸੈਂਕੜੇ ਖਿਡਾਰੀਆ ਨੇ ਭਾਰ ਲਿਆ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫੀ ਸਾਲਾਂ ਤੋਂ ਪੱਬਾਂ ਭਾਰ ਹੋ ਕੇ ਵੱਖ ਵੱਖ ਰਾਜਾਂ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚਾਰਾਜੋਈ ਕਰ ਰਹੀ ਹੈ। ਅਮਰੀਕਾ ਵਿੱਚ ਇਹ ਕਰਵਾਈ ਗਈ ਇਸ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੇ ਬਾਰੇ ਵਿਸਤਾਰ ਵਿੱਚ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਚੇਅਰਮੈਨ ਸ. ਗੁਰਿੰਦਰ ਸਿੰਘ ਖਾਲਸਾ ਅਤੇ ਪ੍ਰਧਾਨ, ਸ. ਕਲਵਿੰਦਰ ਸਿੰਘ ਕੈਲੀਫੋਰਨੀਆ-ਉੱਘੇ ਕਾਰੋਬਾਰੀ ਵਲੋਂ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆ ਆਖਿਆ ਹੈ ਕਿ ਭਾਵੇਂ ਕਿ ਵੱਖ-ਵੱਖ ਜੱਥੇਬੰਦੀਆਂ ਵਲੋਂ ਅਤੇ ਫੈਡਰੇਸ਼ਨ ਵਲੋਂ ਗੱਤਕਾ ਪ੍ਰਚਾਰ ਹਿੱਤ ਕਈ ਉਪਰਾਲੇ ਕੀਤੇ ਜਾਂਦੇ ਹਨ ਪਰ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ ਆਪਣੇ ਆਪ ਵਿੱਚ ਨਿਵੇਕਲੀ ਹੋ ਨਿਬੜੀ ਹੈ ਅਤੇ ਇਤਿਹਾਸਿਕ ਮੀਲ ਪੱਧਰ ਰਖਿਆ ਗਿਆ ਹੈ ਕਿਉਂਕਿ ਅਮਰੀਕਾ ਵਿੱਚ ਗੱਤਕਾ ਖੇਡ ਦਾ ਨੈਸ਼ਨਲ ਪੱਧਰ ਦਾ ਮੁਕਾਬਲਾ ਅਜੇ ਤੱਕ ਨਹੀ ਸੀ ਕਰਵਾਇਆ ਗਿਆ ਜੋ ਕਿ ਗੱਤਕੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ।

ਸਿੰਗਲ ਸੋਟੀ ਸਿੰਘਾਂ ਦੇ 21 ਸਾਲ ਵਰਗ ਗਹਿਗਚ ਮੁਕਾਬਲਿਆਂ ਦੌਰਾਨ ਅਮ੍ਰਿਤਨੀਰ ਸਿੰਘ-ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਕਾੜਾ ਨਿਊਜਰਸੀ ਪਹਿਲੇ, ਦਸਮੇਸ਼ ਸਿੰਘ ਪੰਥ ਖਾਲਸਾ ਗੱਤਕਾ ਅਖਾੜਾ ਦੂਜੇ ਤੇ ਸਵਰਜੋਤ ਸਿੰਘ- ਕੈਨਸਸ ਗੱਤਕਾ ਐਸੋਸੀਏਸ਼ਨ ਨੇ ਤੀਜੇ ਸਥਾਨ ਲਈ ਜਿੱਤ ਦਰਜ ਕਰਵਾਈ ਗਈ।

ਬੀਬੀਆਂ ਦੇ ੨੧ ਸਾਲ ਵਰਗ ਦੇ ਸਿੰਗਲ ਸੋਟੀ ਦੇ ਮੁਕਾਬਲਿਆ ਦੌਰਾਨ ਗੁਰਵਿੰਦਰ ਕੌਰ-ਕੈਨਸਸ ਗੱਤਕਾ ਐਸੋਸੀਏਸ਼ਨ ਪਹਿਲੇ, ਗੁਰਬਾਣੀ ਕੌਰ ਨਿਊਜਰਸੀ ਗੱਤਕਾ ਐਸੋਸੀਏਸ਼ਨ ਅਤੇ ਤੀਜੇ ਨੰਬਰ ਦੀ ਜੇਤੂ ਸਿਮਰਨ ਕੌਰ-ਨਿਊਯਾਰਕ ਗੱਤਕਾ ਐਸੋਸੀਏਸ਼ਨ ਰਹੀ।

ਉਮਰ ਵਰਗ 17 ਸਾਲ ਸਿੰਘਾਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਵੰਸ਼ਦੀਪ ਸਿੰਘ-ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ, ਦੂਜਾ ਹਰਪ੍ਰੀਤ ਸਿੰਘ -ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ, ਅਤੇ ਤੀਜੇ ਸਥਾਨ ਲਈ ਅਰਮਾਨਜੋਤ ਸਿੰਘ- ਕੈਨਸਸ ਗੱਤਕਾ ਐਸੋਸੀਏਸ਼ਨ ਨੇ ਜਿੱਤ ਦਰਜ ਕਰਵਾਈ।

ਉਮਰ ਵਰਗ 17 ਸਾਲ ਬੀਬੀਆਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਬੀਬੀ ਉਨੀਤ ਕੌਰ- ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਨਿਊਜਰਸੀ, ਦੂਜਾ ਸਥਾਨ ਬੀਬੀ ਗੁਰਕੀਰਥ ਕੌਰ- ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਨਿਊਜਰਸੀ, ਅਤੇ ਤੀਜੇ ਸਥਾਨ ਲਈ ਬੀਬੀ ਕੁਲਰਾਜਪ੍ਰੀਤ ਕੌਰ-ਕੈਨਸਸ ਗੱਤਕਾ ਐਸੋਸੀਏਸ਼ਨ ਨੇ ਵਧੀਆਂ ਪ੍ਰਦਰਸ਼ਨ ਕਰਦਿਆਂ ਆਪਣੀ ਜਗ੍ਹਾਂ ਪੱਕੀ ਕੀਤੀ।

ਉਮਰ ਵਰਗ 14 ਸਾਲ ਬੀਬੀਆਂ ਦੇ ਗੱਤਕਾ ਪ੍ਰਦਰਸ਼ਨੀ ਇਵੈਂਟ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਬਾਬਾ ਦੀਪ ਸਿੰਘ ਗੱਤਕਾ ਅਕੈਡਮੀ, ਨਿਊਯਾਰਕ ਦੀਆਂ ਬੀਬੀਆ ਨੇ ਪਹਿਲੇ ਤੇ ਦੂਜੇ ਸਥਾਨ ਤੇ ਕਬਜਾ ਕਰਦਿਆਂ ਬੀਬੀ ਹਰਨਿੱਧ ਕੌਰ ਤੇ ਪ੍ਰਭਗੁਣ ਕੌਰ ਨੇ ਜਿੱਤ ਦਰਜ ਕਰਵਾਈ ਅਤੇ ਜਸਲੀਨ ਕੌਰ-ਸ਼ਾਹਿਬਜਾਦਾ ਬਾਬਾ ਫਤਹਿ ਸਿੰਘ ਜੀ ਗੱਤਕਾ ਅਖਾੜਾ ਪਲੇਨਵਿਊ ਨਿਊਯਾਰਕ ਨੇ ਜਿੱਤ ਦਰਜ ਕੀਤੀ।

ਉਮਰ ਵਰਗ 14 ਸਾਲ ਸਿੰਘਾਂ ਦੀ ਗੱਤਕਾ ਪ੍ਰਦਰਸ਼ਨੀ ਇਵੈਂਟ ਵਿੱਚ ਪਹਿਲੇ ਸਥਾਨ ਤੇ ਗੁਰਰਾਜ ਸਿੰਘ ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ, ਦੂਜੇ ਸਥਾਨ ਤੇ ਏਕਮਜੋਤ ਸਿੰਘ- ਕੈਨਸਸ ਗੱਤਕਾ ਐਸੋਸੀਏਸ਼ਨ ਅਤੇ ਤੀਜਾ ਸਥਾਨ ਪੁਨੀਤ ਸਿੰਘ-ਦਸਮੇਸ਼ ਗੱਤਕਾ ਅਕੈਡਮੀ, ਨਿਊਯਾਰਕ ਨੇ ਹਾਸਲ ਕੀਤਾ।

ਜੱਜਮੈਂਟ ਅਤੇ ਰੈਫਰੀ ਕੌਂਸਲ ਦੀ ਸੇਵਾ ਲਵਪ੍ਰੀਤ ਸਿੰਘ ਵਾਈਸ ਪ੍ਰਧਾਨ ਗੱਤਕਾ ਫੈਡਰੇਸ਼ਨ ਕਨੈਡਾ, ਸ. ਸਾਹਿਬ ਸਿੰਘ ਸੀਨੀਅਰ ਰੈਫਰੀ ਕਨੈਡਾ, ਸ. ਸੁਜਾਨ ਸਿੰਘ ਸੀਨੀਅਰ ਰੈਫਰੀ ਅਮਰੀਕਾ, ਬੀਬਾ ਸਿਮਰਨ ਕੌਰ ਅਮਰੀਕਾ, ਸ. ਜਸਕੀਰਤ ਸਿੰਘ ਸੀਨੀਅਰ ਕੋਚ, ਭਾਈ ਗਗਨਦੀਪ ਸਿੰਘ ਟ੍ਰਸਟੀ ਸਿੱਖ ਕਲਚਰਲ ਸੋਸਾਇਟੀ, ਨਿਊਯਾਰਕ, ਭਾਈ ਤਰਨਜੋਤ ਸਿੰਘ ਨਿਊਯਾਰਕ, ਭਾਈ ਦਲਬੀਰ ਸਿੰਘ ਅਖੰਡ ਕੀਰਤਨੀ ਜੱਥਾ, ਭਾਈ ਸਰਬਜੀਤ ਸਿੰਘ ਕੁਇਨਜ ਵਿਲੇਜ, ਭਾਈ ਜਗਜੀਤ ਸਿੰਘ ਦਮਦਮੀ ਟਕਸਾਲ, ਮਨਦੀਪ ਸਿੰਘ ਨਿਊਜਰਸੀ, ਜਸ਼ਨਦੀਪ ਸਿੰਘ, ਪ੍ਰਭਜੋਤ ਸਿੰਘ, ਆਦਿ ਵਲੋਂ ਕੀਤੀ ਗਈ।

ਇਸ ਤੋਂ ਇਲਾਵਾ ਸ. ਗੁਰਪ੍ਰੀਤ ਸਿੰਘ ਅਤੇ ਉਨੀਤ ਕੌਰ ਨੂੰ ਬੈਸਟ ਖਿਡਾਰੀ ਦਾ ਐਵਾਰਡ ਵੀ ਦਿੱਤਾ ਗਿਆ।

ਟੀਮਾਂ ਵਿੱਚ ਬੈਸਟ ਟੀਮ ਦਾ ਐਵਾਰਡ ਕੈਨਸਸ ਗੱਤਕਾ ਐਸੋਸੀਏਸ਼ਨ ਅਤੇ ਐਮ.ਵੀ.ਪੀ ਟੀਮ ਦਾ ਇਨਾਮ ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ ਨੇ ਹਾਸਿਲ ਕੀਤਾ।

ਕਲਵਿੰਦਰ ਸਿੰਘ ਕੈਲੀਫੋਰਨੀਆ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ, ਸ. ਦਲੇਰ ਸਿੰਘ ਚੇਅਰਮੈਨ, ਭਾਈ ਗਗਨਦੀਪ ਸਿੰਘ, ਸਤਿਨਾਮ ਸਿੰਘ ਪਰਹਾਰ, ਡਾ. ਟੀਨਾ, ਸ. ਜਤਿੰਦਰ ਸਿੰਘ ਡਾਇਰੈਕਟਰ,-ਯੁਨਾਇਟਿਡ ਸਿਖਜ ਅਤੇ ਡਾ. ਦੀਪ ਸਿੰਘ ਨੇ ਸਮੂਹ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਤੇ ਵਧਾਈ ਵੀ ਦਿੱਤੀ ਗਈ।

# ਪਾਕਿਸਤਾਨ 1.4 ਮਿਲੀਅਨ ਤੋਂ ਵੱਧ ਗੈਰ-ਦਸਤਾਵੇਜ਼ੀ ਅਫਗਾਨ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਵੇਗਾ

## ਪਾਕਿਸਤਾਨ ਦੀ ਸਰਕਾਰ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਇੱਕ ਵੱਡੀ ਕਾਰਵਾਈ ਦਾ ਐਲਾਨ ਕੀਤਾ ਸੀ







ਪਾਕਿਸਤਾਨ ਦੀ ਸਰਕਾਰ 1 ਨਵੰਬਰ ਤੋਂ ਬਾਅਦ 1.4 ਮਿਲੀਅਨ ਤੋਂ ਵੱਧ ਅਫਗਾਨ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਣ ਦੀ ਯੋਜਨਾ ਬਣਾ ਰਹੀ ਹੈ, ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੋਂ ਬਚਣ ਲਈ ਦੇਸ਼ ਨੂੰ ਰੋਕਣ ਲਈ ਕਹਿ ਰਿਹਾ ਹੈ। ਮਨੁੱਖੀ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਦੇ ਦਫਤਰ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਉਹ ਪਾਕਿਸਤਾਨ ਦੇ ਦੇਸ਼ ਨਿਕਾਲੇ ਦੇ ਐਲਾਨ ਤੋਂ 'ਬਹੁਤ ਚਿੰਤਤ' ਹੈ, ਕਿਉਂਕਿ ਇਸ ਸਮੇਂ ਦੇਸ਼ ਵਿੱਚ 20 ਲੱਖ ਤੋਂ ਵੱਧ ਗੈਰ-ਦਸਤਾਵੇਜ਼ ਰਹਿਤ ਅਫਗਾਨ ਰਹਿ ਰਹੇ ਹਨ।

ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਵਾਲੇ ਕੁਝ ਲੋਕਾਂ ਵਿੱਚ ਸਿਵਲ ਸੋਸਾਇਟੀ ਕਾਰਕੁਨ, ਪੱਤਰਕਾਰ, ਮਨੁੱਖੀ ਅਧਿਕਾਰਾਂ ਦੇ ਰਾਖੇ, ਸਾਬਕਾ ਸਰਕਾਰੀ ਅਧਿਕਾਰੀ ਅਤੇ ਸੁਰੱਖਿਆ ਬਲ ਦੇ ਮੈਂਬਰ ਸ਼ਾਮਲ ਹਨ। ਔਰਤਾਂ ਅਤੇ ਲੜਕੀਆਂ ਨੂੰ ਵੀ ਖਤਰਾ ਹੈ, ਜਿਨ੍ਹਾਂ 'ਤੇ ਤਾਲਿਬਾਨ ਨੇਤਾਵਾਂ ਦੁਆਰਾ ਅਫਗਾਨਿਸਤਾਨ ਵਿੱਚ ਲਾਗੂ ਨੀਤੀਆਂ ਦੇ ਕਾਰਨ ਸੈਕੰਡਰੀ ਅਤੇ ਤੀਜੇ ਦਰਜੇ ਦੀ ਸਿੱਖਿਆ ਪ੍ਰਾਪਤ ਕਰਨ, ਬਹੁਤ ਸਾਰੇ ਐਸਕਾਰਟਸ ਅਤੇ ਰੋਜ਼ਾਨਾ ਜੀਵਨ ਦੇ ਹੋਰ ਪਹਿਲੂਆਂ ਵਿੱਚ ਕੰਮ ਕਰਨ 'ਤੇ ਪਾਬੰਦੀ ਲਗਾਈ ਗਈ ਹੈ।

ਜੇਕਰ ਪਾਕਿਸਤਾਨ ਦੇਸ਼ ਨਿਕਾਲੇ ਦੀ ਪਾਲਣਾ ਕਰਦਾ ਹੈ, ਤਾਂ OHCHR ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਅਫਗਾਨਿਸਤਾਨ ਵਾਪਸ ਭੇਜਿਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਖਤਰਾ ਹੋ ਸਕਦਾ ਹੈ, ਜਿਸ ਵਿੱਚ ਤਸ਼ੱਦਦ, ਬੇਰਹਿਮ ਅਤੇ ਅਣਮਨੁੱਖੀ ਵਿਵਹਾਰ ਅਤੇ ਮਨਮਾਨੀ ਗ੍ਰਿਫਤਾਰੀ ਅਤੇ ਨਜ਼ਰਬੰਦੀ ਸ਼ਾਮਲ ਹਨ।

ਪਾਕਿਸਤਾਨ ਨੇ ਇਹ ਘੋਸ਼ਣਾ ਕੀਤੀ ਕਿ ਉਹ 3 ਅਕਤੂਬਰ ਨੂੰ ਗੈਰ-ਦਸਤਾਵੇਜ਼ੀ ਅਫਗਾਨਾਂ ਨੂੰ ਦੇਸ਼ ਨਿਕਾਲਾ ਦੇਣ ਜਾ ਰਿਹਾ ਹੈ, ਅਤੇ ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਕਮਿਸ਼ਨਰ (UNHCR) ਅਤੇ ਅੰਤਰਰਾਸ਼ਟਰੀ ਪ੍ਰਵਾਸ ਸੰਗਠਨ (IOM) ਦੇ ਅਨੁਸਾਰ, ਅਫਗਾਨਿਸਤਾਨ ਵਿੱਚ ਪਹਿਲਾਂ ਹੀ 'ਤਿੱਖੀ ਵਾਧਾ' ਹੋਇਆ ਹੈ। ਦੇਸ਼ ਨਿਕਾਲੇ ਸੰਯੁਕਤ ਰਾਸ਼ਟਰ ਨੇ ਕਿਹਾ ਕਿ ਯੂਐਨਐਚਸੀਆਰ ਅਤੇ ਆਈਓਐਮ ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ 3 ਅਕਤੂਬਰ ਤੋਂ 14 ਅਕਤੂਬਰ ਦੇ ਵਿਚਕਾਰ ਪਾਕਿਸਤਾਨ ਤੋਂ ਭੱਜਣ ਵਾਲੇ ਅਫਗਾਨ ਲੋਕਾਂ ਦੀ ਗਿਣਤੀ 59,780 ਸੀ, ਅਤੇ ਅਫਗਾਨਿਸਤਾਨ ਵਾਪਸ ਜਾਣ ਵਾਲੇ 78% ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਦੁਬਾਰਾ ਗ੍ਰਿਫਤਾਰ ਕੀਤੇ ਜਾਣ ਦਾ ਡਰ ਹੈ ਕਿਉਂਕਿ ਉਨ੍ਹਾਂ ਨੇ ਪਾਕਿਸਤਾਨ ਛੱਡ ਦਿੱਤਾ ਹੈ।

ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੇ ਕਿਹਾ, 'ਜਿਵੇਂ ਕਿ 1 ਨਵੰਬਰ ਦੀ ਸਮਾਂ ਸੀਮਾ ਨੇੜੇ ਆ ਰਹੀ ਹੈ, ਅਸੀਂ ਪਾਕਿਸਤਾਨ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਅਫਗਾਨ ਨਾਗਰਿਕਾਂ ਦੀ ਜ਼ਬਰਦਸਤੀ ਵਾਪਸੀ ਨੂੰ ਮੁਅੱਤਲ ਕਰਨ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਤਬਾਹੀ ਤੋਂ ਬਚਣ ਲਈ ਬਹੁਤ ਦੇਰ ਹੋ ਜਾਵੇ।' 'ਅਸੀਂ ਉਹਨਾਂ ਨੂੰ ਲੋੜਵੰਦਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਜਾਰੀ ਰੱਖਣ ਅਤੇ ਇਹ ਯਕੀਨੀ ਬਣਾਉਣ ਲਈ ਕਹਿੰਦੇ ਹਾਂ ਕਿ ਭਵਿੱਖ ਵਿੱਚ ਕੋਈ ਵੀ ਵਾਪਸੀ ਸੁਰੱਖਿਅਤ, ਸਨਮਾਨਜਨਕ ਅਤੇ ਸਵੈਇੱਛਤ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਨਾਲ ਪੂਰੀ ਤਰ੍ਹਾਂ ਇਕਸਾਰ ਹੋਵੇ।'



## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।






ਸ. ਰੇਸ਼ਮ ਸਿੰਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ


ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)


ਬਲਵਿੰਦਰ ਸਿੰਘ ਮਿੰਨੂ ਚੀਮਾ
ਨੈਸ਼ਨਲ ਪੈਨਲ ਮੈਂਬਰ


ਜਗਰਾਜ ਸਿੰਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ


ਰਫਪਾਲ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ


ਸ. ਜਸਬੀਰ ਸਿੰਘ ਤੱਖਰ
ਨੈਸ਼ਨਲ ਪੈਨਲ ਮੈਂਬਰ


ਪਰਮਜੀਤ ਸਿੰਘ ਲਾਸਏਂਜਲਸ
ਵਾਈਸ ਕੈਲੇਫੋਰੀਨੀਆ


ਕੁਲਵੰਤ ਸਿੰਘ


ਸਮਰਜੀਤ ਸਿੰਘ
ਚੀਫ ਐਗਜੇਕਟਿਵ ਮੈਂਬਰ


ਲਵਦੀਪ ਸਿੰਘ
ਸਹਾਇਕ ਖਜਾਨਚੀ


ਤਰਨਜੀਤ ਸਿੰਘ
ਚੀਫ ਐਗਜੇਕਟਿਵ ਮੈਂਬਰ


ਗੁਰਮੀਤ ਸਿੰਘ
ਯੂਬਾਸਿਟੀ ਵਾਈਸ ਪ੍ਰਧਾਨ


ਸੁਖਬੀਰ ਸਿੰਘ ਗਿੱਲ
ਮੀਡੀਆ ਇਚਾਰਜ


ਵਿਕਰਮਜੀਤ ਸਿੰਘ
ਐਗਜੇਕਟਿਵ ਮੈਂਬਰ


ਚਰਨਜੀਤ ਸਿੰਘ ਧਾਲੀਵਾਲ



ਗੁਰਵਿੰਦਰ ਸਿੰਘ


ਜਸਕਰਨ ਸਿੰਘ


ਨਿਰਮਲ ਸਿੰਘ


ਪਰਮਜੀਤ ਸਿੰਘ ਧਾਲੀਵਾਲ


ਰਾਜਦੀਪ ਸਿੰਘ


ਸੰਦੀਪ ਸਿੰਘ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ

661-209-0118



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# A&I Trucking Co.

## 123 E. Lee Road Watsonville, CA

## Ph: 931-247-4637



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



Gurvinder Singh Gakhal



Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

# ਗਾਖਲ ਬ੍ਰਦਰਜ਼

## ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

ਹਿੰਦੂ ਲੈ ਗਏ ਹਿੰਦੁਸਤਾਨ ਮੁਸਲਿਮ ਲੈ ਗਏ ਪਾਕਿਸਤਾਨ ਹੁਣ ਸਾਡੀ ਮੰਜ਼ਿਲ ਖਾਲਿਸਤਾਨ

ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ



## ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




ਦੁਨੀਆ ਭਰ 'ਚ ਵਸਦੇ ਖਾਲਸਾ ਪੰਥ ਜੀ ਆਓ ਆਪਣੀ ਅਜ਼ਾਦ ਹਸਤੀ ਲਈ ਹੰਭਲਾ ਮਾਰੀਏ ਅਤੇ ਸਿੱਖ ਕੌਮ ਦੀ ਮੁਕੰਮਲ ਅਜ਼ਾਦੀ ਲਈ ਆਪਣਾ ਆਪਣਾ ਬਣਦਾ ਹਿੱਸਾ ਪਾਈਏ। ਆਪਣੇ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਕੌਮ ਦੀ ਚੜ੍ਹਦੀਕਲਾ ਲਈ ਇਕੱਠੇ ਹੋ ਕੇ ਪੰਥ ਦੀ ਸੇਵਾ ਕਰੀਏ।

ਵਾਹਿਗੁਰੂ ਖਾਲਸਾ ਪੰਥ ਨੂੰ ਆਪਣਾ ਅਜ਼ਾਦ ਘਰ ਖਾਲਿਸਤਾਨ ਬਖਸ਼ੇ।

# ਸ. ਰੇਸ਼ਮ ਸਿੰਘ



ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਅਮਰੀਕਾ ਵੈਸਟ

(661) 209-0118


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
5 ਨਵੰਬਰ 2023 ਦਿਨ ਐਤਵਾਰ
ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ
ਸ:ਸੰਤੋਖ ਸਿੰਘ ਝਿੰਗੜਾ

# ਕਟਹਿਰੇ 'ਚ ਸਿਵਲ ਜੱਜ ਤੇ ਪੰਜਾਬ ਪੁਲਿਸ, ਹਾਈਕੋਰਟ ਨੇ 100 ਕਰੋੜ ਦੀ ਜ਼ਮੀਨ ਦੇ ਮਾਮਲੇ 'ਚ ਸੀਬੀਆਈ ਨੂੰ ਸੌਂਪੀ ਜਾਂਚ

ਚੰਡੀਗੜ੍ਹ : ਜ਼ੀਰਕਪੁਰ ਦੇ ਇਕ ਐਜੂਕੇਸ਼ਨ ਟਰੱਸਟ ਦੀ 100 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ 'ਤੇ ਕੁਝ ਪਹੁੰਚ ਵਾਲੇ ਲੋਕਾਂ ਨੇ ਸਾਜਿਸ਼ ਤਹਿਤ ਕਬਜ਼ੇ ਦਾ ਯਤਨ ਕੀਤਾ। ਇਸ ਸਾਜਿਸ਼ ਵਿਚ ਪੁਲਸ ਦੇ ਨਾਲ-ਨਾਲ ਡੇਰਾਬੱਸੀ ਦੇ ਸਿਵਲ ਜੱਜ ਪਹਿਲਾ ਦਰਜਾ ਦੇ ਸ਼ਾਮਲ ਹੋਣ ਦਾ ਦੋਸ਼ ਹੈ। ਪਟੀਸ਼ਨ ਦੇ ਨਾਲ ਦਾਇਰ ਦਸਤਾਵੇਜ਼ਾਂ ਦੀ ਜਾਂਚ ਕਰਨ ਤੋਂ ਬਾਅਦ ਹਾਈਕੋਰਟ ਨੇ ਮਾਮਲੇ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪਦਿਆਂ 6 ਮਹੀਨਿਆਂ ਦੇ ਅੰਦਰ ਰਿਪੋਰਟ ਦੇਣ ਲਈ ਕਿਹਾ ਹੈ। ਅਦਾਲਤ ਨੇ ਕਿਹਾ ਕਿ ਜਿੱਥੇ ਕਾਨੂੰਨ ਦੇ ਦਾਇਰੇ ਵਿਚ ਗੜਬੜ ਹੋਣ ਲੱਗੇ, ਉੱਥੇ ਅਜਿਹੀ ਕਾਰਵਾਈ ਜ਼ਰੂਰੀ ਹੈ, ਤਾਂ ਜੋ ਭਵਿੱਖ ਵਿਚ ਆਮ ਲੋਕਾਂ ਦਾ ਕਾਨੂੰਨ 'ਤੇ ਭਰੋਸਾ ਬਣਿਆ ਰਹੇ।

ਹਾਈਕੋਰਟ ਨੇ ਸਿਵਲ ਜੱਜ (ਜੂਨੀਅਰ ਡਿਵੀਜ਼ਨ) ਪਹਿਲੀ ਸ਼੍ਰੇਣੀ ਨਵਰੀਤ ਕੌਰ ਖ਼ਿਲਾਫ਼ ਲੱਗੇ ਦੋਸ਼ਾਂ ਦੀ ਜਾਣਕਾਰੀ ਹਾਈਕੋਰਟ ਦੇ ਪ੍ਰਸ਼ਾਸਨਿਕ ਜੱਜ ਨੂੰ ਭੇਜਣ ਦੇ ਵੀ ਹੁਕਮ ਦਿੱਤੇ ਹਨ। ਹਾਈਕੋਰਟ ਨੇ ਕਿਹਾ ਕਿ ਸਿਵਲ ਜੱਜ 'ਤੇ ਲੱਗੇ ਦੋਸ਼ਾਂ 'ਤੇ ਹੋਰ ਟਿੱਪਣੀ ਕਰਨਾ ਸਹੀ ਨਹੀਂ ਹੋਵੇਗਾ।

**'ਸਿਸਟਮ 'ਤੇ ਪੈਣ ਵਾਲੇ ਗਲਤ ਪ੍ਰਭਾਵ ਨੂੰ ਸ਼ੁਰੂ 'ਚ ਹੀ ਖ਼ਤਮ ਕਰਨ ਦੀ ਜ਼ਰੂਰਤ' :** ਹਾਈਕੋਰਟ ਦੇ ਜਸਟਿਸ ਪੰਕਜ ਜੈਨ ਨੇ ਕਿਹਾ ਕਿ ਕੇਸ ਦੇ ਤੱਥਾਂ ਨੇ ਹੈਰਾਨ ਕਰਨ ਵਾਲੀ ਕਹਾਣੀ ਦਾ ਖ਼ੁਲਾਸਾ ਕੀਤਾ ਹੈ ਕਿ ਕਿਵੇਂ ਸਾਜਿਸ਼ ਰਚ ਕੇ ਕਾਨੂੰਨ ਦੀ ਪ੍ਰਕਿਰਿਆ ਦੀ ਦੁਰਵਰਤੋਂ ਕੀਤੀ ਗਈ। ਹਾਈਕੋਰਟ ਨੇ ਜਾਂਚ ਦੇ ਨਿਰਦੇਸ਼ ਦੇਣ ਤੋਂ ਪਹਿਲਾਂ ਕਿਹਾ ਕਿ ਪਟੀਸ਼ਨਰਜ਼ ਨੇ 'ਫੋਰਮ ਸ਼ਾਪਿੰਗ' ਕਿਹਾ ਸੀ ਪਰ ਇਹ ਇਸ ਤੋਂ ਵੀ ਅੱਗੇ ਜਾਪਦਾ ਹੈ। ਜਸਟਿਸ ਜੈਨ ਨੇ ਕਿਹਾ ਕਿ ਸਿਸਟਮ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਨੱਥ ਪਾਉਣ ਦੀ ਲੋੜ ਹੈ। ਇਸ ਤਰ੍ਹਾਂ ਦੇ ਮਾੜੇ ਪ੍ਰਭਾਵਾਂ ਦੀ ਨੇੜਿਓਂ ਨਿਗਰਾਨੀ ਰੱਖਣ ਦੀ ਲੋੜ ਹੈ।

ਅਦਾਲਤ ਨੇ ਪੰਜਾਬ ਪੁਲਸ ਦੇ ਰਵੱਈਏ ਦੀ ਵੀ ਆਲੋਚਨਾ ਕੀਤੀ, ਖ਼ਾਸ ਤੌਰ 'ਤੇ ਜਦੋਂ ਇਹ ਮਾਮਲਾ ਹਾਈਕੋਰਟ ਵਿਚ ਵਿਚਾਰ ਅਧੀਨ ਸੀ। ਕੋਰਟ ਨੇ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਨਾ ਤਾਂ ਅਪਰਾਧ ਨਿਯਮਿਤ ਹੈ ਅਤੇ ਨਾ ਹੀ ਮੁਲਜ਼ਮ ਨੂੰ ਹਲਕੇ ਵਿਚ ਲਿਆ ਜਾ ਸਕਦਾ ਹੈ। ਇਸ ਸਾਲ ਅਗਸਤ ਵਿਚ ਪੁਲਸ ਨੇ ਮਾਮਲੇ ਵਿਚ ਐੱਫ਼. ਆਈ. ਆਰ. ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਹ ਮਾਮਲਾ ਮੂਲ ਰੂਪ ਵਿਚ ਜ਼ਮੀਨੀ ਵਿਵਾਦ ਦਾ ਹੈ। ਹਾਲਾਂਕਿ 18 ਅਕਤੂਬਰ ਨੂੰ ਪੁਲਸ ਨੇ ਆਪਣਾ ਪੱਖ ਬਦਲਦਿਆਂ ਕਿਹਾ ਕਿ ਤਿੰਨ ਮੁਲਜ਼ਮਾਂ




ਖ਼ਿਲਾਫ ਦੋਸ਼-ਪੱਤਰ ਦਾਖ਼ਲ ਕੀਤਾ ਗਿਆ ਸੀ ਅਤੇ ਬਾਕੀ ਮੁਲਜ਼ਮਾਂ ਦੀ ਭੂਮਿਕਾ ਦੀ ਜਾਂਚ ਜਾਰੀ ਹੈ। ਹਾਈਕੋਰਟ ਨੇ ਕਿਹਾ ਕਿ ਪੁਲਸ ਦੀ ਭੂਮਿਕਾ ਵੀ ਸ਼ੱਕੀ ਹੈ, ਇਸ ਲਈ ਮਾਮਲੇ ਦੀ ਜਾਂਚ ਸੀ. ਬੀ. ਆਈ. ਤੋਂ ਕਰਵਾਉਣਾ ਜ਼ਰੂਰੀ ਹੈ, ਤਾਂਕਿ ਜੋ ਆਮ ਲੋਕਾਂ ਦਾ ਕਾਨੂੰਨ ਵਿਚ ਵਿਸ਼ਵਾਸ ਬਣਿਆ ਰਹੇ।

**ਮਾਮਲਾ 100 ਕਰੋੜ ਰੁਪਏ ਦੀ ਜ਼ਮੀਨ ਦੀ ਮਾਲਕੀ ਨਾਲ ਸਬੰਧਤ :** ਇਹ ਮਾਮਲਾ 100 ਕਰੋੜ ਰੁਪਏ ਦੀ ਜ਼ਮੀਨ ਦੀ ਮਾਲਕੀ ਨਾਲ ਸਬੰਧਤ ਹੈ, ਜੋਕਿ ਪੰਜਾਬ ਦੇ ਮੋਹਾਲੀ ਜ਼ਿਲ੍ਹੇ ਵਿਚ ਦਿੱਲੀ ਸਥਿਤ ਗੁਰੂ ਨਾਨਕ ਵਿੱਦਿਆ ਮੰਦਰ ਟਰੱਸਟ ਨਾਲ ਸਬੰਧਤ ਹੈ। ਥਾਣਾ ਜ਼ੀਰਕਪੁਰ ਵਿਖੇ ਦਰਜ ਐੱਫ਼. ਆਈ. ਆਰ. ਵਿਚ ਦੋਸ਼ ਸੀ ਕਿ ਕੁਝ ਵਿਅਕਤੀਆਂ ਨੇ ਜ਼ਮੀਨ 'ਤੇ ਕਬਜ਼ਾ ਕਰਨ ਲਈ ਜਾਅਲੀ ਟਰੱਸਟ ਬਣਾ ਕੇ ਜਾਅਲੀ ਦਸਤਾਵੇਜ਼ ਤਿਆਰ ਕਰਵਾਏ। ਉਕਤ ਐੱਫ਼. ਆਈ. ਆਰ. ਵਿਚ ਲਿਖਿਆ ਹੈ ਕਿ ਇਹ ਜ਼ਮੀਨ 1986 ਵਿਚ ਖ਼ਰੀਦੀ ਗਈ ਸੀ ਅਤੇ ਉਦੋਂ ਤੋਂ ਇਹ ਕਬਜ਼ਾ ਟਰੱਸਟ ਕੋਲ ਹੈ। ਜ਼ਮੀਨ ਹੜੱਪਣ ਲਈ ਜਾਅਲੀ ਦਸਤਾਵੇਜ਼ਾਂ ਦੇ ਦੋਸ਼ਾਂ ਤੋਂ ਇਲਾਵਾ ਸ਼ਿਕਾਇਤ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਮੁਲਜ਼ਮਾਂ ਨੇ ਮਾਰਚ 2022 ਵਿਚ ਜ਼ਬਰਦਸਤੀ ਅੰਦਰ ਦਾਖ਼ਲ ਹੋ ਕੇ ਸੁਰੱਖਿਆ ਕਰਮਚਾਰੀਆਂ ਦੀ ਕੁੱਟਮਾਰ ਕੀਤੀ ਸੀ।

**ਪੁਲਸ ਦੇ ਕਾਰਵਾਈ ਨਾ ਕਰਨ 'ਤੇ ਹਾਈਕੋਰਟ ਦਾ ਦਰਵਾਜਾ ਖੜਕਾਇਆ :** ਟਰੱਸਟ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਪਰ ਜਦੋਂ ਕੋਈ ਕਾਰਵਾਈ ਨਹੀਂ ਹੋਈ ਤਾਂ ਉਹ ਹਾਈਕੋਰਟ ਪਹੁੰਚ ਗਿਆ। ਹਾਈਕੋਰਟ ਤੋਂ ਜ਼ਮੀਨ ਹਥਿਆਉਣ ਦੀਆਂ ਕਥਿਤ ਨਾਜਾਇਜ਼ ਕੋਸ਼ਿਸ਼ਾਂ ਦੀ ਜਾਂਚ ਸੀ. ਬੀ. ਆਈ. ਜਾਂ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ. ਆਈ. ਟੀ.) ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ। ਟਰੱਸਟ ਨੇ ਦਲੀਲ ਦਿੱਤੀ ਕਿ ਮੁਲਜ਼ਮ ਡੇਰਾਬੱਸੀ ਦੀ ਇਕ ਅਦਾਲਤ ਤੋਂ ਜ਼ਮੀਨ ਸਬੰਧੀ ਅਗਾਊਂ ਹੁਕਮ ਵੀ ਹਾਸਲ ਕਰਨ ਵਿਚ ਕਾਮਯਾਬ ਹੋ ਗਏ ਸਨ। ਹਾਲਾਂਕਿ, ਬਾਅਦ ਵਿਚ ਇਸ ਨਿਰੀਖਣ ਨਾਲ ਆਰਡਰ ਰੱਦ ਕਰ ਦਿੱਤਾ ਗਿਆ ਸੀ ਕਿ ਦਸਤਾਵੇਜ਼ਾਂ ਗਲਤ ਤਰੀਕੇ ਨਾਲ ਪ੍ਰਾਪਤ ਕੀਤੇ ਗਏ ਸਨ।

ਇਸ ਸਾਲ ਫਰਵਰੀ ਵਿਚ ਮਾਮਲੇ ਨੇ ਦਿਲਚਸਪ ਮੋੜ ਲਿਆ, ਜਦੋਂ ਹਾਈਕੋਰਟ ਨੂੰ ਦੱਸਿਆ ਗਿਆ ਕਿ ਇਕ ਵਕੀਲ ਜੱਜ ਨਵਰੀਤ ਕੌਰ ਨੂੰ ਦੋ ਸ਼ੱਕੀ ਹੁਕਮ ਜਾਰੀ ਕਰਨ ਲਈ ਮਿਲਿਆ ਸੀ, ਜਿਨ੍ਹਾਂ ਦਾ ਟਰੱਸਟ ਜਾਂ ਜ਼ਮੀਨੀ ਵਿਵਾਦ ਨਾਲ ਕੋਈ ਸਬੰਧ ਨਹੀਂ ਸੀ। ਇਨ੍ਹਾਂ ਦੋਵਾਂ ਕੇਸਾਂ ਵਿਚ ਸਿਵਲ ਜੱਜ ਨਵਰੀਤ ਕੌਰ ਨੇ ਐਡਵੋਕੇਟ ਵਿਕਾਸ ਕੁਮਾਰ ਵੱਲੋਂ ਦਾਇਰ ਇਕ ਅਰਜ਼ੀ 'ਤੇ ਸੁਣਵਾਈ ਕਰਦਿਆਂ ਬੈਂਕ ਦੇ ਇਕ ਸੀਨੀਅਰ ਅਧਿਕਾਰੀ ਨੂੰ ਹੁਕਮ ਦਿੱਤਾ ਸੀ ਕਿ ਟਰੱਸਟ ਦੇ ਖ਼ਾਤਿਆਂ ਸਬੰਧੀ ਜਾਣਕਾਰੀ ਦਿੱਤੀ ਜਾਵੇ। ਪਟੀਸ਼ਨਰ ਟਰੱਸਟ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਖ਼ਾਤੇ ਦੇ ਵੇਰਵੇ ਮੰਗੇ ਜਾ ਰਹੇ ਹਨ, ਜਿਨ੍ਹਾਂ ਦਾ ਕੇਸ ਨਾਲ ਕੋਈ ਸਬੰਧ ਨਹੀਂ ਹੈ। ਹਾਈਕੋਰਟ ਨੇ ਇਸ ਤਰ੍ਹਾਂ ਦੇ ਹੁਕਮ ਜਾਰੀ ਕਰਨ 'ਤੇ ਸਿਵਲ ਜੱਜ ਤੋਂ ਜਵਾਬ ਮੰਗਿਆ ਸੀ। ਹਾਈਕੋਰਟ ਨੇ ਸਿਵਲ ਜੱਜ ਦੇ ਕੰਮਕਾਜ 'ਤੇ ਹੋਰ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਮਾਮਲੇ ਵਿਚ ਸਿਵਲ ਜੱਜ ਦੀ ਪ੍ਰਤੀਕਿਰਿਆ ਟਾਲ-ਮਟੋਲ ਕਰਨ ਵਾਲੀ ਹੈ।

## ਸ਼ਰਦ ਪੂਰਨਿਮਾ ਦੇ ਤਿਉਹਾਰ ਮੌਕੇ ਗਗਨਗਿਰੀ ਮੰਦਿਰ ਵਿਖੇ ਮਿੱਟੀ ਦਾ ਦੀਵਾ ਜਗਾ ਕੇ ਕੀਤੀ ਅਰਦਾਸ



ਮੁੰਬਈ ਵਿਚ ਸ਼ਨੀਵਾਰ ਨੂੰ ਸ਼ਰਦ ਪੂਰਨਿਮਾ ਤਿਉਹਾਰ ਦੇ ਮੌਕੇ 'ਤੇ ਗਗਨਗਿਰੀ ਮੰਦਰ ਵਿਚ ਮਿੱਟੀ ਦਾ ਦੀਵਾ ਜਗਾਉਣ ਤੋਂ ਬਾਅਦ ਇਕ ਸ਼ਰਧਾਲੂ ਪ੍ਰਾਰਥਨਾ ਕਰਦਾ ਹੈ।

## ਚਰਨਜੀਤ ਸਿੰਘ ਚੰਨੀ ਨੇ ਅਜਮੇਰ ਸ਼ਰੀਫ ਦਰਗਾਹ (ਖਵਾਜਾ ਮੋਇਨੂਦੀਨ ਚਿਸ਼ਤੀ) 'ਤੇ ਅਦਾ ਕੀਤੀ ਨਮਾਜ਼



ਅਜਮੇਰ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸੋਮਵਾਰ ਨੂੰ ਅਜਮੇਰ 'ਚ ਨਮਾਜ਼ ਅਦਾ ਕਰਨ ਲਈ ਅਜਮੇਰ ਸ਼ਰੀਫ਼ ਦਰਗਾਹ (ਖਵਾਜਾ ਮੋਇਨੂਦੀਨ ਚਿਸ਼ਤੀ) 'ਤੇ ਗਏ।

## ਪੰਜਾਬ ਪੁਲਿਸ ਵੱਲੋਂ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

### *11 ਪਿਸਤੌਲਾਂ, 2 ਲੱਖ ਰੁਪਏ ਨਕਦੀ ਸਮੇਤ ਤਿੰਨ ਕਾਬੂ*

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਬਟਾਲਾ ਦੇ ਫ਼ਤਿਹਗੜ੍ਹ ਚੂੜੀਆਂ ਤੋਂ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਨੇ ਦਿੱਤੀ।

ਫੜੇ ਗਏ ਵਿਅਕਤੀਆਂ ਦੀ ਪਛਾਣ ਬਟਾਲਾ ਦੇ ਪਿੰਡ ਠੇਠਰਕੇ ਦੇ ਅਨਮੋਲ ਸਿੰਘ, ਬਟਾਲਾ ਦੇ ਪਿੰਡ ਗੁਰਚੱਕ ਦੇ ਕਰਨਦੀਪ ਮਸੀਹ ਅਤੇ ਬਟਾਲਾ ਦੇ ਸ਼ਾਹਪੁਰ ਜਾਜਨ ਦੇ ਜਗਰੂਪ ਸਿੰਘ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਹਨਾਂ ਦੇ ਕਬਜ਼ੇ 'ਚੋਂ 15 ਜਿੰਦਾ ਕਾਰਤੂਸ ਅਤੇ ਮੈਗਜ਼ੀਨਾਂ ਸਮੇਤ ਕੁੱਲ 11 ਪਿਸਤੌਲਾਂ, ਜਿਹਨਾਂ ਵਿੱਚ .32 ਬੋਰ ਦੀਆਂ 6 ਪਿਸਤੌਲਾਂ ਤੇ .30 ਬੋਰ ਦੀਆਂ ਪੰਜ ਪਿਸਤੌਲਾਂ ਸ਼ਾਮਲ ਹਨ, 2 ਲੱਖ ਰੁਪਏ ਨਕਦੀ ਅਤੇ ਇੱਕ ਸਪਲੈਂਡਰ ਮੋਟਰਸਾਈਕਲ, ਜਿਸ ਦਾ ਰਜਿਸਟ੍ਰੇਸ਼ਨ ਨੰਬਰ ਪੀ.ਬੀ.18 ਪੀ 5023 ਹੈ, ਬਰਾਮਦ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸੂਬੇ ਵਿੱਚ ਅਪਰਾਧਿਕ ਅਨਸਰਾਂ ਨੂੰ ਸਪਲਾਈ ਕਰਨ ਲਈ ਮੱਧ ਪ੍ਰਦੇਸ਼ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕੀਤੇ ਜਾਣ ਦੀ ਗੁਪਤ ਸੂਚਨਾ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸ




ਵਿੰਗ ਦੀਆਂ ਪੁਲਿਸ ਟੀਮਾਂ ਨੇ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਬਟਾਲਾ ਦੇ ਫਤਿਹਗੜ੍ਹ ਚੂੜੀਆਂ ਤੋਂ ਤਿੰਨ ਮੁਲਜ਼ਮਾਂ ਨੂੰ ਉਸ ਸਮੇਂ ਕਾਬੂ ਕਰ ਲਿਆ, ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਜਾ ਰਹੇ ਸਨ।

ਡੀਜੀਪੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ, ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਨੇ ਖੁਲਾਸਾ ਕੀਤਾ ਹੈ ਕਿ ਮੱਧ ਪ੍ਰਦੇਸ਼ ਤੋਂ ਹਥਿਆਰ ਅਤੇ ਗੋਲਾ ਬਾਰੂਦ ਖਰੀਦਣ ਲਈ ਅਮਰੀਕਾ ਅਧਾਰਤ ਉਹਨਾਂ ਦੇ ਸਾਥੀਆਂ ਤੋਂ 'ਹਵਾਲਾ' ਰਾਹੀਂ ਪੈਸੇ ਭੇਜੇ ਜਾ ਰਹੇ ਸਨ। ਉਹਨਾਂ ਅੱਗੇ ਦੱਸਿਆ ਕਿ ਪੁਲਿਸ ਟੀਮਾਂ ਪੂਰੇ ਨੈਟਵਰਕ ਦਾ ਪਰਦਾਫਾਸ਼ ਕਰਨ, ਹਥਿਆਰਾਂ ਦੀ ਖਰੀਦ ਅਤੇ ਸਪਲਾਈ ਚੇਨ ਦਾ ਪਤਾ ਲਗਾਉਣ ਲਈ ਕੋਸ਼ਿਸ਼ਾਂ ਕਰ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਅਮਰੀਕਾ ਅਧਾਰਤ ਸਾਥੀਆਂ ਦੀ ਪਛਾਣ ਬਟਾਲਾ ਦੇ ਪਿੰਡ ਗੁਰਚੱਕ ਦੇ ਵਸਨੀਕ ਕਿਰਨਦੀਪ ਸਿੰਘ ਰੰਧਾਵਾ ਅਤੇ ਤਰਨਤਾਰਨ ਦੇ ਨੌਰੰਗਾਬਾਦ ਦੇ ਮੂਲ ਨਿਵਾਸੀ ਜਰਮਜੀਤ ਸਿੰਘ ਵਜੋਂ ਹੋਈ ਹੈ। ਮੁੱਢਲੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਹ ਗਿਰੋਹ ਆਪਣੇ ਵਿਰੋਧੀ ਗੈਂਗ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚ ਰਿਹਾ ਸੀ।

ਇਸ ਸਬੰਧੀ ਪੁਲਿਸ ਸਟੇਸ਼ਨ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25, ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਧਾਰਾਵਾਂ 109, 115, 120 ਅਤੇ 120-ਬੀ ਅਤੇ ਮਨੀ ਲਾਂਡਰਿੰਗ ਐਕਟ ਦੀਆਂ ਧਾਰਾਵਾਂ 3 ਅਤੇ 4 ਤਹਿਤ ਐਫ.ਆਈ.ਆਰ. ਨੰਬਰ 43 ਮਿਤੀ 22.10.2023 ਨੂੰ ਕੇਸ ਦਰਜ ਕੀਤਾ ਗਿਆ ਹੈ।

## ਅਮਰੀਕਾ ਦੇ ਮੈਰੀਲੈਂਡ ਰਾਜ ਦੇ ਜੱਜ ਦੀ ਹੱਤਿਆ ਕਰਨ ਦੇ ਮਾਮਲੇ ਦੇ ਸ਼ੱਕੀ ਦੋਸ਼ੀ ਦੀ ਮਿਲੀ ਲਾਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਬੀਤੇ ਦਿਨੀ ਮੈਰੀਲੈਂਡ ਦੀ ਇਕ ਅਦਾਲਤ ਦੇ ਜੱਜ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਭਗੌੜੇ ਸ਼ੱਕੀ ਦੋਸ਼ੀ ਪੈਡਰੋ ਅਰਗੋਟ ਦੀ ਲਾਸ਼ ਮਿਲਣ ਦੀ ਖਬਰ ਹੈ। ਅਰਗੋਟ ਨੇ 19 ਅਕਤੂਬਰ ਨੂੰ ਵਾਸ਼ਿੰਗਟਨ ਕਾਊਂਟੀ ਸਰਕਟ ਜੱਜ ਐਂਡਰੀਊ ਵਿਲਕਿਨਸਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੁਲਿਸ ਅਫਸਰਾਂ ਅਨੁਸਾਰ ਤਲਾਕ ਦੇ ਮਾਮਲੇ ਵਿਚ ਅਰਗੋਟ ਵਿਰੁੱਧ ਫੈਸਲਾ ਦੇਣ ਦੇ ਕੁਝ ਹੀ ਘੰਟਿਆਂ ਬਾਅਦ ਜੱਜ ਦੀ ਉਸ ਵੇਲੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਦੋਂ ਉਹ ਆਪਣੀ ਪਤਨੀ ਤੇ ਬੱਚੇ ਨਾਲ ਘਰ ਜਾ ਰਿਹਾ ਸੀ। ਵਾਸ਼ਿੰਗਟਨ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਫੇਸਬੁੱਕ ਉਪਰ ਦਿੱਤੀ ਜਾਣਕਾਰੀ ਅਨੁਸਾਰ ਵਿਲਿਅਮਸਪੋਰਟ ਐਮ ਡੀ ਖੇਤਰ ਵਿਚ ਤਲਾਸ਼ੀ ਦੌਰਾਨ ਇਕ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ ਜਿਸ ਦੀ ਪਛਾਣ ਪੈਡਰੋ ਅਰਗੋਟ ਵਜੋਂ ਹੋਈ ਹੈ ਜੋ ਜੱਜ ਐਂਡਰੀਊ ਵਿਲਕਿਨਸਨ ਦੀ ਹੱਤਿਆ ਦੇ ਮਾਮਲੇ ਵਿਚ ਲੋੜੀਂਦਾ ਸੀ।



# ਬੈਂਗਲੁਰੂ ’ਚ 18 ਤੋਂ ਵੱਧ ਖੜ੍ਹੀਆਂ ਟੂਰਿਸਟ ਬੱਸਾਂ ਨੂੰ ਲੱਗੀ ਭਿਆਨਕ ਅੱਗ








ਬੈਂਗਲੁਰੂ: ਨਾਇਸ ਰੋਡ ਦੇ ਨੇੜੇ ਵੀਰਭੱਦਰ ਨਗਰ ਵਿੱਚ ਇੱਕ ਵਰਕਸ਼ਾਪ ਵਿੱਚ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਲੱਗੀ ਭਿਆਨਕ ਅੱਗ ਵਿੱਚ ਵੱਖ-ਵੱਖ ਪ੍ਰਾਈਵੇਟ ਟੂਰ ਆਪਰੇਟਰਾਂ ਦੀਆਂ ਲਗਭਗ 18 ਬੱਸਾਂ ਸੜ ਗਈਆਂ। ਸਵੇਰੇ ਕਰੀਬ 11 ਵਜੇ ਐਸਵੀ ਕੋਚ ਬੱਸ ਬਾਡੀ ਬਿਲਡਰਜ਼ ਅਤੇ ਗੈਰੇਜ ਵਿੱਚ ਅੱਗ ਲੱਗ ਗਈ। ਅੱਗ ’ਤੇ ਕਾਬੂ ਪਾਉਣ ਲਈ ਕਰੀਬ 15 ਫਾਇਰ ਟੈਂਡਰਾਂ ਦੀ ਵਰਤੋਂ ਕੀਤੀ ਗਈ।

ਵੈਲਡਿੰਗ ਦੇ ਕੰਮ ਦੌਰਾਨ ਆਈ ਚੰਗਿਆੜੀ ਕਾਰਨ ਅੱਗ ਲੱਗਣ ਦਾ ਸ਼ੱਕ ਹੈ। ਵਰਕਸ਼ਾਪ ਵਿੱਚ 42 ਦੇ ਕਰੀਬ ਕਾਮੇ ਕੰਮ ਕਰ ਰਹੇ ਹਨ। ਜਦੋਂ ਉਨ੍ਹਾਂ ਵਿੱਚੋਂ ਕੁਝ ਬੱਸ ਦੇ ਐਮਰਜੈਂਸੀ ਨਿਕਾਸ ਦੇ ਦਰਵਾਜ਼ੇ ਠੀਕ ਕਰਨ ਵਿੱਚ ਰੁੱਝੇ ਹੋਏ ਸਨ, ਤਾਂ ਅੱਗ ਲੱਗ ਗਈ, ਜਿਸ ਨੇ ਗੈਰਾਜ ਦੇ ਅੰਦਰ ਖੜ੍ਹੀਆਂ ਹੋਰ ਬੱਸਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਨੇੜਲੇ ਸ਼ੈੱਡਾਂ ਵਿੱਚ ਵੀ ਫੈਲ ਗਈ। ਹਾਲਾਂਕਿ, ਇਸ ਘਟਨਾ ਵਿੱਚ ਕੋਈ ਵੀ ਜ਼ਖਮੀ ਨਹੀਂ ਹੋਇਆ, ਕਿਉਂਕਿ ਸਾਰੇ ਕਰਮਚਾਰੀ ਤੁਰੰਤ ਵਰਕਸ਼ਾਪ ਤੋਂ ਬਾਹਰ ਆ ਗਏ। ਇਹ ਸਹੂਲਤ ਇੱਕ ਸ਼੍ਰੀਨਿਵਾਸ ਦੀ ਮਲਕੀਅਤ ਹੈ। ਉਪ ਮੁੱਖ ਮੰਤਰੀ ਡੀਕੇ ਸ਼ਿਵਕੁਮਾਰ ਅਤੇ ਟਰਾਂਸਪੋਰਟ ਮੰਤਰੀ ਰਾਮਲਿੰਗਾ ਰੈੱਡੀ ਨੇ ਘਟਨਾ ਸਥਾਨ ਦਾ ਦੌਰਾ ਕੀਤਾ। “ਵੈਲਡਿੰਗ ਦੌਰਾਨ ਇੱਕ ਚੰਗਿਆੜੀ ਕਾਰਨ ਅੱਗ ਲੱਗੀ, ਜੋ ਇੱਕ ਬੱਸ ਦੇ ਅੰਦਰੋਂ ਸ਼ੁਰੂ ਹੋਈ ਅਤੇ ਇੱਕ ਦੂਜੇ ਦੇ ਕੋਲ ਖੜ੍ਹੀਆਂ ਹੋਰ ਬੱਸਾਂ ਵਿੱਚ ਫੈਲ ਗਈ। ਫਾਇਰ ਕਰਮੀਆਂ ਨੇ ਤੇਜ਼ੀ ਨਾਲ ਕਾਰਵਾਈ ਕੀਤੀ। ਪੁਲਿਸ ਅਤੇ ਅੱਗ ਬੁਝਾਊ ਵਿਭਾਗ ਨੂੰ ਘਟਨਾ ਬਾਰੇ ਵੱਖਰੀਆਂ ਰਿਪੋਰਟਾਂ ਦੇਣ ਲਈ ਕਿਹਾ ਗਿਆ ਹੈ। ਰਿਪੋਰਟਾਂ ਘਟਨਾ ਦੇ ਤਕਨੀਕੀ ਅਤੇ ਹੋਰ ਪਹਿਲੂਆਂ ’ਤੇ ਵਧੇਰੇ ਰੌਸ਼ਨੀ ਪਾਉਣਗੀਆਂ, ਸ਼ਿਵਕੁਮਾਰ ਨੇ ਮੀਡੀਆ ਨੂੰ ਕਿਹਾ। ਗਿਰੀਨਗਰ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਆਂਧਰਾ ਪ੍ਰਦੇਸ਼: ਰੇਲ ਹਾਦਸੇ ’ਚ ਮਰਨ ਵਾਲਿਆਂ ਦੀ ਗਿਣਤੀ 14 ਤੱਕ ਪੁੱਜੀ, 50 ਜ਼ਖਮੀ ਹਸਪਤਾਲ ’ਚ





ਵਸ਼ਾਖਾਪਟਨਮ : ਆਂਧਰਾ ਪ੍ਰਦੇਸ਼ ਦੇ ਵਜਿਆਨਗਰਮ ਜ਼ਿਲ੍ਹੇ ਵਿੱਚ ਹਾਵੜਾ-ਚੇਨਈ ਲਾਈਨ ’ਤੇ ਐਤਵਾਰ ਨੂੰ ਹੋਏ ਰੇਲ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 14 ਹੋ ਗਈ ਹੈ, ਜਦੋਂਕਿ 50 ਲੋਕ ਜ਼ਖ਼ਮੀ ਹੋ ਗਏ ਹਨ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈਐੱਸ ਜਗਨਮੋਹਨ ਰੈਡੀ ਹਾਦਸੇ ਵਾਲੀ ਥਾਂ ਦਾ ਦੌਰਾ ਕਰਨਗੇ ਅਤੇ ਉਨ੍ਹਾਂ ਨਾਲ ਮੁਲਾਕਾਤ ਵੀ ਕਰਨਗੇ। ਜ਼ਖ਼ਮੀ ਵਜਿਆਨਗਰਮ ’ਚ ਇਲਾਜ ਕਰਵਾ ਰਹੇ ਹਨ। ਵਿਸ਼ਾਖਾਪਟਨਮ ਤੋਂ ਕਰੀਬ 40 ਕਿਲੋਮੀਟਰ ਦੂਰ ਕੰਤਾਕਾਪੱਲੇ ਵਿਖੇ ਐਤਵਾਰ ਸ਼ਾਮ ਕਰੀਬ 7 ਵਜੇ ਪਲਾਸਾ ਪੈਸੰਜਰ ਟਰੇਨ ਨੇ ਰਾਇਗੜਾ ਪੈਸੰਜਰ ਟਰੇਨ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ, ਜਿਸ ਕਾਰਨ ਇਸ ਦੇ ਤਿੰਨ ਡੱਬੇ ਪਟੜੀ ਤੋਂ ਉਤਰ ਗਏ। ਇਸ ਹਾਦਸੇ ਵਿੱਚ ਰਾਇਗੜਾ ਪੈਸੰਜਰ ਟਰੇਨ ਦੇ ਡਰਾਈਵਰ ਅਤੇ ਪਲਾਸਾ ਟਰੇਨ ਦੇ ਗਹਰਡ ਦੀ ਵੀ ਮੌਤ ਹੋ ਗਈ।

# ਬੀਐਸਐਫ ਅਤੇ ਪੁਲਿਸ ਦੇ ਜਵਾਨ ਰਾਜਸਥਾਨ ਵਿਧਾਨ ਸਭਾ ਚੋਣਾਂ ਲਈ ਫਲੈਗ ਮਾਰਚ ਕਰਦੇ ਹੋਏ




ਬੀਕਾਨੇਰ : ਬੀ.ਐਸ.ਐਫ ਅਤੇ ਪੁਲਿਸ ਦੇ ਜਵਾਨਾਂ ਨੇ ਸ਼ਨੀਵਾਰ ਨੂੰ ਬੀਕਾਨੇਰ ਵਿੱਚ ਆਗਾਮੀ ਰਾਜਸਥਾਨ ਵਿਧਾਨ ਸਭਾ ਚੋਣਾਂ ਲਈ ਫਲੈਗ ਮਾਰਚ ਕੱਢਿਆ।



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਹਰ
ਕੌਮੀ ਕੰਮ ਨੂੰ ਪਹਿਲ ਦੇ ਆਧਾਰ 'ਤੇ ਅੱਗੇ
ਹੋ ਕੇ ਕਰਨ ਵਾਲੇ, ਪੰਜਾਬ, ਪੰਜਾਬੀ ਮਾਂ ਬੋਲੀ,
ਸਭਿਆਚਾਰ ਦੇ ਮਦੱਈ ਅਮਰੀਕਾ ਦੇ ਉਘੇ ਸਿੱਖ ਆਗੂ

**ਸ੍ਰ. ਪਰਵਿੰਦਰ ਸਿੰਘ ਗਰੇਵਾਲ**
**ਅਤੇ ਉਨ੍ਹਾਂ ਦੇ ਸਪੁੱਤਰ**
**ਸ੍ਰ. ਮਨਪ੍ਰੀਤ ਸਿੰਘ ਗਰੇਵਾਲ**



ਸ੍ਰ. ਮਨਪ੍ਰੀਤ ਸਿੰਘ ਗਰੇਵਾਲ



ਸ੍ਰ. ਪਰਵਿੰਦਰ ਸਿੰਘ ਗਰੇਵਾਲ



# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ




## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।







ਧੰਨਵਾਦ ਸਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ
ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ
ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆ ਸਟੇਟ ਦੇ ਪ੍ਰਧਾਨ

**ਸ. ਬਲਜੀਤ ਸਿੰਘ ਮਾਨ** ਅਤੇ ਸਮੂਹ ਮਾਨ ਪਰਿਵਾਰ




ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

**44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ**
ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ





**5 ਨਵੰਬਰ 2023 ਦਿਨ ਐਤਵਾਰ**
ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ
ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ
ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Dr. Paramjit Singh DDS**

ਅਸੀਂ ਸੋਮਵਾਰ, ਮੰਗਲਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਾਂ
ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਲੈਂਦੇ ਹਾਂ ਅਤੇ ਜਿਨ੍ਹਾਂ ਕੋਲ ਇੰਸ਼ੋਰੈਂਸ ਨਹੀਂ,
ਕੈਸ਼ਪੇਮੈਂਟ ਵਾਲਿਆਂ ਸਪੈਸ਼ਲ ਡਿਸਕਾਊਂਟ ਹੈ

4598 S. Tracy Blvd, Suite 150, Tracy, CA 95377
**Phone : 209-221-6666,Fax : 209-221-7002**





ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ

**ਯੂਬਾ ਸਿਟੀ ਨਗਰ ਕੀਰਤਨ ਦੀਆਂ ਸਮੁੱਚੇ ਸਿੱਖ ਜਗਤ ਨੂੰ ਲੱਖ ਲੱਖ ਵਧਾਈਆਂ**

**ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ**

## ਪੰਥਕ ਕਾਨਫਰੰਸ

**ਇਸ ਕਾਨਫਰੰਸ ਵਿੱਚ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਥਕ ਬੁਲਾਰੇ ਪਹੁੰਚ ਰਹੇ ਹਨ।**

**ਮਿਤੀ 4 ਨਵੰਬਰ 2023 ਨੂੰ ਦੁਪਹਿਰ 12 ਵਜੇ ਤੋਂ 4 ਵਜੇ ਤੱਕ**

**ਸਥਾਨ:-ਗੁਰਦੁਆਰਾ ਰਵਿਦਾਸ ਟੈਂਪਲ, 1480 Hayna Ave Yuba City CA 95993**

## ਨਗਰ ਕੀਰਤਨ ਵਿੱਚ ਫਲੋਟ

**5 ਨਵੰਬਰ 2023 ਨੂੰ ਨਗਰ ਕੀਰਤਨ ਦੌਰਾਨ ਵਿਸ਼ੇਸ਼ ਤੌਰ ਤੇ ਫਲੋਟ ਸਜਾਇਆ ਜਾਵੇਗਾ**

**ਸਮੂਹ ਪਾਰਟੀ ਵਰਕਰਾਂ ਅਤੇ ਸਿੱਖ ਸੰਗਤਾਂ ਨੂੰ ਪੰਥਕ ਕਾਨਫਰੰਸ ਅਤੇ ਨਗਰ ਕੀਰਤਨ ਵਿੱਚ ਹਾਜ਼ਰੀ ਭਰਨ ਦੀ ਅਪੀਲ ਕੀਤੀ ਜਾਂਦੀ ਹੈ ਜੀ**



ਸ੍ਰ ਬੂਟਾ ਸਿੰਘ ਖੜੌਦ
ਕਨਵੀਨਰ



ਸ੍ਰ ਸੁਰਜੀਤ ਸਿੰਘ ਕੁਲਾਰ
ਪ੍ਰਧਾਨ



ਸ੍ਰ ਜੀਤ ਸਿੰਘ ਆਲੋਅਰਖ
ਕੌਮੀ ਜਰਨਲ ਸਕੱਤਰ



ਸ੍ਰ ਰੁਪਿੰਦਰ ਸਿੰਘ ਬਾਠ
ਸਕੱਤਰ ਜਰਨਲ



ਸ੍ਰ ਮੱਖਣ ਸਿੰਘ ਕਲੇਰ
ਜਰਨਲ ਸਕੱਤਰ



ਸ੍ਰ ਤਰਸੇਮ ਸਿੰਘ ਖਾਲਸਾ
ਪ੍ਰਧਾਨ ਕੈਲੀਫੋਰਨੀਆ ਯੂਨਿਟ



ਸ੍ਰ ਰੇਸ਼ਮ ਸਿੰਘ
ਪ੍ਰਧਾਨ ਵਰਜੀਨੀਆਂ ਯੂਨਿਟ



ਜੋਗਾ ਸਿੰਘ
ਪ੍ਰਧਾਨ ਨਿਊਜਰਸੀ ਯੂਨਿਟ



ਸ੍ਰ ਲਖਵੀਰ ਸਿੰਘ ਕੰਗ
ਪ੍ਰਧਾਨ ਸ਼ਿਕਾਗੋ ਯੂਨਿਟ



ਸ੍ਰ ਦਲਵਿੰਦਰ ਸਿੰਘ ਪ੍ਰਧਾਨ
ਨਿਊਯਾਰਕ ਯੂਨਿਟ



ਸ੍ਰ ਇੰਦਰਜੀਤ ਸਿੰਘ ਕੋਰਰੀ
ਕਮੇਟੀ ਮੈਂਬਰ (SADA USA)



ਸ੍ਰ ਸੁਰਿੰਦਰ ਸਿੰਘ
ਇੰਡੀਆਨਾ



ਸ੍ਰ ਦੀਪਇੰਦਰ ਸਿੰਘ ਮਾਨ
ਉਰੇਗਨ



ਸ੍ਰ ਇੰਦਰਪਾਲ ਸਿੰਘ
ਸਿਆਟਲ



ਪ੍ਰੋ ਬਲਜਿੰਦਰ ਸਿੰਘ
ਮੇਰਲੈਂਡ



ਸ੍ਰ ਅਵਤਾਰ ਸਿੰਘ



ਸ੍ਰ ਸੰਤਬਲਵੀਰ ਸਿੰਘ
ਸ਼ਿਕਾਗੋ



ਸ੍ਰ ਦਲਬੀਰ ਸਿੰਘ
ਸ਼ਿਕਾਗੋ



ਸ੍ਰ ਲੱਖਵਿੰਦਰ ਸਿੰਘ
ਮਿਸ਼ੀਗਨ

ਹੋਰ ਜਾਣਕਾਰੀ ਲਈ ਸੰਪਰਕ ਕਰੋ:- ਸ੍ਰ ਤਰਸੇਮ ਸਿੰਘ 15593311326
ਸ੍ਰ ਅਰਵਿੰਦਰ ਸਿੰਘ 15598407325 ਸ੍ਰ ਹਰਦੀਪ ਸਿੰਘ 16617475175
ਸ੍ਰ ਸੁਰਿੰਦਰ ਸਿੰਘ ਭਿੰਡਰ 16614779577 ਸ੍ਰ ਸਰਬਜੀਤ ਸਿੰਘ ਦਿੱਲੀ 15104587713

**ਬੇਨਤੀ ਕਰਤਾ :- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) USA**





ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ
ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# Singh
Semiconductors

Semiconductors, Inc, 1501 Fulton Place, Fremont, CA 94539

**Tel. : 510-490-4900**



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

**44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ**

ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# SinghSigns

ELECTRICAL· GRAPHIC· ENGRAVING

## Sales - Installation - Repair

WE FABRICATE & SERVICE ALL ELECTRICAL SIGNS
44279 FREMONT BLVD. UNIT P FREMONT, CA 94538

**510-573-3162**

COMMERCIAL SIGNS  BANNERS  REAL STATE
INDUSTRIAL SIGNS  VEHICLE GRAPHICE  LASER DESIGNS
3-D GRAPHICS  ENGRAVING  VINYL LETTERING

DESIGNED FOR QUALITY SIGH, ENGINEERED TO LAST !



ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ



ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

**ਸ. ਰਾਜਿੰਦਰ ਸਿੰਘ ਭੱਚੂ, ਛੋਟੇ ਭਾਈ ਸ. ਮਨਦੀਪ ਸਿੰਘ ਭੱਚੂ**



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸ. ਸੁਖਬੀਰ ਸਿੰਘ ਬਾਦਲ
ਸਾਬਕਾ ਉਪ ਮੁੱਖ ਮੰਤਰੀ ਪੰਜਾਬ



ਸ. ਬਲਵਿੰਦਰ ਸਿੰਘ ਭੂੰਦੜ
ਰਾਜ ਸਭਾ ਮੈਂਬਰ



ਸ. ਬਿਕਰਮ ਸਿੰਘ ਮਜੀਠੀਆ
ਸਾਬਕਾ ਕੈਬਨਿਟ ਮੰਤਰੀ



ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ


5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ

**ਸ. ਜੋਗਾ ਸਿੰਘ ਹੀਰਾ**
925-719-4359

**ਸ. ਜੀਤ ਸਿੰਘ**
510-750-2810



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# Sakoon

CELEBRATING INDIAN FLAVORS



**RESTAURANT | BAR**
**LOUNGE | BANQUET**

our 3rd location now open in

## santa clara





Didar Singh



Late : Baba Lashkar Singh



Balkar Singh







# BOMBAY GARDEN

ਅਸੀਂ 500 ਤੋਂ ਲੈ ਕੇ 10000 ਹਜ਼ਾਰ ਤੱਕ ਕੈਟਰਿੰਗ ਕਰਦੇ ਹਾਂ। ਇਸ ਵਿਚ ਸਾਡਾ ਕੋਈ ਮੁਕਾਬਲਾ ਨਹੀਂ।
ਅਸੀਂ ਕੈਲੀਫੋਰਨੀਆ ਵਿਚ ਬੰਬੇ ਗਾਰਡਨ, ਬੰਬੇ ਐਕਸਪ੍ਰੈਸ ਅਤੇ ਸਕੂਨ ਰੈਸਟੋਰੈਂਟ
ਦੀਆਂ ਵੱਖ-ਵੱਖ ਬ੍ਰਾਂਚਾਂ ਤੋਂ ਆਪ ਜੀ ਦੀ ਸੇਵਾ ਕਰਦੇ ਹਾਂ।

## ਬਲਕਾਰ ਸਿੰਘ (510) 676-5641

# ਅਜੇ ਤੱਕ ਅੱਲੇ ਹਨ ਸਿੱਖ ਵਿਰੋਧੀ ਕਤਲੇਆਮ ਦੇ ਜ਼ਖ਼ਮ





ਅਜੇ ਉਸ ਦੇ ਸਰੀਰ ’ਤੇ ਖ਼ੂਨ ਸੁੱਕਿਆ ਵੀ ਨਹੀਂ ਸੀ ਕਿ ਕਈ ਹੋਰ ਸਰੀਰ ਖ਼ੂਨ ਨਾਲ ਲਥਪਥ ਹੋ ਗਏ। ਉਸ ਦੇ ਕਾਤਲਾਂ ਦੀਆਂ ਗੋਲੀਆਂ ਦੀ ਆਵਾਜ਼ ਸੁਣਨੀ ਬੰਦ ਹੁੰਦੀ, ਉਸ ਤੋਂ ਪਹਿਲਾਂ ਹੀ ਕਈ ਹੋਰ ਗੋਲੀਆਂ ਦੀ ਭਿਆਨਕ ਆਵਾਜ਼ ਸੁਣਾਈ ਦੇਣ ਲੱਗ ਪਈ। ਨੇੜਿਉਂ ਅਤੇ ਦੂਰੋਂ, ਉਸ ਦੇ ਪ੍ਰਵਾਰ, ਰਿਸ਼ਤੇਦਾਰ ਤੇ ਹੋਰ ਸ਼ੋਕ ਪ੍ਰਗਟਾਉਣ ਵਾਲਿਆਂ ਦੀਆਂ ਅੱਖਾਂ ’ਚੋਂ ਹੰਝੂ ਸੁਕਦੇ, ਇਸ ਤੋਂ ਪਹਿਲਾਂ ਹੀ ਕਈ ਹੋਰਾਂ ਨੇ ਦੁਖ ਅਤੇ ਲਾਚਾਰੀ ਵਿਚ ਰੋਣਾ ਸ਼ੁਰੂ ਕਰ ਦਿਤਾ। ਉਸ ਦੀ ਫੁੱਲਾਂ ਨਾਲ ਲੱਦੀ ਲਾਸ਼ਾ, ਦਰਸ਼ਨਾਂ ਲਈ ਅਜੇ ਰੱਖੀ ਹੀ ਹੋਈ ਸੀ ਕਿ ਉਦੋਂ ਨੂੰ ਹੋਰ ਜ਼ਿੰਦਗੀਆਂ, ਲਾਸ਼ਾਂ ਨੂੰ ਮਿੱਟੀ ਦੇ ਤੇਲ, ਪੈਟਰੋਲ, ਗਲੇ ’ਚ ਟਾਇਰ ਪਾ ਕੇ ਸਾੜ ਦਿਤਾ ਗਿਆ।

ਅਜੇ ਦੇਸ਼ ਉਸ ਅਚਾਨਕ ਵਾਪਰੀ ਘਟਨਾ ਕਾਰਨ ਅਚੰਭੇ ਵਿਚ ਹੀ ਸੀ ਕਿ ਕਈ ਹੋਰ ਬੇਦੋਸ਼ਿਆਂ ਦੇ ਸਰੀਰਾਂ ’ਚੋਂ ਲਹੂ ਚੋਅ ਰਿਹਾ ਸੀ ਅਤੇ ਉਨ੍ਹਾਂ ਦੇ ਪੈਰ ਮਿੱਟੀ ਤੇ ਖ਼ੂਨ ਦੇ ਚਿੱਕੜ ’ਚ ਲਿਬੜੇ ਹੋਏ ਸਨ। ਇਸ ਪਾਗਲਪਨ ਨੇ ਚਹੁੰ ਪਾਸੀਂ ਇਕ ਦਹਿਸ਼ਤ ਭਰਿਆ ਮਾਹੌਲ ਪੈਦਾ ਕਰ ਦਿਤਾ ਸੀ ਅਤੇ ਅੱਗ ਸੀ ਕਿ ਵਧਦੀ ਹੀ ਜਾਂਦੀ ਸੀ। ਮੌਤ ਦਾ ਤਾਂਡਵ ਕਰਦੀ ਹੋਈ ਅਤੇ ਹਰ ਪਾਸੇ ਬਰਬਾਦੀ ਦਾ ਦਿਲ ਕੰਬਾਊ ਦ੍ਰਿਸ਼ ਸੀ। ਅਨਾਥ ਹੋਏ ਬੱਚਿਆਂ ਤੇ ਵਿਧਵਾ ਹੋਈਆਂ ਨੌਜੁਆਨ ਮੁਟਿਆਰਾਂ ਤੇ ਜਿਨ੍ਹਾਂ ਦੀ ਗੋਦ ਸੱਖਣੀ ਹੋ ਗਈ, ਉਨ੍ਹਾਂ ਮਾਵਾਂ ਦੇ ਕੀਰਨੇ ਮੁੱਕਣ ’ਚ ਨਹੀਂ ਸਨ ਆ ਰਹੇ ਭਾਵੇਂ ਉਹ ਕਾਲੀ ਭਿਆਨਕ ਰਾਤ ਮੁੱਕ ਚੁੱਕੀ ਸੀ।

ਇੰਦਰਾ ਗਾਂਧੀ ਦੀ ਹਤਿਆ ਹੋਣ ਤੋਂ 10 ਘੰਟਿਆਂ ਦੇ ਅੰਦਰ ਅੰਦਰ ਸਾਰੀ ਰਾਜਧਾਨੀ, ਲੁੱਟ ਖਸੁਟ, ਕਤਲੇਆਮ, ਬਲਾਤਕਾਰ ਅਤੇ ਗੁੰਡਾਗਰਦੀ ਦੇ ਕਾਲੇ ਤੂਫ਼ਾਨ ਦੇ ਹਨੇਰੇ ’ਚ ਗੁਆਚ ਗਈ। 31 ਅਕਤੂਬਰ ਦੀ ਸ਼ਾਮ ਦੇ 6 ਵਜੇ ਇਹ ਸੱਭ ਸ਼ੁਰੂ ਹੋਇਆ ਜਦੋਂ ਰਾਜਧਾਨੀ ਸਥਿਤ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਦੇ ਬਾਹਰ ਗੁੱਸੇ ਦੀ ਇਹ ਲਹਿਰ ਨਜ਼ਰੀ ਆਈ ਜਿਸ ਦੇ ਥਪੇੜਿਆਂ ਨੂੰ ਆਉਣ ਵਾਲੇ ਦਿਨਾਂ ’ਚ ਕਈ ਜ਼ਿੰਦਗੀਆਂ ਨੇ ਮਹਿਸੂਸ ਕੀਤਾ। ਇੰਸਟੀਚਿਊਟ ਦੇ ਬਾਹਰ ਪਹਿਲਾਂ ਨਿਸ਼ਾਨਾ ਇਕ ਸਿੱਖ ਬਣਿਆ ਜੋ ਸਕੂਟਰ ’ਤੇ ਸਵਾਰ ਸੀ। ਉਸ ਨੂੰ ਰੋਕਣ ਤੋਂ ਬਾਅਦ ਗੁੱਸੇ ’ਚ ਭੜਕੇ ਹੋਏ ਨੌਜੁਆਨ ਲੜਕਿਆਂ ਦੀ ਭੀੜ ਨੇ ਉਸ ਦੀ ਪੱਗ ਲਾਹੀ ਤੇ ਫਿਰ ਬੇਰਹਿਮੀ ਨਾਲ ਕੁਟਿਆ ਜਦ ਤਕ ਖ਼ੂਨ ਨਾ ਵਗਣ ਲੱਗ ਪਿਆ। ਚੰਗੀ ਕਿਸਮਤ ਨਾਲ ਉਹ ਸਿੱਖ ਤਾਂ ਬਚ ਕੇ ਨਿਕਲ ਗਿਆ ਪਰ ਸਕੂਟਰ ਨਾ ਬਚ ਸਕਿਆ। ਸਕੂਟਰ ਨੂੰ ਅੱਗ ਲਾ ਦਿਤੀ ਗਈ ਅਤੇ ਰਾਤ ਦੇ ਹਨੇਰੇ ਵਿਚ ਉਸ ਦੀਆਂ ਲਪਟਾਂ ਦੂਰ-ਦੂਰ ਤਕ ਦਿਸ ਰਹੀਆਂ ਸਨ ਭਾਵੇਂ ਉਹ ਭੀੜ ਉਥੋਂ ਕੂਚ ਕਰ ਚੁੱਕੀ ਸੀ।

ਅਗਲਾ ਸ਼ਿਕਾਰ ਇਕ ਸਾਈਕਲ ’ਤੇ ਜਾ ਰਿਹਾ ਸਿੱਖ ਬਜ਼ੁਰਗ ਬਣਿਆ ਜੋ ਉਸ ਭੜਕੀ ਭੀੜ ਦੇ ਗੁੱਸੇ ਤੋਂ ਅਣਜਾਣ ਅਪਣੇ ਘਰ ਪਰਤ ਰਿਹਾ ਸੀ। ਉਸ ਨੂੰ ਰੋਕਿਆ, ਸਾਈਕਲ ਤੋਂ ਉਤਰਨ ਲਈ ਕਿਹਾ, ਕੁਟਿਆ ਅਤੇ ਫਿਰ ਜਾਣ ਲਈ ਕਹਿ ਦਿਤਾ ਅਤੇ ਉਸ ਦੇ ਸਾਈਕਲ ਨੂੰ ਇਕ ਖੰਭੇ ਨਾਲ ਉਲਟਾ ਲਟਕਾ ਕੇ ਅੱਗ ਲਾ ਦਿਤੀ ਗਈ। ਇੰਸਟੀਚਿਊਟ ਜਿਥੇ ਭਾਰਤ ਦੀ ਪ੍ਰਧਾਨ ਮੰਤਰੀ ਦੀ ਲਾਸ਼ ਪਈ ਸੀ, ਤੋਂ ਮਸੀਂ ਅੱਧਾ ਕੁ ਕਿਲੋਮੀਟਰ ਦੂਰ ਚਾਰ ਹਜ਼ਾਰ ਦੇ ਲਗਭਗ ਗੁੰਡੇ ਬਦਮਾਸ਼ਾਂ ਦੀ ਇਕ ਭੀੜ ਬੇਕਾਬੂ ਹੋ ਗਈ। ਇਕ ਡੀ.ਟੀ.ਸੀ. ਬੱਸ ਰੋਕ ਕੇ ਉਸ ਵਿਚ 20 ਕੁ ਬੰਦੇ ਚੜ੍ਹ ਗਏ ਅਤੇ ਯਾਤਰੀਆਂ ’ਚੋਂ ਚੁਣ ਕੇ ਦੋ ਸਿੱਖ ਨੌਜੁਆਨਾਂ ਨੂੰ ਬਾਹਰ ਕੱਢ ਲਿਆ ਅਤੇ ਉਨ੍ਹਾਂ ਨੂੰ ਡਾਂਗਾਂ ਤੇ ਸਰੀਏ ਨਾਲ ਮਾਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਦੇ ਸਿਰ ਤੋਂ ਲੈ ਕੇ ਪੈਰਾਂ ਤਕ ਖ਼ੂਨ ਨਾਲ ਲਥਪਥ ਸਰੀਰਾਂ ਨੂੰ ਉਥੇ ਹੀ ਛੱਡ ਦਿਤਾ ਗਿਆ। ਉਨ੍ਹਾਂ ਦੀ ਹਾਲ ਦੁਹਾਈ ਦੁਆਲੇ ਪਾਗਲਪਨ ਦਾ ਤਮਾਸ਼ਾ ਕਰਦੀ ਹੋਈ ਭੀੜ ਦੇ ਨਾਹਰਿਆਂ, “ਸਿੱਖਾਂ ਨੂੰ ਮਾਰ ਮੁਕਾਉ” ਵਿਚ ਦਬ ਕੇ ਰਹਿ ਗਈ। ਉਨ੍ਹਾਂ ਗੁੰਡਿਆਂ ’ਚ ਇਕ ਦਾ ਕਹਿਣਾ ਸੀ, “ਅਸੀ ਸਿੱਖਾਂ ਨੂੰ ਉਦੋਂ ਤਕ ਕੁਟਿਆ ਜਦ ਤਕ ਸਾਡੀ ਤਸੱਲੀ ਨਾ ਹੋ ਗਈ।” ਅਤੇ ਉਨ੍ਹਾਂ ਇਸ ਗੱਲ ਦਾ ਵੀ ਇਸ਼ਾਰਾ ਕੀਤਾ ਕਿ ਬੱਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਕਿਉਂਕਿ ਉਹ ਆਮ ਜਨਤਾ ਦੀ ਮਲਕੀਅਤ ਹੈ।

31 ਅਕਤੂਬਰ ਦੀ ਰਾਤ ਨੂੰ ਦਿੱਲੀ ਦੇ ਕੇਵਲ ਉਹੀ ਵਾਹਨ ਸਾੜੇ ਗਏ ਜਾਂ ਭੰਨੇ ਗਏ ਜੋ ਜਾਂ ਤਾਂ ਸਿੱਖਾਂ ਦੇ ਸਨ ਅਤੇ ਜਾਂ ਸਿੱਖ ਉਨ੍ਹਾਂ ਵਿਚ ਸਫ਼ਰ ਕਰ ਰਹੇ ਸਨ।

ਏ.ਆਈ.ਆਈ.ਐਮ.ਐਸ. ਤੋਂ ਸਫਦਰਜੰਗ ਦੇ 2 ਕਿਲੋਮੀਟਰ ਲੰਮੇ ਰਾਹ ’ਤੇ ਲਗਭਗ 15 ਗੱਡੀਆਂ ਬਰਬਾਦੀ ਦੀਆਂ ਸ਼ਿਕਾਰ ਹੋਈਆਂ ਖੜੀਆਂ ਸਨ ਜਿਨ੍ਹਾਂ ਵਿਚ 2 ਪ੍ਰਾਈਵੇਟ ਬਸਾਂ ਤੋਂ ਇਲਾਵਾ ਥ੍ਰੀਵੀਲਰ, ਮੋਟਰ ਸਾਈਕਲ ਅਤੇ ਸਕੂਟਰ ਵੀ ਸਨ। ਹਨੇਰੇ ਵਿਚ ਡੁੱਬੇ ਇਸ ਰਾਹ ’ਤੇ ਇਨ੍ਹਾਂ ਸੜਦੀਆਂ ਗੱਡੀਆਂ ਦੀ ਅੱਗ ਨੇ ਚਾਨਣਾ ਕੀਤਾ ਹੋਇਆ ਸੀ। ਇਸ ਸਾਰੇ ਹੰਗਾਮੇ ਦੌਰਾਨ ਇਕ ਵੀ ਪੁਲਿਸ ਕਰਮਚਾਰੀ ਅਪਣੀ ਡਿਊਟੀ ’ਤੇ ਤੈਨਾਤ ਨਹੀਂ ਸੀ। ਇੰਸਟੀਚਿਊਟ ਦੇ ਬਾਹਰ ਤੈਨਾਤ ਇਕ ਸੀਨੀਅਰ ਪੁਲਿਸ ਅਧਿਕਾਰੀ ਤੋਂ ਜਦੋਂ ਸਾਰੇ ਰਾਹ ਤੇ ਪੁਲਿਸ ਬੰਦੋਬਸਤ ਦੀ ਘਾਟ ਬਾਰੇ ਪੁਛਿਆ ਗਿਆ ਤਾਂ ਉਹ ਇਕਦਮ ਭੜਕ ਕੇ ਬੋਲਿਆ, “ਤੁਸੀ ਸਾਥੋਂ ਕਿਥੇ ਹਾਜ਼ਰ ਹੋਣ ਦੀ ਉਮੀਦ ਕਰਦੇ ਹੋ?”

ਦੋ ਘੰਟੇ ਬਾਅਦ ਲਗਭਗ ਅੱਠ ਵਜੇ ਤਕ ਇਹ ਪਾਗਲ ਭੀੜ ਦਿੱਲੀ ਦੇ ਪੋਸ਼ ਇਲਾਕਿਆਂ, ਦਖਣੀ ਦਿੱਲੀ ਦੀਆਂ ਕਾਲੋਨੀਆਂ ਵਸੰਤ ਵਿਹਾਰ, ਹੌਜ਼ ਖ਼ਾਸ, ਪੰਚਸ਼ੀਲ ਐਨਕਲੇਵ, ਗ੍ਰੀਨ ਪਾਰਕ, ਡਿਫ਼ੈਂਸ ਕਾਲੋਨੀ, ਸਾਊਥ ਐਕਸਟੈਨਸ਼ਨ ਸਫ਼ਦਰਜੰਗ ਐਨਕਲੇਵ ’ਚ ਦਾਖ਼ਲ ਹੋ ਚੁੱਕੀ ਸੀ। ਆਪਸੀ ਸਹਿਮਤੀ ਨਾਲ ਹਜੂਮ ਨੇ ਕਾਲੋਨੀਆਂ ਆਪਸ ਵਿਚ ਵੰਡ ਲਈਆਂ ਅਤੇ 200 ਤੋਂ 300 ਤਕ ਦੇ ਗਰੁੱਪਾਂ ’ਚ ਇਹ ਲੁਟੇਰੇ ਤੇ ਕਾਤਲ ਇਕਦਮ ਕਾਲੋਨੀਆਂ ’ਤੇ ਹਮਲਾ ਕਰਨ ਲਈ ਵਧੇ। ਉਨ੍ਹਾਂ ਦਾ ਨਿਸ਼ਾਨਾ ਸੀ ਸਿੱਖਾਂ ਦੇ ਘਰ। ਉਹ ਘਰਾਂ ਨੂੰ ਲੁਟਦੇ ਤੇ ਫਿਰ ਸਾੜ ਦਿੰਦੇ।

ਦੱਖਣੀ ਦਿੱਲੀ ਤੋਂ ਸ਼ੁਰੂ ਹੋਈ ਹਿੰਸਾ ਦੀ ਇਸ ਲਹਿਰ ਦੇ ਰਾਜਧਾਨੀ ਦੇ ਹਰ ਕੋਨੇ ਅਤੇ ਨੁੱਕੜ ਨੂੰ ਅਪਣੀ ਚਪੇਟ ’ਚ ਲੈ ਲਿਆ ਅਤੇ ਫਿਰ ਮੌਤ ਦੇ ਇਸ ਭਿਆਨਕ ਤਾਂਡਵ ਨੂੰ ਰੋਕਣ ਦੀ ਕੋਈ ਕੋਸ਼ਿਸ਼ ਕਿਧਰੇ ਨਜ਼ਰ ਨਾ ਆਈ। ਰਾਤ ਦੇ ਦਸ ਵਜੇ ਤੱਕ ਹਿੰਸਾ ਦੀ ਇਹ ਲਹਿਰ ਬਹੁਤ ਵੱਧ ਚੁੱਕੀ ਸੀ ਅਤੇ ਇਕ ਕਾਲੇ ਘਣੇ ਧੂੰਏਂ ਦੇ ਬੱਦਲ ਨੇ ਸ਼ਹਿਰ ’ਤੇ ਘੇਰਾ ਪਾ ਲਿਆ। ਡਰ ਅਤੇ ਸਹਿਮ ਦੀ ਇਕ ਅਜੀਬ ਜਿਹੀ ਘੁਟਨ ਸਾਰੇ ਸ਼ਹਿਰ ਦੀਆਂ ਗਲੀਆਂ ’ਚ ਫੈਲ ਗਈ ਅਤੇ ਉਸੇ ਰਾਤ 11:30 ਵਜੇ ਤਕ ਦਿੱਲੀ ਦੀਆਂ ਗਲੀਆਂ ਅਤੇ ਸੜਕਾਂ ਸੁਨਸਾਨ ਸਨ ਤੇ ਉਥੇ ਸਨ ਕੇਵਲ ਸੜ ਰਹੀਆਂ ਕਾਰਾਂ, ਟਰੱਕ, ਸਕੂਟਰ ਅਤੇ ਸਾਈਕਲਾਂ।

ਜੋ ਘਟਨਾ ਇਕ ਗੁੱਸੇ ਦੀ ਉਤੇਜਨਾ ਤੋਂ ਸ਼ੁਰੂ ਹੋਈ, ਉਹ ਜਲਦੀ ਹੀ ਇਕ ਅਲੱਗ ਤਰ੍ਹਾਂ ਦਾ ਰੂਪ ਅਖ਼ਤਿਆਰ ਕਰ ਗਈ। ਆਉਣ ਵਾਲੇ ਦਿਨਾਂ ਦੀ ਹਿੰਸਾ ਅਤੇ ਲੁੱਟਮਾਰ ਇਕ ਸੁਨਿਯੋਜਤ ਅਤੇ ਸੰਗਠਤ ਕਾਰਵਾਈ ਸਪੱਸ਼ਟ ਤੌਰ ’ਤੇ ਨਜ਼ਰ ਆ ਰਹੀ ਸੀ। ਦਿੱਲੀ ਦੀਆਂ ਝੁੱਗੀ ਝੌਂਪੜੀਆਂ ਵਿਚ ਰਹਿਣ ਵਾਲੇ ਸਮਾਜ ਵਿਰੋਧੀ ਤੱਤਾਂ ਜੋ ਕਿ ਕਾਂਗਰਸ ‘ਆਈ’ ਦਾ ਵੋਟ ਬੈਂਕ ਵੀ ਹੈ, ਨੂੰ ਸਥਾਨਕ ਆਗੂਆਂ ਨੇ ਇਕੱਠਿਆਂ ਕਰ ਕੇ, ਬੇਦੋਸ਼ੇ ਅਤੇ ਲਾਚਾਰ ਸਿੱਖਾਂ ਉਤੇ ਹਮਲਾ ਕਰਨ ਲਈ ਖੁਲ੍ਹਾ ਛੱਡ ਦਿਤਾ।

ਬਲਦੀ ਵਿਚ ਤੇਲ ਪਾਉਣ ਦਾ ਕੰਮ ਪੁਲਿਸ ਦੀ ਭੇਦਭਰੀ ਚੁੱਪ ਨੇ ਕੀਤਾ। ਪੁਲਿਸ ਗੁਮ-ਸੁਮ ਤਮਾਸ਼ਬੀਨ ਬਣ ਕੇ ਵਧਦੀ ਹਿੰਸਾ ਨੂੰ ਵੇਖਦੀ ਰਹੀ। ਕਈ ਥਾਵਾਂ ’ਤੇ ਤਾਂ ਪੁਲਿਸ ਨੇ ਇਸ ਕਤਲੇਆਮ ਵਿਚ ਦੋਸ਼ੀਆਂ ਦੇ ਹੱਥ ਵੀ ਵੰਡਾਏ। ਇਕ ਪੁਲਿਸ ਕਰਮਚਾਰੀ ਕਹਿੰਦਾ ਸੁਣਿਆ ਗਿਆ, “ਜੇ ਤੁਹਾਨੂੰ ਅੱਗ ਨਹੀਂ ਲਾਉਣੀ ਆਉਂਦੀ ਤਾਂ ਮੈਥੋਂ ਕਿਉਂ ਨਹੀਂ ਪੁਛਦੇ?” ਇਕ ਹੋਰ ਪੁਲਿਸ ਵਾਲਾ ਕਹਿ ਰਿਹਾ ਸੀ, “ਜੇ ਤੁਸੀ ਲੁੱਟਮਾਰ ਕਰਨੀ ਹੀ ਹੈ ਤਾਂ ਆਰਾਮ ਨਾਲ ਕਰੋ। ਜਲਦੀ ਕੀ ਹੈ?” ਅਤੇ ਜੋ ਇਸ ਜੁਰਮ ਦੇ ਭਾਗੀਦਾਰ ਨਹੀਂ ਸੀ ਬਣਨਾ ਚਾਹੁੰਦੇ, ਉਹ ਵੀ ਵੇਖ ਕੇ ਅਣਡਿੱਠ ਕਰ ਰਹੇ ਸਨ ਅਤੇ ਇਕ ਤਰ੍ਹਾਂ ਨਾਲ ਜੋ ਹੋ ਰਿਹਾ ਸੀ, ਉਸ ਨਾਲ ਸਹਿਮਤੀ ਹੀ ਪ੍ਰਗਟਾ ਰਹੇ ਸਨ।

ਅਗਲੇ ਦਿਨਾਂ ਵਿਚ ਦਿੱਲੀ ਦੀਆਂ ਵੱਖ-ਵੱਖ ਕਾਲੋਨੀਆਂ ਵਿਚ ਬਹੁਤ ਘੱਟ ਪੁਲਿਸ ਫੋਰਸ ਵਿਖਾਈ ਦਿਤੀ। 30,000 ਪੁਲਿਸ ਜੁਆਨਾਂ ਵਿਚੋਂ 6000 ਪੁਲਿਸ ਵਾਲਿਆਂ ਨੂੰ ਇਸ ਸਾਜ਼ਿਸ਼ ਅਧੀਨ ਇਸ ਕਰ ਕੇ ਜ਼ਬਰਦਸਤੀ ਛੁੱਟੀ ’ਤੇ ਭੇਜ ਦਿਤਾ ਗਿਆ ਕਿਉਂਕਿ ਉਹ ਸਿੱਖ ਸਨ ਅਤੇ ਬਹਾਨਾ ਲਾਇਆ ਗਿਆ ਕਿ ਭੀੜ ਉਨ੍ਹਾਂ ਵਿਰੁਧ ਭੜਕ ਸਕਦੀ ਹੈ। ਪੁਲਿਸ ਅਤੇ ਦੂਜੇ ਸੁਰੱਖਿਆ ਬਲਾਂ ਦੇ ਵੱਡੇ ਹਿੱਸੇ ਨੂੰ ਤੀਨਮੂਰਤੀ ਹਾਊਸ ਦੇ ਬਾਹਰ ਤੈਨਾਤ ਕੀਤਾ ਗਿਆ ਜਿਥੇ ਕਿ ਲੋਕ ਇੰਦਰਾ ਗਾਂਧੀ ਨੂੰ ਅੰਤਮ ਸ਼ਰਧਾਂਜਲੀ ਭੇਟ ਕਰ ਰਹੇ ਸਨ ਅਤੇ ਇਕ ਹਿੱਸੇ ਨੂੰ ਵੀ.ਆਈ.ਪੀ. ਅਤੇ ਆ ਰਹੇ ਵਿਦੇਸ਼ੀ ਆਗੂਆਂ ਦੀ ਰਾਖੀ ਦਾ ਜ਼ਿੰਮਾ ਸੌਂਪਿਆ ਗਿਆ। ਇੰਦਰਾ ਗਾਂਧੀ ਦੀ ਮੌਤ ਤੋਂ ਅਗਲੇ ਤਿੰਨ ਦਿਨਾਂ ਦੌਰਾਨ

## ਨਵੰਬਰ ਦਾ ਮਹੀਨਾ ਸਿੱਖ ਨਸਲਕੁਸ਼ੀ ਦੀਆਂ ਕੌੜੀਆਂ ਯਾਦਾਂ ਲੈ ਕੇ ਆਉਂਦਾ ਹੈ

39 ਸਾਲ ਬਾਅਦ ਵੀ ਨਵੰਬਰ ਦਾ ਮਹੀਨਾ ਦਰਦਨਾਕ ਯਾਦਾਂ ਲੈ ਕੇ ਹੀ ਆਉਂਦਾ ਚਲਿਆ ਆ ਰਿਹਾ ਹੈ। ਦੁਨੀਆਂ ਦੇ ਸੱਭ ਤੋਂ ਵੱਡੇ ਲੋਕਤੰਤਰ ਵਿਚ ਸਿੱਖ ਕੌਮ ਨੂੰ 39 ਸਾਲਾਂ ਬਾਅਦ ਵੀ ਇਨਸਾਫ਼ ਤੋਂ ਵਾਂਝੇ ਰਖਿਆ ਗਿਆ ਹੈ ਅਤੇ ਹੁਣ ਇਨਸਾਫ਼ ਟਾਈਟਲਰ ਵਰਗੇ ਕਿਸੇ ਇਕ ਅੱਧ ਦੋਸ਼ੀ ਨੂੰ ਸਜ਼ਾ-ਏ-ਮੌਤ ਮਿਲਣ ਨਾਲ ਵੀ ਨਹੀਂ ਮਿਲਣਾ। ਏਨੀ ਦੇਰ ਬਾਅਦ ਇਨਸਾਫ਼ ਦਾ ਮਤਲਬ ਕੇਵਲ ਇਕ ਹੀ ਰਹਿ ਗਿਆ ਹੈ ਕਿ ਭਾਰਤ ਸਰਕਾਰ ਪਾਰਲੀਮੈਂਟ ਦੇ ਸਦਨ ਵਿਚ ਖੜੇ ਹੋ ਕੇ ਸਿੱਖ ਕੌਮ ਤੋਂ ਮਾਫ਼ੀ ਮੰਗੇ ਅਤੇ ਆਖੇ ਕਿ 1984 ਦੇ ਜੂਨ ਅਤੇ ਫਿਰ ਨਵੰਬਰ ਵਿਚ, ਸਰਕਾਰ ਤੁਹਾਡੇ ਹੱਕਾਂ ਦੀ ਰਾਖੀ ਕਰਨ ਵਿਚ ਨਾਕਾਮ ਰਹੀ। ਨਾ ਸਿਰਫ਼ ਸਰਕਾਰ, ਨਾ ਸਿਰਫ਼ ਵਿਰੋਧੀ ਧਿਰ, ਨਾ ਸਿਰਫ਼ ਨਿਆਂਪਾਲਿਕਾ, ਨਾ ਸਿਰਫ਼ ਅਫ਼ਸਰਸ਼ਾਹੀ, ਨਾ ਸਿਰਫ਼ ਪੁਲਿਸ ਜਾਂ ਫ਼ੌਜ ਬਲਕਿ ਕੁੱਝ ਗਿਣੇ ਚੁਣੇ ਮੁੱਠੀ ਭਰ ਚੰਗੇ ਹਿੰਦੂਆਂ ਨੂੰ ਛੱਡ ਕੇ ਆਮ ਹਿੰਦੂ ਭਾਈ ਵੀ ਸਿੱਖਾਂ ਦੇ ਬਰਾਬਰ ਦੇ ਕਸੂਰਵਾਰ ਹਨ। ਤਿੰਨ ਦਿਨਾਂ ਵਿਚ ਦਿੱਲੀ ਤੋਂ ਲੈ ਕੇ ਪੂਰੇ ਦੇਸ਼ ਵਿਚ ਹਜ਼ਾਰਾਂ ਸਿੱਖਾਂ ਨੂੰ ਚੁਣ ਚੁਣ ਕੇ ਜਾਨਵਰਾਂ ਦੀ ਤਰ੍ਹਾਂ ਕੋਹਿਆ, ਸਾੜਿਆ ਤੇ ਮਾਰਿਆ ਗਿਆ।

ਇਹ ਵੀ ਨਹੀਂ ਕਿ ਗੋਲੀ ਮਾਰ ਕੇ ਪਲ ਵਿਚ ਖ਼ਤਮ ਕਰ ਦਿਤਾ ਬਲਕਿ ਤਿਲ ਤਿਲ ਤੜਫਾ ਕੇ ਜ਼ਿੰਦਾ ਸਾੜਿਆ, ਮਰਦਾਂ ਦੇ ਸਾਹਮਣੇ ਔਰਤਾਂ ਅਤੇ ਬੇਟੀਆਂ ਨਾਲ ਬਲਾਤਕਾਰ ਕੀਤਾ ਤਾਕਿ ਉਹ ਮੌਤ ਦੀ ਗੋਦ ਵਿਚ ਬਿਤਾਏ ਜ਼ਿੰਦਗੀ ਦੇ ਅੰਤਮ ਪਲਾਂ ਵਿਚ ਵੀ ਅਪਣੀਆਂ ਅੱਖਾਂ ਨਾਲ ਹੈਵਾਨੀਅਤ ਦਾ ਤਾਂਡਵ ਵੇਖ ਕੇ ਜਾਣ। ਹਿਟਲਰ ਨੇ ਵੀ ਯੂਹਦੀਆਂ ਦਾ ਸਫ਼ਾਇਆ ਕਰਨ ਵਿਚ ਅਜਿਹੀ ਤੇਜ਼ੀ ਨਹੀਂ ਵਿਖਾਈ ਸੀ ਪਰ ਜਰਮਨੀ ਵਿਚ ਹਿਟਲਰ ਤੋਂ ਬਾਅਦ ਸਾਰੇ ਦੇਸ਼ ਨੇ ਪਸ਼ਚਾਤਾਪ ਕੀਤਾ ਅਤੇ ਅੱਜ ਤਕ ਕਰਦੇ ਹਨ। ਉਹ ਦੇਸ਼ ਹੈ ਜਿਥੇ ਯਹੂਦੀਆਂ ਦੇ ਨਾਲ ਅਜਿਹਾ ਪੁਰਾਣਾ ਵੈਰ ਸੀ ਕਿ ਅੰਗਰੇਜ਼ੀ ਦੇ ਸੱਭ ਤੋਂ ਵੱਡੇ ਲੇਖਕ ਵਿਲੀਅਮ ਸ਼ੈਕਸਪੀਅਰ ਦੀਆਂ ਰਚਨਾਵਾਂ ਵਿਚ ਯਹੂਦੀਆਂ ਵਿਰੁਧ ਬੜੀ ਡੂੰਘੀ ਨਫ਼ਰਤ ਦੀ ਸੋਚ ਸ਼ਰੇਆਮ ਝਲਕਦੀ ਹੈ। ਸਿੱਖਾਂ ਦਾ ਇਸ ਦੇਸ਼ ਤੇ ਹਿੰਦੂ ਧਰਮ ਦੀ ਰਾਖੀ ਕਰਦਿਆਂ ਅਪਣਾ ਆਪਾ ਤਕ ਵਾਰ ਦੇਣ ਦੇ ਯੋਗਦਾਨ ਨੂੰ ਕੋਈ ਝੁਠਲਾ ਨਹੀਂ ਸਕਦਾ। ਪਰ ਫਿਰ ਵੀ 39 ਸਾਲਾਂ ਵਿਚ ਇਸ ਦੇਸ਼ ਨੇ 1984 ਦੇ ਜ਼ਖ਼ਮਾਂ ਤੇ ਮੱਲ੍ਹਮ ਲਾਉਣ ਤਕ ਦੀ ਪਹਿਲ ਨਹੀਂ ਕੀਤੀ ਸਗੋਂ ਇਸ ਮੁੱਦੇ ਤੇ ਸਿਆਸਤ ਖੇਡੀ, ਇਨਸਾਫ਼ ਨਾ ਦੇ ਕੇ ਸਿੱਖਾਂ ਦੇ ਜ਼ਖ਼ਮਾਂ ਨੂੰ ਸਗੋਂ ਹੋਰ ਕੁਰੇਦਿਆ ਅਤੇ ਸਿੱਖਾਂ ਦੀ ਪਹਿਚਾਣ ਨਾਲ ਅਤਿਵਾਦੀ ਸ਼ਬਦ ਜੋੜ ਕੇ ਸਿੱਖ ਫ਼ਲਸਫ਼ੇ ਦਾ ਹੀ ਬ੍ਰਾਹਮਣੀਕਰਨ ਕਰਨ ਨੂੰ ਅਪਣੇ ਰਾਸ਼ਟਰਵਾਦ ਦਾ ਭਾਗ ਬਣਾ ਲਿਆ।

ਸਿੱਖ ਸਿਆਸਤਦਾਨਾਂ ਨੂੰ ਸਾਮ, ਦਾਮ, ਦੰਡ ਦੇ ਹਥਿਆਰ ਵਰਤ ਕੇ ਇੰਨਾ ਕਮਜ਼ੋਰ ਕੀਤਾ ਗਿਆ ਕਿ ਅੱਜ ਦੇ ਦਿਨ ਪੰਜਾਬ ਦੀ ਆਰਥਕ ਸਥਿਤੀ ਹੀ ਖ਼ਤਰੇ ਵਿਚ ਹੈ। ਸਿੱਖਾਂ ਦਾ ਘਰ ਪੰਜਾਬ ਹੈ ਪਰ ਇਸ ਦਾ ਪਾਣੀ, ਇਸ ਦੇ ਉਦਯੋਗ ਤੇ ਇਸ ਦੀ ਜਵਾਨੀ ਨੂੰ ਸਿੱਧੇ ਅਸਿੱਧੇ ਤਰੀਕੇ ਨਾਲ ਕਮਜ਼ੋਰ ਕਰਨ ਦੇ ਯਤਨ ਜਾਰੀ ਰੱਖੇ ਗਏ। ਅੱਜ ਹਾਲਤ ਇਹ ਬਣ ਗਈ ਹੈ ਕਿ ਸਿੱਖ ਆਪਸ ਵਿਚ ਹੀ ਵੰਡੇ ਗਏ ਹਨ। ਜਿਹੜੇ ਭਾਰਤ ਵਿਚ ਬੈਠੇ ਹਨ, ਉਹ ਇਨਸਾਫ਼ ਤੋਂ ਵਾਂਝੇ ਇਸ ਦੇਸ਼ ਵਿਚ ਅਪਣੀ ਹੋਂਦ ਦੀ ਜਦੋਜਹਿਦ ਵਿਚ ਹੁਣ ਇਨਸਾਫ਼ ਦੀ ਆਸ ਰਖਣਾ ਹੀ ਭੁੱਲ ਗਏ ਹਨ। ਪਰ ਜਿਵੇਂ ਇੰਗਲੈਂਡ ਦੀ ਸਰਕਾਰ ਨੇ ਸਿੱਖ ਨਸਲਕੁਸ਼ੀ ਤੇ ਅਫ਼ਸੋਸ ਕੀਤਾ ਤੇ ਥੋੜਾ ਸਕੂਨ ਦਿਤਾ, ਜੇ ਕਦੇ ਭਾਰਤ ਸਰਕਾਰ ਤੇ ਭਾਰਤੀ ਸਿਸਟਮ ਤੇ ਭਾਰਤ ਦੇ ਹਿੰਦੂ 1984 ਵਿਚ ਸਿੱਖ ਨਸਲਕੁਸ਼ੀ ਵਾਸਤੇ ਮਾਫ਼ੀ ਮੰਗਣ ਲਈ ਤਿਆਰ ਹੋਏ ਤਾਂ ਹਿੰਦੂ ਬੇਟੀਆਂ, ਭਾਰਤੀ ਸਰਹੱਦਾਂ ਬਚਾਉਣ ਲਈ ਅਪਣੀਆਂ ਜਾਨਾਂ ਵਾਰਨ ਵਾਲਿਆਂ ਤੇ ਭਾਰਤ ਦਾ ਗੌਰਵ ਬਣਾਈ ਰੱਖਣ ਵਾਲਿਆਂ ਪ੍ਰਤੀ ਅਹਿਸਾਨਮੰਦੀ ਜਤਾਉਣ ਦਾ, ਉਨ੍ਹਾਂ ਦਾ ਇਹ ਪਹਿਲਾ ਵੱਡਾ ਕਦਮ ਹੋਵੇਗਾ।

ਜਦ ਉਹ ਅਪਣੀ ਪਹਿਲੀ ਅਹਿਸਾਨ ਫ਼ਰਾਮੋਸ਼ੀ ਦੀ ਮਾਫ਼ੀ ਮੰਗਣਗੇ, ਉਸ ਬਾਅਦ ਉਨ੍ਹਾਂ ਦੀਆਂ ਨੀਤੀਆਂ ਵਿਚ ਪੰਜਾਬ ਪ੍ਰਤੀ ਪਛਤਾਵਾ ਤੇ ਅਪਣਾਪਣ ਆ ਸਕਦਾ ਹੈ। ਅੱਜ ਤਕ ਉਹ ਸਿੱਖਾਂ ਨੂੰ ਅਤਿਵਾਦੀ ਜਾਂ ਪਾਕਿਸਤਾਨ ਨਾਲ ਮਿਲੇ ਹੋਏ ਕਹਿ ਕੇ ਅਪਣੀਆਂ ਨੀਤੀਆਂ ਨੂੰ ਸਹੀ ਦਸਦੇ ਆ ਰਹੇ ਹਨ। ਪਰ ਕੀ ਇਸ ਦੇਸ਼ ਵਿਚ ਅਪਣੀ ਗ਼ਲਤੀ ਮੰਨਣ ਦੀ ਹਿੰਮਤ ਹੈ ਵੀ?

ਰਾਜਧਾਨੀ ਵਿਚ ਅਮਨ ਅਤੇ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਸੀ ਦਿਸ ਰਹੀ। ਦਿੱਲੀ ਵਿਚ ਇਹ ਭਿਆਨਕ ਦੁਖਾਂਤ ਦੇਸ਼ ਦੀ ਵੰਡ ਤੋਂ ਬਾਅਦ ਪਹਿਲੀ ਵਾਰ ਵਾਪਰਿਆ ਸੀ।

**1 ਨਵੰਬਰ** : ਰਾਤ ਦੀ ਘਟਨਾ ਨੇ ਹੁਣ ਹੋਰ ਵੀ ਭਿਆਨਕ ਰੂਪ ਧਾਰ ਲਿਆ ਸੀ। ਪੁਲਿਸ ਵਲੋਂ ਕੋਈ ਕਾਰਵਾਈ ਨਾ ਹੁੰਦੀ ਵੇਖ, ਗੁੰਡੇ ਬਦਮਾਸ਼ਾਂ ਦੇ ਹਜੂਮ ਦੀ ਚੜ੍ਹ ਮਚ ਗਈ। ਇਨ੍ਹਾਂ ਹਜੂਮਾਂ ਦੇ ਗੁਟਾਂ ਦੀ ਇਕ ਖ਼ਾਸ ਗੱਲ ਇਹ ਸੀ ਕਿ ਇਹ ਦਿੱਲੀ ਦੇ ਮੱਧ ਵਰਤੀ ਅਤੇ ਉੱਚ ਵਰਗੀ ਸ਼੍ਰੇਣੀ ਦੀਆਂ ਕਾਲੋਨੀਆਂ ਦੇ ਨੇੜਲੇ ਪਿੰਡਾਂ ਵਿਚ ਰਹਿਣ ਵਾਲੇ ਲੋਕ ਸਨ। ਇਨ੍ਹਾਂ ਲੋਕਾਂ ਨੂੰ ਲੁੱਟਮਾਰ ਕਰਨ ਦਾ ਅਜਿਹਾ ਮੌਕਾ ਫਿਰ ਨਹੀਂ ਸੀ ਮਿਲ ਸਕਦਾ। ਇਨ੍ਹਾਂ ਲੋਕਾਂ ਨੇ ਟੀਵੀ, ਫ਼ਰਿੱਜ ਅਤੇ ਹੋਰ ਕੀਮਤੀ ਸਮਾਨ ਨੂੰ ਸੰਭਾਲਣ ਦਾ ਇਕ ਨਾਯਾਬ ਮੌਕਾ ਸਮਝਿਆ। ਪਰ ਉਨ੍ਹਾਂ ਵਲੋਂ ਇਹ ਲੁੱਟਮਾਰ ਵੀ ਇਕ ਯੋਜਨਾਬੱਧ ਤਰੀਕੇ ਨਾਲ ਹੋ ਰਹੀ ਸੀ। ਇਨ੍ਹਾਂ ਮਨੁੱਖਤਾ ਦੇ ਕਾਤਲਾਂ ਨੂੰ ਸਪੱਸ਼ਟ ਹਦਾਇਤ ਸੀ ਕਿ ਹਮਲਾ ਕੇਵਲ ਸਿੱਖਾਂ 'ਤੇ ਕਰਨਾ ਹੈ, ਦੁਕਾਨਾਂ ਕੇਵਲ ਸਿੱਖਾਂ ਦੀਆਂ ਲੁਟਣੀਆਂ ਹਨ ਅਤੇ ਘਰ ਕੇਵਲ ਸਿੱਖਾਂ ਦੇ ਸਾੜਨੇ ਹਨ।

1 ਨਵੰਬਰ ਦੀ ਸਵੇਰ ਰਾਜਧਾਨੀ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿਚ ਇਕੋ ਸਮੇਂ ਹਿੰਸਾ ਸ਼ੁਰੂ ਹੋਈ। ਸਫ਼ਦਜੰਗ ਐਨਕਲੇਵ ਵਿਚ, ਬਲਜੀਤ ਗੈਸਟ ਹਾਊਸ ਦੀ ਚਾਰ ਮੰਜ਼ਿਲਾ ਇਮਾਰਤ, ਜਿਸ ਦਾ ਮਾਲਕ ਇਕ 67 ਸਾਲਾ ਸਿੱਖ ਸੀ, ਹਜੂਮ ਦੇ ਗੁੱਸੇ ਦਾ ਸ਼ਿਕਾਰ ਬਣਿਆ। ਗੈਸਟ ਹਾਊਸ ਦੀ ਬਰਬਾਦੀ ਨਾਲ ਵੀ ਸੰਤੁਸ਼ਟ ਨਾ ਹੋਣ 'ਤੇ ਪਾਗਲ ਹੋਈ ਭੀੜ ਨੇ ਅਗਲਾ ਨਿਸ਼ਾਨਾ ਨਾਲ ਦੇ ਘਰ ਨੂੰ ਬਣਾ ਲਿਆ। ਮਕਾਨ ਮਾਲਕਾਂ ਨੇ ਹਜੂਮ ਦੀ ਗਿਣਤੀ ਤੋਂ ਅਣਜਾਣ ਰਹਿੰਦੇ ਹੋਏ ਹਵਾ ਵਿਚ ਕੁੱਝ ਫਾਇਰ ਕੀਤੇ ਤਾਕਿ ਭੀੜ ਡਰ ਕੇ ਖਿੰਡ ਜਾਵੇ ਪਰ ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਪਤਾ ਲਗਦਾ ਕਿ ਕੀ ਹੋ ਰਿਹਾ ਹੈ, ਘਰ ਨੂੰ ਅੱਗ ਲੱਗ ਚੁੱਕੀ ਸੀ ਅਤੇ ਅੰਦਰ ਫਸੇ ਲੋਕਾਂ ਦੇ ਨਿਕਲਣ ਲਈ ਕੋਈ ਰਾਹ ਨਹੀਂ ਸੀ। ਉਨ੍ਹਾਂ ਨੇ ਭੀੜ ਦਾ ਸਾਹਮਣਾ ਕਰਨ ਦੀ ਕੀਮਤ ਅਪਣੀਆਂ ਜਾਨਾਂ ਦੇ ਕੇ ਚੁਕਾਈ। ਉਹ ਸਾਰੇ ਜਿਨ੍ਹਾਂ ਨੇ ਲੁਟਪਾਟ ਕੀਤੀ ਜਾਂ ਅੱਗਾਂ ਲਾਈਆਂ, ਸਫ਼ਦਜੰਗ ਐਨਕਲੇਵ ਦੇ ਲਾਗਲੇ ਪਿੰਡ ਮੁਹੰਮਦਪੁਰ ਦੇ ਵਸਨੀਕ ਸਨ।

ਮੁਨਿਰਕਾ ਵਿਚ ਸਿੱਖਾਂ ਦੀਆਂ ਦੁਕਾਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਅਤੇ ਫਿਰ ਯੋਜਨਾਬੱਧ ਢੰਗ ਨਾਲ ਹਜੂਮ ਇਕ ਤੋਂ ਬਾਅਦ ਦੂਜੀ ਦੁਕਾਨ ਵਲ ਵਧਦਾ ਰਿਹਾ ਤੇ ਪਿੱਛੇ ਛਡਦਾ ਜਾਂਦਾ ਸੀ ਕੇਵਲ ਤਬਾਹੀ। ਗੁਰਦਵਾਰੇ ਨੂੰ ਅੱਗ ਲਾ ਦਿਤੀ ਗਈ, ਪੰਜਾਬ ਵੂਲਨ ਹਾਊਸ ਜੋ ਕਿ ਇਕ ਸਿੱਖ ਪ੍ਰਵਾਰ ਦਾ ਸੀ, ਸਾੜ ਕੇ ਤਬਾਹ ਕਰ ਦਿਤਾ ਗਿਆ ਅਤੇ ਇਸ ਵਾਰ ਕਾਲੋਨੀ ਨੇੜੇ ਸੀ ਮੁਨਿਰਕਾ ਪਿੰਡ ਜਿਸ ਵਿਚ ਜ਼ਿਆਦਾ ਵਸੋਂ ਜਾਟਾਂ ਦੀ ਸੀ। ਵਸੰਤ ਵਿਹਾਰ 'ਚ ਪੈਟਰੋਲ ਪੰਪ ਸਾੜ ਕੇ ਸੁਆਹ ਕਰ ਦਿਤਾ ਗਿਆ। ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲ ਅੱਗ ਦੀਆਂ ਲਪਟਾਂ 'ਚ ਅਤੇ ਕਾਲੋਨੀ ਵਿਚ ਰਹਿੰਦੇ ਸਿੱਖਾਂ ਨਾਲ ਵੀ ਬਾਕੀ ਥਾਵਾਂ 'ਤੇ ਕੀਤਾ ਜਾ ਰਿਹਾ ਸਲੂਕ ਦੁਹਰਾਇਆ ਗਿਆ ਅਤੇ ਇਥੇ ਵੀ ਵਸੰਤ ਵਿਹਾਰ ਦੇ ਨੇੜੇ ਹੀ ਵਸੰਤ ਗਾਉਂ ਸੀ।

ਦੁਕਾਨ ਤੋਂ ਬਾਅਦ ਦੁਕਾਨ, ਘਰ ਤੋਂ ਬਾਅਦ ਘਰ, ਕਾਲੋਨੀ ਤੋਂ ਬਾਅਦ ਕਾਲੋਨੀ ਅਤੇ ਇਹ ਕਾਰਾ ਕਰਦੇ ਰਹੇ ਕਾਤਲ ਤੇ ਬਦਮਾਸ਼ ਸਾਰੇ ਪਾਸੇ ਅਤੇ ਪੁਲਿਸ ਅਜੇ ਵੀ ਮੂਕ ਦਰਸ਼ਕ ਬਣੀ ਇਸ ਕਤਲੇਆਮ ਨੂੰ ਵੇਖਦੀ ਰਹੀ।

ਦੁਪਹਿਰ 12 ਕੁ ਵਜੇ 4000 ਦੀ ਗਿਣਤੀ ਵਿਚ ਇਕ ਹਜੂਮ ਗੁਰਦਵਾਰਾ ਬੰਗਲਾ ਸਾਹਿਬ ਦੇ ਬਾਹਰ ਇਕੱਠਾ ਹੋ ਗਿਆ ਜੋ ਨਾਹਰੇ ਲਾ ਰਿਹਾ ਸੀ, "ਖ਼ਾਲਿਸਤਾਨ ਨਹੀਂ ਬਣੇਗਾ-ਖ਼ੂਨ ਦਾ ਬਦਲਾ ਖ਼ੂਨ।" ਪਰ ਜਦੋਂ ਗੁਰਦਵਾਰਾ ਸਾਹਿਬ ਵਿਚ ਠਹਿਰੇ ਸਿੱਖਾਂ ਨੇ ਕ੍ਰਿਪਾਨਾਂ, ਡਾਂਗਾਂ ਅਤੇ ਬਰਛਿਆਂ ਨਾਲ ਭੀੜ ਦਾ ਸਾਹਮਣਾ ਕਰਨ ਦੀ ਹਿੰਮਤ ਵਿਖਾਈ ਤਾਂ ਇਸ ਗੁੰਡਿਆਂ ਦੀ ਭੀੜ ਨੇ ਉਥੋਂ ਖਿਸਕਣ ਵਿਚ ਹੀ ਭਲਾਈ ਸਮਝੀ। ਇਹੀ ਭੀੜ ਫਿਰ ਲੋਕ ਸਭਾ ਦੇ ਨੇੜੇ ਗੁਰਦਵਾਰਾ ਰਕਾਬ ਗੰਜ ਵਲ ਵਧਣ ਲੱਗੀ ਅਤੇ ਫਿਰ ਇਕ ਦਮ ਧਾਵਾ ਬੋਲ ਦਿਤਾ। ਪਹਿਲਾਂ ਗੁਰਦਵਾਰਾ ਸਾਹਿਬ ਦੇ ਪਿੱਛੇ ਖੜੇ ਕੁੱਝ ਵਾਹਨਾਂ ਨੂੰ ਲੱਗ ਲਗਾਈ ਗਈ ਅਤੇ ਫਿਰ ਭੀੜ ਨੇ ਗੁਰਦਵਾਰਾ ਸਾਹਿਬ ਅਤੇ ਅੰਦਰ ਸ਼ਰਨ ਲਈ ਬੈਠਿਆਂ ਉਤੇ ਪੱਥਰ ਮਾਰਨੇ ਸ਼ੁਰੂ ਕਰ ਦਿਤੇ। ਕੁੱਝ ਗੋਲੀਬਾਰੀ ਵੀ ਦੋਹਾਂ ਪਾਸਿਆਂ ਤੋਂ ਹੋਈ ਪਰ ਇੱਟਾਂ ਪੱਥਰਾਂ ਦਾ ਮੀਂਹ ਵਰ੍ਹਦਾ ਰਿਹਾ ਤਾਂ ਦੋ ਸਿੱਖਾਂ ਨੇ ਉਥੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ। ਭੀੜ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ ਤੇ ਬੁਰੀ ਤਰ੍ਹਾਂ ਮਾਰਕੁਟ ਕੀਤੀ ਅਤੇ ਫਿਰ ਜਦੋਂ ਉਹ ਅਧਮੋਏ ਹੋ ਗਏ ਤਾਂ ਬਦਮਾਸ਼ਾਂ ਵਿਚੋਂ ਇਕ ਨੇ ਉਨ੍ਹਾਂ 'ਤੇ ਮਿੱਟੀ ਦੇ ਤੇਲ ਦਾ ਇਕ ਜਰੀਕੇਨ ਉਲਟਾ ਦਿਤਾ ਅਤੇ ਫਿਰ ਅੱਗ ਲਗਾ ਦਿਤੀ। ਉਨ੍ਹਾਂ ਦੋਵਾਂ 'ਚੋਂ ਇਕ ਤਾਂ ਮੌਕੇ 'ਤੇ ਹੀ ਦਮ ਤੋੜ ਗਿਆ ਜਦਕਿ ਦੂਜੇ ਨੇ ਗੁਰਦਵਾਰਾ ਸਾਹਿਬ ਵਲ ਖਿਸਕਣਾ ਸ਼ੁਰੂ ਕੀਤਾ ਪਰ ਉਹ ਵਾਪਸ ਪਹੁੰਚਣ ਤੋਂ ਪਹਿਲਾਂ ਹੀ ਸਰੀਰ ਛੱਡ ਗਿਆ।

ਉਸੇ ਹੀ ਦਿਨ, ਚੇਤਕ ਐਕਸਪ੍ਰੈਸ ਜੋ ਉਦੈਪੁਰ ਤੋਂ ਦਿੱਲੀ ਜਾ ਰਹੀ ਸੀ, ਵਿਚੋਂ ਦਿੱਲੀ ਕੈਂਟ ਦੇ ਰੇਲਵੇ ਸਟੇਸ਼ਨ ਨੇੜੇ ਹੀ ਦੋ ਸਿੱਖ ਨੌਜੁਆਨਾਂ ਨੂੰ ਫੜ ਕੇ ਲਾਹ ਲਿਆ ਗਿਆ ਅਤੇ ਰੇਲਵੇ ਲਾਈਨ ਨੇੜੇ ਹੀ ਜ਼ਿੰਦਾ ਸਾੜ ਦਿਤਾ ਗਿਆ। ਮਾਇਆਪੁਰੀ ਪਛਮੀ ਦਿੱਲੀ 'ਚ ਇਕ ਸਿੱਖ ਪਿਤਾ ਅਤੇ ਉਸ ਦੇ ਦੋ ਲੜਕਿਆਂ ਨੂੰ ਵੀ ਅਜਿਹੀ ਦਰਦਨਾਕ ਮੌਤ ਮਿਲੀ। ਪਾਲਮ ਰੋਡ ਅਤੇ ਜਨਕਪੁਰੀ ਨੇੜੇ ਦੋ ਸਿੱਖ ਭਰਾਵਾਂ ਨੂੰ ਉਨ੍ਹਾਂ ਦੇ ਘਰ ਦੇ ਬਾਹਰ ਜ਼ਿੰਦਾ ਹੀ ਅੱਗ ਲਾ ਦਿਤੀ ਗਈ। ਜਦੋਂ ਉਨ੍ਹਾਂ ਦੇ ਸਰੀਰ ਅਜੇ ਸੜ ਹੀ ਰਹੇ ਸਨ ਤਾਂ ਗੁਆਂਢੀਆਂ ਨੇ ਕੁੱਝ ਲੱਕੜਾਂ ਅਤੇ ਗੋਹਾ ਇਕੱਠਾ ਕਰ ਕੇ ਉਨ੍ਹਾਂ ਉਤੇ ਪਾ ਦਿਤਾ ਤਾਕਿ ਉਨ੍ਹਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਹੋ ਸਕੇ। ਪਛਮੀ ਦਿੱਲੀ ਦੀ ਜਨਕਪੁਰੀ ਦੇ ਡੀ ਬਲਾਕ ਵਿਚ ਇਕ ਪ੍ਰਾਇਮਰੀ ਸਕੂਲ ਅਧਿਆਪਕ ਨੂੰ ਉਸੇ ਭੀੜ ਨੇ ਘੇਰ ਲਿਆ। ਉਸ ਨੇ ਅਪਣੀ ਕ੍ਰਿਪਾਨ ਨਾਲ ਭੀੜ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਵਿਅਰਥ। ਪਾਗ਼ਲਪਨ ਵਿਚ ਅੰਨ੍ਹੇ ਹੋਏ ਹਜੂਮ ਨੇ ਪਹਿਲਾਂ ਉਸ ਨੂੰ ਕੁਟਿਆ ਤੇ ਮੁੜ ਜ਼ਿੰਦਾ ਹੀ ਸਾੜ ਦਿਤਾ। ਉਸੇ ਬਲਾਕ ਵਿਚ ਇਕ ਸਾਬਕਾ ਫ਼ੌਜੀ ਮੇਜਰ ਦੇ ਜੁਆਈ ਨੂੰ ਖ਼ੂਨ ਦੀ ਪਿਆਸੀ ਭੀੜ ਨੇ ਕੋਹ-ਕੋਹ ਕੇ ਮਾਰ ਸੁਟਿਆ। ਇਸ ਤਰ੍ਹਾਂ ਮੌਤ ਦਾ ਇਹ ਤਾਂਡਵ, ਬਰਬਾਦੀ ਦਾ ਤੂਫ਼ਾਨ, ਆਤੰਕ ਦਾ ਸਾਇਆ ਚਾਰ ਦਿਨ ਤਕ ਸਿੱਖ ਕਹਾਉਣ ਵਾਲਿਆਂ 'ਤੇ ਮੰਡਰਾਉਂਦਾ ਰਿਹਾ ਜਦ ਤਕ ਕਿ 3 ਨਵੰਬਰ ਨੂੰ ਫ਼ੌਜ ਹਰਕਤ ਵਿਚ ਨਾ ਆਈ। ਫ਼ੌਜ ਨੇ ਬਚੇ ਹੋਏ ਸਿੱਖਾਂ ਨੂੰ ਕੈਂਪਾਂ ਵਿਚ ਪਹੁੰਚਾਉਣਾ ਸ਼ੁਰੂ ਕਰ ਦਿਤਾ ਤਾਕਿ ਇਹ ਬੇਘਰ ਹੋਏ ਬਦਨਸੀਬ ਸਿਰ ਛੁਪਾ ਸਕਣ।

ਮਲਕਾਗੰਜ ਵਿਚ 1 ਨਵੰਬਰ ਦੀ ਸ਼ਾਮ ਨੂੰ 11 ਸਿੱਖਾਂ ਨੂੰ ਜ਼ਿੰਦਾ ਸਾੜ ਦਿਤਾ ਗਿਆ। ਰਾਜਵੰਤ ਕੌਰ ਜੋ ਕਬੀਰ ਬਸਤੀ, ਮਲਕਾਗੰਜ ਦੇ ਮਕਾਨ ਨੰ: 574 ਵਿਚ ਰਹਿੰਦੀ ਸੀ, ਨੇ ਅਪਣੀ ਵਿਥਿਆ ਦਸੀ। ਉਸ ਦੇ ਸ਼ਬਦਾਂ ਵਿਚ ਹੀ, "ਦੁਪਹਿਰ ਦੇ ਦੋ ਵਜੇ ਸਨ ਅਤੇ ਅਸੀ ਸਾਰੇ ਘਰ ਅੰਦਰ ਹੀ ਛੁਪੇ ਬੈਠੇ ਸੀ ਅਤੇ ਦਰਵਾਜ਼ੇ ਅੰਦਰੋਂ ਬੰਦ ਕੀਤੇ ਹੋਏ ਸਨ। ਅਚਾਨਕ ਕਈ ਗੁੰਡੇ ਆਏ ਅਤੇ ਉਨ੍ਹਾਂ ਨੇ ਮਕਾਨ ਉਤੇ ਪਥਰਾਅ ਕਰਨਾ ਸ਼ੁਰੂ ਕਰ ਦਿਤਾ। ਫਿਰ ਜ਼ਬਰਦਸਤੀ ਦਰਵਾਜ਼ਾ ਤੋੜ ਕੇ ਅੰਦਰ ਆ ਵੜੇ। ਇਕ ਆਦਮੀ ਨੇ ਮੇਰੇ ਪਤੀ ਨੂੰ ਫੜ ਲਿਆ ਅਤੇ ਚਾਕੂ ਉਸ ਦੀ ਗਰਦਨ 'ਤੇ ਰੱਖ ਦਿਤਾ। ਫਿਰ ਉਹ ਹੋਰਾਂ ਨਾਲ ਮਿਲ ਕੇ ਉਨ੍ਹਾਂ ਨੂੰ ਬਾਹਰ ਘਸੀਟ ਕੇ ਲੈ ਗਿਆ। ਮਾਰਿਆ, ਕੁਟਿਆ ਅਤੇ ਜਦੋਂ ਉਹ ਬੇਹੋਸ਼ ਹੋ ਗਏ ਤਾਂ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਦਿਤੀ। ਫਿਰ ਉਨ੍ਹਾਂ ਨੇ ਮੇਰੇ ਲੜਕੇ ਜਗਜੀਤ ਸਿੰਘ ਨਾਲ ਵੀ ਇਹੀ ਕੀਤਾ। ਅੰਤਲੇ ਸਮੇਂ ਤਕ ਉਹ ਜਦੋਜਹਿਦ ਕਰਦਾ ਰਿਹਾ ਪਰ ਉਨ੍ਹਾਂ ਬਦਮਾਸ਼ਾਂ ਦੇ ਦਿਲ ਵਿਚ ਦਇਆ ਵਰਗੀ ਕੋਈ ਚੀਜ਼ ਨਹੀਂ ਸੀ। ਮੇਰਾ ਭਤੀਜਾ 32 ਸਾਲਾ ਸੁਰਿੰਦਰ ਸਿੰਘ ਉਸੇ ਸਵੇਰ ਕਰਨਾਲ ਤੋਂ ਸਾਡੇ ਕੋਲ ਆਇਆ ਸੀ ਅਤੇ ਉਸ ਨੂੰ ਵੀ ਅਜਿਹੀ ਹੀ ਮੌਤ ਮਿਲੀ। ਹਾਏ, ਉਹ ਕਿਉਂ ਆਇਆ ਸੀ ?"



2 ਨਵੰਬਰ ਨੂੰ ਇੰਦਰਾ ਗਾਂਧੀ ਦੀ ਮੌਤ ਤੋਂ 48 ਘੰਟੇ ਬਾਅਦ, ਸਬਜ਼ੀ ਮੰਡੀ ਦਾ ਲਾਸ਼ ਘਰ, ਲਾਸ਼ਾਂ ਨਾਲ ਭਰਿਆ ਪਿਆ ਸੀ। ਸਬਜ਼ੀ ਮੰਡੀ ਦੇ ਹਸਪਤਾਲ ਦੇ ਪੋਸਟ ਮਾਰਟਮ ਵਾਲੇ ਵਿਭਾਗ ਦੇ ਇੰਚਾਰਜ ਡਾ. ਰਮਾਨੀ ਨੂੰ ਲਾਸ਼ਾਂ ਦਾ ਪੋਸਟ ਮਾਰਟਮ ਕਰਦੇ 1984 ਤਕ ਇਕ ਦਹਾਕੇ ਤੋਂ ਉਪਰ ਦਾ ਸਮਾਂ ਹੋ ਚੁੱਕਾ ਸੀ ਅਤੇ ਉਸ ਨੇ ਹੁਣ ਤਕ 11000 ਲਾਸ਼ਾਂ ਦਾ ਪੋਸਟ ਮਾਰਟਮ ਕੀਤਾ ਸੀ।

ਪਰ 2 ਨਵੰਬਰ ਦੀ ਉਸ ਭਿਆਨਕ ਰਾਤ ਨੇ ਤਾਂ ਜਿਵੇਂ ਨਾ ਖ਼ਤਮ ਹੋਣ ਦੀ ਸਹੁੰ ਖਾਧੀ ਹੋਈ ਸੀ। ਲਾਸ਼-ਘਰ ਦਾ ਪੂਰਾ ਕੰਪਲੈਕਸ ਲਾਸ਼ਾਂ ਨਾਲ ਭਰਿਆ ਪਿਆ ਸੀ ਜਿਸ ਵਿਚ ਅੱਧ ਸੜੀਆਂ, ਕੋਹੀਆਂ ਅਤੇ ਅਣਪਛਾਣੀਆਂ ਲਾਸ਼ਾਂ ਸਨ ਜੋ ਕਿ ਬਰਾਂਡੇ, ਗੈਰਜ ਅਤੇ ਇਮਾਰਤ ਦੇ ਬਾਹਰ ਖੁਲ੍ਹੇ ਸਥਾਨ ਵਿਚ ਖਿਲਰੀਆਂ ਪਈਆਂ ਸਨ। ਡਾ. ਰਮਾਨੀ ਜੋ ਏਨੀਆਂ ਲਾਸ਼ਾਂ ਵੇਖ ਕੇ ਚੱਕਰ ਖਾ ਰਿਹਾ ਸੀ, ਉਸ ਕੋਲ 200 ਤੋਂ ਵੱਧ ਲਾਸ਼ਾਂ ਨੂੰ ਸੰਭਾਲਣ ਦੀ ਥਾਂ ਹੀ ਨਹੀਂ ਸੀ ਜਦਕਿ ਅਜੇ ਹੋਰ ਲਾਸ਼ਾਂ ਪਹੁੰਚ ਰਹੀਆਂ ਸਨ।

"ਲਾਸ਼ਾਂ ਦਰਜਨਾਂ ਦੀ ਗਿਣਤੀ ਵਿਚ ਆ ਰਹੀਆਂ ਹਨ। ਮੈਂ ਅਪਣੀ ਜ਼ਿੰਦਗੀ ਵਿਚ ਕਦੇ ਏਨੀਆਂ ਲਾਸ਼ਾਂ ਇਕੱਠੀਆਂ ਨਹੀਂ ਸਨ ਵੇਖੀਆਂ।" ਡਾ. ਰਮਾਨੀ ਦਾ ਕਹਿਣਾ ਸੀ।

ਅਤੇ ਫਿਰ ਤਿੰਨ ਦਿਨ ਤਕ ਚਲੇ ਇਸ ਕਤਲੇਆਮ ਦੀ ਸਮਾਪਤੀ ਤ੍ਰਿਲੋਕਪੁਰੀ 'ਚ ਹੋਏ ਭਿਆਨਕ ਕਤਲ ਕਾਂਡ ਨਾਲ ਹੋਈ। ਇਸ ਪੁਨਰਵਾਸ ਕਾਲੋਨੀ 'ਚ ਮਾਰੇ ਗਏ ਵਿਅਕਤੀਆਂ ਦੀ ਗਿਣਤੀ 400 ਤੋਂ ਉਪਰ ਸੀ ਅਤੇ ਕਈ ਘੰਟੇ ਤਕ ਇਹ ਕਾਲੋਨੀ ਮੌਤ ਦਾ ਦਰਿਆ ਬਣੀ ਰਹੀ। 32 ਬਲਾਕ ਜਿਥੇ ਸਿੱਖ ਬਹੁਗਿਣਤੀ ਵਿਚ ਰਹਿੰਦੇ ਸਨ, ਹਜੂਮ ਵਲੋਂ ਘੇਰ ਕੇ ਕਤਲੋਗਾਰਤ ਕੀਤੀ ਜਾ ਰਹੀ ਸੀ। ਦੁਖ ਭਰੀਆਂ ਚੀਕਾਂ, ਮਦਦ ਲਈ ਰਹਿਮ ਦੀਆਂ ਅਪੀਲਾਂ ਦੀ ਆਵਾਜ਼ ਵਾਰ-ਵਾਰ ਗੂੰਜ ਰਹੀ ਸੀ ਪਰ ਸੁਣਨ ਵਾਲਾ ਕੋਈ ਨਹੀਂ ਸੀ।

ਤ੍ਰਿਲੋਕਪੁਰੀ ਦੇ ਕਤਲੇਆਮ ਦਾ ਇਕ ਕਾਰਨ ਇਹ ਵੀ ਸੀ ਕਿ ਦਿੱਲੀ 'ਚ ਲੁੱਟਮਾਰ ਕਰਨ ਵਾਲੇ ਦੋਸ਼ੀ ਵੱਡੀ ਗਿਣਤੀ 'ਚ ਤ੍ਰਿਲੋਕਪੁਰੀ ਦੇ ਸਨ ਅਤੇ ਜਦੋਂ ਉਹ ਅਪਣੇ ਲੁੱਟ ਦੇ ਸਮਾਨ ਨਾਲ ਵਾਪਸ ਮੁੜਦੇ ਸਨ ਤਾਂ ਉਨ੍ਹਾਂ 'ਤੇ ਸਿੱਖ ਗੁਆਂਢੀਆਂ ਦੀ ਨਜ਼ਰ ਪੈ ਜਾਂਦੀ ਸੀ। ਇਸ ਲਈ ਸਬੂਤ ਮਿਟਾਉਣ ਲਈ ਇਹ ਕਾਰਾ ਕੀਤਾ ਗਿਆ। ਦਿੱਲੀ ਵਿਚ ਕਈ ਥਾਵਾਂ 'ਤੇ ਲੋਕਾਂ ਨੇ ਇਸ ਅਵਸਰ ਦਾ ਲਾਭ ਅਪਣੀਆਂ ਪੁਰਾਣੀਆਂ ਦੁਸ਼ਮਣੀਆਂ ਕੱਢਣ ਲਈ ਉਠਾਇਆ ਅਤੇ ਇਹ ਸੱਭ ਕੁੱਝ ਹਿੰਦੂਆਂ ਵਲੋਂ 'ਦੇਵੀ ਦੀ ਮੌਤ ਦਾ ਬਦਲਾ' ਦੇ ਨਾਂ ਹੇਠ ਕੀਤਾ ਗਿਆ।

ਇਸ ਕਤਲੇਆਮ ਵਿਚ ਕਾਂਗਰਸ ਆਈ ਦੇ ਆਗੂ ਅਤੇ ਐਮ.ਪੀ. ਜਿਨ੍ਹਾਂ ਵਿਚ ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਮੁੱਖ ਹਨ, ਨੇ ਅਪਣਾ ਬਣਦਾ ਹਿੱਸਾ ਪਾਇਆ। ਅੱਜ ਇਨ੍ਹਾਂ ਵਿਚੋਂ ਕੋਈ ਮੰਤਰੀ ਹੈ ਤਾਂ ਕੋਈ ਐਮ.ਪੀ. ਤੇ ਕੋਈ ਕਿਸੇ ਹੋਰ ਉੱਚੀ ਕੁਰਸੀ 'ਤੇ ਬਿਰਾਜਮਾਨ ਹੈ। ਪਰ ਇਸ ਭਿਆਨਕ ਦਿਲ ਕੰਬਾਊ ਅਣਮਨੁੱਖੀ ਕਤਲੇਆਮ ਦੇ ਦੋਸ਼ੀਆਂ ਵਿਰੁਧ ਕਾਰਵਾਈ ਕੇਵਲ ਅੱਖਾਂ ਪੂੰਝਣ ਵਾਲੀ ਹੀ ਹੋਈ ਹੈ ਅਤੇ ਪੀੜਤਾਂ ਦੀ ਸਾਰ ਲੈਣ ਦੀ ਚਿੰਤਾ ਕਿਸੇ ਨੂੰ ਵੀ ਨਹੀਂ।

**ਰੇਨੂੰ ਮਿੱਤਲ**

**ਪੰਜਾਬੀ ਅਨੁਵਾਦ : ਕੇ.ਐਸ. ਆਰੀਅਨ**

# ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੰਮ੍ਰਿਤਸਰ ਵਿੱਚ ਪ੍ਰਭਾਤ ਫੇਰੀ ਦਾ ਆਯੋਜਨ









ਡਬਲਯੂ.ਐਸ.ਸੀ.ਸੀ ਅੰਮ੍ਰਿਤਸਰ ਚੈਪਟਰ ਵੱਲੋਂ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੰਮ੍ਰਿਤਸਰ ਵਿੱਚ ਪ੍ਰਭਾਤ ਫੇਰੀ ਦਾ ਆਯੋਜਨ ਕੀਤਾ ਗਿਆ। ਸ.ਰਜਿੰਦਰ ਸਿੰਘ ਮਰਵਾਹਾ ਪ੍ਰਧਾਨ- ਡਬਲਯੂ.ਐਸ.ਸੀ.ਸੀ ਅੰਮ੍ਰਿਤਸਰ ਚੈਪਟਰ ਨੇ ਇਸ ਸਮਾਗਮ ਦੀ ਅਗਵਾਈ ਕੀਤੀ।


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
5 ਨਵੰਬਰ 2023 ਦਿਨ ਐਤਵਾਰ
ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ
ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ
ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਸਵਰਗੀ ਸ਼ਿਵਰਾਜ ਸਿਘ ਸੰਘੇੜਾ
ਦੀ ਨਿੱਘੀ ਯਾਦ ਵਿਚ
ਜਥੇਦਾਰ ਸੱਜਣ ਸਿਘ ਸੰਘੇੜਾ
ਸ੍ਰ. ਹਰਦੁਮਨ ਸਿੰਘ ਬਿੱਲਾ ਸੰਘੇੜਾ ਤੇ
ਉਨ੍ਹਾਂ ਦੇ ਵੀਰ ਸ੍ਰ. ਜੇ.ਪੀ. ਸਿੰਘ ਲਾਲੀ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ




ਨੂੰ ਸਮੂਹ ਸੰਗਤਾਂ ਆਪਣੇ
ਪਰਿਵਾਰ ਸਮੇਤ ਪਹੁੰਚ ਕੇ
ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ
ਗੁਰੂ ਦੀਆਂ ਖੁਸ਼ੀਆਂ
ਪ੍ਰਾਪਤ ਕਰੋ ਜੀ।

ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
**Gurdwara Nanak Darbar Sahib**
126 S Cherry Street Olathe KS 66061




ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Cold Rush Trucking inc** Manteca CA

209-328-5546 | Email : coldrushinc1313@gmail.com





ਸ੍ਰ. ਪ੍ਰਮਜੀਤ ਸਿੰਘ ਸ੍ਰ. ਅਵਤਾਰ ਸਿੰਘ, ਸ੍ਰ. ਪ੍ਰੇਮ ਸਿੰਘ, ਸ੍ਰ. ਗੁਰਫਤਿਹ ਸਿੰਘ
ਬੀਬੀ ਬਲਜਿੰਦਰ ਕੌਰ ਬੀਬੀ ਰਸ਼ਪਿੰਦਰ ਕੌਰ

# ਡਿਪਰੈਸ਼ਨ ਦਾ ਸਭ ਤੋਂ ਵਧੀਆ ਤੇ ਸਸਤਾ ਇਲਾਜ ਸਾਈਕਲਿੰਗ : ਸਾਈਕਲਿਸਟ ਬਲਰਾਜ ਸਿੰਘ ਚੌਹਾਨ

## ਚੌਹਾਨ ਹਮੇਸ਼ਾ ਪਹਾੜੀ ਇਲਾਕੇ ਤੇ ਖਾਸ ਕਰ ਉਚਾਈ ਤੇ ਸਾਈਕਲਿੰਗ ਕਰਨ ਦਾ ਉਪਰਾਲਾ ਕਰਦੇ ਹਨ










ਜਦੋਂ ਕੋਈ ਵਿਅਕਤੀ ਕਿਸੇ ਮੁਸ਼ਕਲ ਦੀ ਘੜੀ ਵਿੱਚ ਕੋਈ ਫੈਸਲਾ ਲੈਂਦਾ ਹੈ ਤੇ ਉਸ ਫੈਸਲੇ ਨੂੰ ਮਿਹਨਤ ਲਗਨ ਨਾਲ ਪੂਰਾ ਕਰਨ ਲਈ ਯਤਨ ਕਰਦਾ ਹੈ ਤਾਂ ਉਹ ਮੁਸ਼ਕਲ ਦੀ ਘੜੀ ਵੀ ਉਸ ਨੂੰ ਉਸਦੀ ਸਹਾਇਕ ਵਜੋਂ ਲੱਗਣ ਲੱਗ ਪੈਂਦੀ ਹੈ ਤੇ ਫਿਰ ਉਹ ਵਿਅਕਤੀ ਨਿਰੰਤਰ ਚੱਲਦਾ ਹੋਇਆ ਆਪਣੇ ਲਏ ਫੈਸਲੇ ਮੁਤਾਬਕ ਮੰਜ਼ਿਲ ਪ੍ਰਾਪਤ ਕਰ ਲੈਂਦਾ ਹੈ ਤੇ ਅਗਾਂਹ ਤੋਂ ਵੀ ਉਹ ਇੰਨਾ ਪ੍ਰਪੱਕ ਹੋ ਜਾਂਦਾ ਹੈ ਕਿ ਉਹ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਬਿਨਾਂ ਕਿਸੇ ਦੇ ਸਹਿਯੋਗ ਹਰ ਕੰਮ ਕਰਨ ਵਿੱਚ ਸਮਰੱਥ ਹੋ ਜਾਂਦਾ ਹੈ।

ਸੋ ਅੱਜ ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ ਤੋਂ ਛਪਦੇ ਹਫਤਾਵਾਰੀ ਅਖਬਾਰ 'ਸਾਡੇ ਲੋਕ' ਦੇ ਪਾਠਕਾਂ ਦੇ ਸਨਮੁੱਖ ਉਸ ਸਖਸ਼ੀਅਤ ਦੇ ਵਾਰੇ ਸ਼ਬਦਾਂ ਦੇ ਰੂਪ ਵਿੱਚ ਪੇਸ਼ ਕਰ ਰਿਹਾ ਹਾਂ ਜਿਨ੍ਹਾਂ ਨੇ ਸਾਈਕਲਿੰਗ ਰਾਹੀਂ ਆਪਣਾ ਤੇ ਆਪਣੇ ਸ਼ਹਿਰ ਦਾ ਨਾਮ ਦੁਨੀਆ ਦੇ ਨਕਸ਼ੇ ਤੇ ਲਿਆਂਦਾ ਉਹ ਸ਼ਖ਼ਸੀਅਤ ਹਨ ਸਾਈਕਲਿਸਟ ਬਲਰਾਜ ਸਿੰਘ ਚੌਹਾਨ।

ਸਾਡੇ ਲੋਕ ਹਫਤਾਵਾਰੀ ਅਖਬਾਰ ਦੇ ਬਿਉਰੋ ਚੀਫ਼ ਦਲਜੀਤ ਅਜਨੋਹਾ ਵਲੋਂ ਬਲਰਾਜ ਸਿੰਘ ਚੌਹਾਨ ਨਾਲ ਉਨਾਂ ਦਫ਼ਤਰ ਵਿਖੇ ਉਨ੍ਹਾਂ ਦੇ ਸਾਈਕਲਿੰਗ ਦੇ ਸਫ਼ਰ, ਸੰਘਰਸ਼ ਤੇ ਪ੍ਰਾਪਤੀਆਂ ਸਬੰਧੀ ਵਿਸ਼ੇਸ਼ ਗੱਲਬਾਤ ਕੀਤੀ ਗਈ ਜੋਂ ਉਨ੍ਹਾਂ ਦੱਸਿਆ ਉਸ ਨੂੰ ਸ਼ਬਦਾਂ ਦੇ ਰੂਪ ਵਿੱਚ ਆਪਣੇ ਪਾਠਕਾਂ ਲਈ ਪੇਸ਼ ਕਰ ਰਿਹਾ ਹਾਂ।

ਬਲਰਾਜ ਸਿੰਘ ਚੌਹਾਨ ਦਾ ਜਨਮ 6.6.1964 ਨੂੰ ਪਿਤਾ ਅਮਰਜੀਤ ਸਿੰਘ ਚੌਹਾਨ ਤੇ ਮਾਤਾ ਸੁਰਿੰਦਰ ਕੌਰ ਦੇ ਘਰ ਹੁਸ਼ਿਆਰਪੁਰ ਵਿਖੇ ਹੋਇਆ ਹੁਸ਼ਿਆਰਪੁਰ ਸਕੂਲ ਤੋਂ ਮੈਟ੍ਰਿਕ ਕੀਤੀ ਤੇ ਫਿਰ ਪਿਤਾ ਜੀ ਨਾਲ ਬਿਜਨਿਸ ਵਿੱਚ ਲੱਗ ਗਏ ਤੇ ਜੌਗਿੰਗ ਜਿਮ ਜਾਣ ਦਾ ਸ਼ੌਕ ਬਚਪਨ ਤੋਂ ਹੀ ਸੀ ਤੇ ਸਮਾਂ ਲੰਘਦਾ ਗਿਆ ਤੇ 2013 ਦੇ ਅਖੀਰ ਵਿੱਚ ਇੰਨਾ ਦੇ ਸੱਜੇ ਗੋਡੇ ਵਿੱਚ ਅਚਾਨਕ ਦਰਦ ਹੋਈ ਤੇ ਤਾਂ ਬਲਰਾਜ ਸਿੰਘ ਚੌਹਾਨ ਨੇ ਆਪਣੇ ਗੋਡੇ ਦੇ ਦਰਦ ਲਈ ਮਾਹਿਰ ਤੋਂ ਮਾਹਿਰ ਡਾਕਟਰ ਵੱਡੇ ਤੋਂ ਵੱਡੇ ਹਸਪਤਾਲ ਵਿੱਚ ਇਲਾਜ ਕਰਵਾਇਆ ਪ੍ਰੰਤੂ ਕਿਸੇ ਪਾਸੇ ਤੋਂ ਕੋਈ ਆਰਾਮ ਨਹੀਂ ਆਇਆ ਤੇ ਡਾਕਟਰਾਂ ਵਲੋਂ ਦਰਦ ਨਿਵਾਰਕ ਦਵਾਈਆਂ ਦੇ ਕਿ ਹੀ ਇਲਾਜ ਕੀਤਾ ਜਾਂਦਾ ਰਿਹਾ ਇਥੋਂ ਤੱਕ ਕਿ ਡਾਕਟਰਾਂ ਨੇ ਇਨ੍ਹਾਂ ਨੂੰ ਕਿਹਾ ਦਿੱਤਾ ਕਿ ਇਹ ਦਰਦ ਦਾ ਕੋਈ ਇਲਾਜ ਨਹੀਂ ਹੈ ਸਿਰਫ ਦਰਦ ਨਿਵਾਰਕ ਗੋਲੀਆਂ ਹੀ ਹਨ।

ਇਨ੍ਹਾਂ ਹਾਲਾਤਾਂ ਵਿੱਚ ਬਲਰਾਜ ਸਿੰਘ ਚੌਹਾਨ ਡਿਪਰੈਸ਼ਨ ਵਿੱਚ ਚਲੇ ਗਏ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਡਰ ਮਹਿਸੂਸ ਹੋਣ ਲੱਗ ਪਿਆ ਕਿ ਕਦੀ ਵੀ ਉਨ੍ਹਾਂ ਨਾਲ ਕੁੱਝ ਵੀ ਵਾਪਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਉਸ ਸਮੇਂ ਬੱਚੇ ਬੇਟਾ ਬੇਟੀ ਛੋਟੇ ਸਨ ਉਨ੍ਹਾਂ ਨੂੰ ਸਾਈਕਲ ਤੇ ਬਾਜ਼ਾਰ ਵਿੱਚ ਸ਼ਹਿਰ ਤੋਂ ਬਾਹਰ ਘੁਮਾਉਣ ਲੈ ਜਾਂਦੇ ਤੇ ਕਾਫੀ ਸਮਾਂ ਗਰਾਊਂਡ ਵਿੱਚ ਬੈਠੇ ਰਹਿੰਦੇ। ਇਸੇ ਤਰ੍ਹਾਂ ਸਮਾਂ ਲੰਘਦਾ ਗਿਆ ਪੀਜੀਆਈ ਦੇ ਡਾਕਟਰ ਸਮੇਸ਼ ਹਾਰਡੀਆ ਨੇ ਉਨ੍ਹਾਂ ਨੂੰ ਸਾਈਕਲਿੰਗ ਬਾਰੇ ਕਿਹਾ ਤੇ 2014 ਵਿੱਚ ਬਲਰਾਜ ਸਿੰਘ ਚੌਹਾਨ ਨੇ ਆਪਣੇ ਘਰ ਵਾਲੇ ਆਮ ਸਾਈਕਲ ਤੇ ਸਾਈਕਲਿੰਗ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਨੂੰ ਗੋਡਿਆਂ ਦੀ ਤਕਲੀਫ ਤੋਂ ਕਾਫੀ ਰਾਹਤ ਮਿਲੀ। ਇਸੇ ਦੌਰਾਨ ਇਸ ਬੀਮਾਰੀ ਦਾ ਸਬੱਬ ਬਣਿਆ ਸਾਈਕਲਿੰਗ ਦਾ ਸ਼ੌਕ ਜਿਸ ਸ਼ੌਕ ਨੇ ਅੱਜ ਉਨ੍ਹਾਂ ਦਾ ਨਾਮ ਦੁਨੀਆ ਦੇ ਨਕਸ਼ੇ ਤੇ ਲਿਆਂਦਾ। 2016 ਵਿੱਚ ਸ਼੍ਰੀ ਚੌਹਾਨ ਨੂੰ ਪਤਾ ਲੱਗਾ ਕਿ ਇੱਕ ਐਪ ਹੈ ਜਿਸ ਤੇ ਤੁਸੀਂ ਆਪਣੀ ਸਾਈਕਲਿੰਗ ਦਾ ਪੂਰਾ ਰਿਕਾਰਡ ਰੱਖ ਸਕਦੇ ਹੋ ਤੇ ਉਨ੍ਹਾਂ ਨੇ ਆਪਣਾ ਰਿਕਾਰਡ ਨੋਟ ਕਰਨਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਦੇ ਸਫਲਤਾ ਦੀ ਪੌੜੀ ਸ਼ੁਰੂ ਹੋ ਗਈ। ਉਨ੍ਹਾਂ ਨੇ ਪਹਿਲੀ ਸਾਈਕਲਿੰਗ ਜਿਸ ਨੂੰ BREVET ਕਿਹਾ



ਜਾਂਦਾ ਹੈ ਜਿਹੜੀ ਰਾਤ ਨੂੰ ਹੁਸ਼ਿਆਰਪੁਰ ਤੋਂ ਤਲਵਾੜਾ ਤੱਕ ਦੀ ਸੀ।

ਉਨ੍ਹਾਂ ਦੱਸਿਆ ਕਿ ਸਾਈਕਲਿੰਗ ਸਾਲ 1 ਨਵੰਬਰ ਤੋਂ 31 ਅਕਤੂਬਰ ਤੱਕ ਹਰ ਸਾਲ ਹੁੰਦਾ ਹੈ ਜਿਸ ਵਿਚ SR ਚੁਣਿਆ ਜਾਂਦਾ



ਦਲਜੀਤ ਸਿੰਘ ਅਜਨੋਹਾ
98721-83601

ਹੈ ਜਿਸ ਵਿੱਚ ਫਾਸਲਾ 200/300/400/600 ਕਿਲੋਮੀਟਰ ਤੱਕ ਦਾ ਹੁੰਦਾ ਹੈ ਤੇ ਇਹ ਹੁਣ ਤੱਕ 11 ਵਾਰ SR ਬਣ ਚੁੱਕੇ ਹਨ ਤੇ ਨਗਰ ਨਿਗਮ ਹੁਸ਼ਿਆਰਪੁਰ ਵਲੋਂ ਉਨ੍ਹਾਂ ਦੀਆਂ ਸਾਈਕਲਿੰਗ ਵਿੱਚ ਪ੍ਰਾਪਤੀਆਂ ਨੂੰ ਦੇਖਦਿਆਂ ਪਿਛਲੇ 7 ਸਾਲ ਤੋਂ ਬ੍ਰਾਂਡ ਅੰਬੈਸਡਰ ਬਣਾਇਆ ਹੋਇਆ ਹੈ।

ਉਨ੍ਹਾਂ ਆਪਣੀਆਂ ਪ੍ਰਾਪਤੀਆਂ ਬਾਰੇ ਦੱਸਦਿਆਂ ਕਿਹਾ ਕਿ 1000 ਕਿਲੋਮੀਟਰ ਤੇ 1400 ਕਿਲੋਮੀਟਰ ਵਿੱਚ ULTRA Cyclist ਹਨ 1400 ਕਿਲੋਮੀਟਰ ਉਨਾਂ ਨੇ ਨੋਇਡਾ, ਜਲੰਧਰ, ਜੰਮੂ, ਦਿੱਲੀ, ਅਮ੍ਰਿਤਸਰ ਤੈਅ ਕੀਤੀ।

ਇਸੇ ਤਰ੍ਹਾਂ 727 1480 ਕਿਲੋਮੀਟਰ ਇੰਡੀਆ ਗੇਟ ਤੋਂ ਗੇਟ ਵੇਅ ਆਫ ਇੰਡੀਆ ਦਿੱਲੀ ਤੋਂ ਮੁੰਬਈ 222 1460 ਕਿਲੋਮੀਟਰ ਬ੍ਰਿਜ ਤੋਂ ਬ੍ਰਿਜ ਦਿੱਲ੍ਹੀ ਤੋਂ ਕੋਲਕਤਾ LEL 1540 ਕਿਲੋਮੀਟਰ ਲੰਡਨ ਐਡਨ ਬੁਰਗਾ ਲੰਡਨ ਇਸੇ ਤਰ੍ਹਾਂ PBP ਪੈਰਿਸ ਬਰੈਸਟ ਪੈਰਿਸ 1420 ਕਿਲੋਮੀਟਰ ਤੈਅ ਕੀਤੀ 2021 ਵਿੱਚ ਹਿਮਾਚਲ ਪ੍ਰਦੇਸ ਦੇ ਸ਼ਹਿਰ ਗਗਰੇਟ ਦੇ ਕੌਫੀ ਹਾਊਸ ਦਾ ਬ੍ਰਾਂਡ ਅੰਬੈਸਡਰ ਬਣਾਇਆ ਗਿਆ ਤੇ 2021 ਵਿੱਚ ਹੀ 1 ਲੱਖ ਕਿਲੋਮੀਟਰ ਤੈਅ ਕਰਨ ਉਪਰੰਤ ਇਨ੍ਹਾਂ ਦਾ ਨਾਮ ਇੰਡੀਆ ਬੁੱਕ ਆਫ ਰਿਕਾਰਡ ਵਿੱਚ ਦਰਜ ਹੋਇਆ।

ਸ. ਬਲਰਾਜ ਸਿੰਘ ਚੌਹਾਨ ਨੇ ਦੱਸਿਆ ਕਿ ਉਹ ਆਪਣੀ ਇਸ ਮਿਹਨਤ ਤੇ ਲੱਖਾਂ ਰੁਪਏ ਖਰਚ ਕਰਕੇ ਪੰਜਾਬ ਤੇ ਦੇਸ਼ ਦ ਨਾਮ ਰੌਸ਼ਨ ਕਰਦੇ ਹਨ ਪਰ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਵਲੋਂ ਕਦੇ ਵੀ ਕੋਈ ਉਨ੍ਹਾਂ ਕਿਸੇ ਦੀ ਸਹਾਇਤਾ ਨਹੀਂ ਦਿੱਤੀ ਜਾਂਦੀ ਜਦਕਿ ਦੂਸਰੇ ਰਾਜਾਂ ਵਿੱਚ ਇਹ ਸਹਾਇਤਾ ਦਿੱਤੀ ਜਾਂਦੀ ਹੈ ਬਲਰਾਜ ਸਿੰਘ ਚੌਹਾਨ ਸਾਈਕਲਿੰਗ ਦੇ ਨਾਲ ਨਾਲ ਸਾਈਕਲ 'ਤੇ ਸਮੇਂ ਸਮੇਂ ਤੇ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਲਈ ਜਾਗਰੂਕ ਕਰਦੇ ਰਹਿੰਦੇ ਹਨ ਤੇ ਸਰਕਾਰ ਵਲੋਂ ਕਿਸੇ ਵੀ ਜਨ ਹਿੱਤ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਵਧੀਆ ਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਦੇ ਹਨ। ਬੇਸ਼ੱਕ ਉਹ ਵਾਤਾਵਰਣ ਨੂੰ ਬਚਾਉਣ ਜਾਂ ਸੰਭਾਲਣ ਲਈ ਹੋਵੇ ਤੇ ਸ਼੍ਰੀ ਚੌਹਾਨ ਕਈ ਖ਼ੂਨਦਾਨ ਕੈਂਪਾਂ ਵਿੱਚ ਖ਼ੂਨਦਾਨ ਵੀ ਕਰ ਚੁੱਕੇ ਹਨ ਤੇ ਲੋਕਾਂ ਨੂੰ ਅਕਸਰ ਪ੍ਰੇਰਤ ਕਰਦੇ ਰਹਿੰਦੇ ਹਨ।

ਕੋਵਿਡ ਦੇ ਦੌਰਾਨ ਬਲਰਾਜ ਸਿੰਘ ਚੌਹਾਨ ਖੁਦ ਪੋਜ਼ੀਟਿਵ ਆ ਗਏ ਸਨ ਪੋਜ਼ੀਟਿਵ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਘਰ ਦੇ ਵਿੱਚ ਹੀ ਸਾਈਕਲ ਚਲਾ ਕੇ ਲੋਕਾਂ ਨੂੰ ਸੰਦੇਸ਼ ਦਿੱਤਾ ਸੀ ਕਿ ਇਸ ਤੋਂ ਘਬਰਾਉਣ ਲੋੜ ਨਹੀਂ ਮੁਕਬਲਾ ਕਰੋ।

ਬਲਰਾਜ ਸਿੰਘ ਚੌਹਾਨ ਹੋਰਾਂ ਨੂੰ ਵੱਖ ਵੱਖ ਸਮਾਜਿਕ, ਧਾਰਮਿਕ ਤੇ ਬੁੱਧੀਜੀਵੀ ਸੰਸਥਾਵਾਂ ਵਲੋਂ ਸਾਈਕਲਿੰਗ ਰਾਹੀਂ ਸਮਾਜ ਵਿੱਚ ਪਾਏ ਜਾਂਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ ਹੈ।

ਬਲਰਾਜ ਸਿੰਘ ਚੌਹਾਨ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਉਹ ਆਪਣਾ 2 ਲੱਖ ਕਿਲੋਮੀਟਰ ਤੈਅ ਕਰਨ। ਉਨ੍ਹਾਂ ਦੱਸਿਆ ਕਿ ਉਹ ਰੋਜ਼ਾਨਾ 70 ਤੋਂ 100 ਕਿਲੋਮੀਟਰ ਸਾਈਕਲ ਚਲਾਉਂਦੇ ਹਨ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਦਿਨਾਂ ਵਿੱਚ ਉਨ੍ਹਾਂ ਨੂੰ ਉੱਚੀ ਥਾਂ ਤੋਂ ਬਹੁਤ ਡਰ ਲਗਦਾ ਸੀ ਤੇ ਹੁਣ ਉਹ ਹਮੇਸ਼ਾ ਸਾਈਕਲਿੰਗ ਲਈ ਉੱਚੀ ਤੋਂ ਉੱਚੀ ਥਾਂ 'ਤੇ ਜਾਂਦੇ ਹਨ ਤੇ ਹੁਣ ਉਨ੍ਹਾਂ ਦੇ ਮਨ ਵਿਚ ਕਿਸੇ ਤਰ੍ਹਾਂ ਦਾ ਕੋਈ ਡਰ ਨਹੀਂ ਹੈ। ਇਸ ਤਰ੍ਹਾਂ ਉਨ੍ਹਾਂ ਦੀ ਗੋਡਿਆਂ ਦੀ ਬੀਮਾਰੀ ਜਿਸ ਦਾ ਕੋਈ ਕਾਰਨ ਨਹੀਂ ਪਤਾ ਲੱਗਾ ਉਹ ਉਨ੍ਹਾਂ ਦੀਆਂ ਮੰਜ਼ਲਾਂ ਪ੍ਰਾਪਤ ਕਰਨ ਵਿੱਚ ਸਹਾਈ ਹੋਈ ਤੇ ਪਿਛਲੇ ਦਿਨੀਂ ਉਨ੍ਹਾਂ ਨੂੰ ਦੋਆਬੇ ਦੇ ਪ੍ਰਮੁੱਖ ਧਾਰਮਿਕ ਸੰਸਥਾ ਸਿੱਖ ਵੈਲਫੇਅਰ ਸੁਸਾਇਟੀ ਵਲੋਂ ਸਾਈਕਲਿੰਗ ਵਿੱਚ ਪ੍ਰਾਪਤ ਕੀਤੀਆਂ ਉਪਲੱਬਧੀਆਂ ਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਅਗਰ ਕੋਈ ਵਿਅਕਤੀ ਕਿਸੇ ਵੀ ਖੇਤਰ ਵਿੱਚ ਮਿਹਨਤ ਲਗਨ ਇਮਾਨਦਾਰੀ ਨਾਲ ਕੰਮ ਕਰਦਾ ਹੈ ਤਾਂ ਉਹ ਮੁਸ਼ਕਲ ਤੋਂ ਮੁਸ਼ਕਲ ਮੰਜ਼ਿਲ ਵੀ ਪ੍ਰਾਪਤ ਕਰ ਸਕਦਾ।

# ਸ਼ਹੀਦ ਭਾਈ ਸੰਦੀਪ ਸਿੰਘ (ਦੀਪ) ਸਿੱਧੂ ਦੀ ਪਹਿਲੀ ਬਰਸੀ ਮਨਾਉਣ ਕਾਰਣ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਰਿਆਣਾ ਯੂਥ ਵਿੰਗ ਦੇ ਪ੍ਰਧਾਨ ਸ੍ਰ ਹਰਜੀਤ ਸਿੰਘ ਵਿਰਕ ਤੇ ਹਰਿਆਣਾ ਪੁਲਿਸ ਵਲੋਂ ਦਰਜ ਕੀਤੇ ਗਏ ਪੰਜ ਕੇਸਾਂ ਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਨਿਖੇਧੀ

ਸ਼ਿਕਾਗੋ, (ਮੱਖਣ ਸਿੰਘ ਕਲੇਰ) : ਸ਼ਹੀਦ ਸੰਦੀਪ ਸਿੰਘ (ਦੀਪ) ਸਿੱਧੂ ਦੀ ਪਹਿਲੀ ਬਰਸੀ ਮਨਾਉਣ ਲਈ ਹਰਿਆਣਾ ਦੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਵਿੰਗ ਦੇ ਪ੍ਰਧਾਨ ਸ੍ਰ ਹਰਜੀਤ ਸਿੰਘ ਵਿਰਕ ਨੇ ਆਪਣੇ ਸਾਥੀਆਂ ਸਮੇਤ ਜਿਸ ਥਾਂ ਦੀਪ ਸਿੱਧੂ ਨੂੰ ਏਜੰਸੀਆਂ ਨੇ ਸ਼ਾਜਿਸ਼ ਰਾਹੀਂ ਸ਼ਹੀਦ ਕੀਤਾ ਸੀ। ਉਸ ਥਾਂ ਇਨ੍ਹਾਂ ਨੌਜਵਾਨਾਂ ਵਲੋਂ ਪਹਿਲੀ ਬਰਸੀ ਮਨਾਈ ਗਈ ਸੀ। ਜਿਸ ਕਾਰਨ ਇਨ੍ਹਾਂ ਨੌਜਵਾਨਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ। ਹੁਣ ਪਿੱਛਲੇ ਦਿਨੀਂ ਸ੍ਰ ਹਰਜੀਤ ਸਿੰਘ ਵਿਰਕ ਤੇ ਬਰਸੀ ਮਨਾਉਣ ਅਤੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਹਿਯੋਗ ਦੇਣ ਕਾਰਨ ਅਲੱਗ ਅਲੱਗ ਪੰਜ ਕੇਸ ਦਰਜ ਕੀਤੇ ਗਏ ਹਨ। ਜਿਸਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਅਤੇ ਵੱਖ ਵੱਖ ਦੇਸ਼ਾਂ ਦੀ ਸਾਂਝੀ ਕੋਆਰਡੀਨੇਸ਼ਨ ਵਲੋਂ ਕਰੜੇ ਸ਼ਬਦਾਂ 'ਚ ਨਿਖੇਧੀ ਕੀਤੀ ਜਾਂਦੀ ਹੈ। ਸਰਕਾਰ ਕੇਸ ਨੂੰ ਵਾਪਸ ਲੈਣ ਲਈ ਕਿਹਾ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਅਸੀਂ ਆਪਣੇ ਸ਼ਹੀਦ ਹੋ ਚੁੱਕੇ ਨੌਜਵਾਨਾਂ ਦੀਆਂ ਬਰਸੀਆਂ ਵੀ ਨਹੀਂ ਮਨਾ ਸਕਦੇ। ਜੇ ਮਨਾਉਂਦੇ ਹਾਂ ਤਾਂ ਕੇਸ ਦਰਜ ਕੀਤੇ ਜਾਂਦੇ ਹਨ ਤੇ ਅਸੀਂ ਕਿਵੇਂ ਕਿਹ ਸਕਦੇ ਹਾਂ ਅਸੀਂ ਇਕ ਅਜਾਦ ਦੇਸ਼ ਵਿੱਚ ਅਜਾਦ ਹਾਂ। ਸਾਨੂੰ ਭਾਰਤੀ ਤੰਤਰ ਹਰ ਵਾਰ ਦੱਸਦਾ ਹੈ ਕਿ ਤੁਸੀਂ ਸਾਡੇ ਗੁਲਾਮ ਹੋ ਅਸੀਂ ਤੁਹਾਡੇ ਨਾਲ ਇਵੇਂ ਹੀ ਗੁਲਾਮਾਂ ਵਾਲਾ ਸਲੂਕ ਕਰਾਂਗੇ ਪਰ ਤੁਸੀਂ ਇੱਥੇ ਬੋਲ ਨਹੀਂ ਸਕਦੇ ਤੇ ਨਾਂ ਅਵਾਜ਼ ਚੁੱਕ ਸਕਦੇ ਹੋ। ਇਹ ਹੁਣ ਸਿੱਖ ਕੌਮ ਨੂੰ ਸੋਚਣਾਂ ਚਾਹੀਦਾ ਹੈ ਕਿ ਕੀ ਅਸੀਂ ਗੁਲਾਮੀ ਵਾਲੀ ਜਿੰਦਗੀ ਜਿਉਣੀ ਹੈ ਜਾਂ ਫਿਰ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਕੇ ਅਜਾਦ ਫਿਜਾ ਵਿੱਚ ਜਿਉਣਾ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਭਾਰਤ ਦੀ ਸੈਂਟਰ ਸਰਕਾਰ ਪੰਜਾਬ ਤੇ ਹਰਿਆਣਾਂ ਦੀਆਂ ਸਰਕਾਰਾਂ ਨੂੰ ਤਾੜਣਾ ਕਰਦਾ ਹੈ ਕਿ ਸਿੱਖ ਨੌਜਵਾਨਾਂ ਤੇ ਝੂਠੇ ਕੇਸ ਪਾਉਣੇ ਬੰਦ ਕਰੋ ਨਹੀਂ ਤਾਂ ਸਿੱਖ ਕੌਮ ਦੇ ਰੋਹ ਦਾ ਸਾਹਮਣਾਂ ਕਰਨੇ ਲਈ ਤਿਆਰ ਰਿਹੋ।





ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

*Get more BENEFITS at No Cost $0 Premium*

## Rakhra Tax & Immigration

3073 W Ashlan Ave <> Fresno, CA 93722

**Ph. (559) 243-9200**

**Fax (559) 549-6211**

or visit

www.rakhrataxservice.com

or avtar06@gmail.com






## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
## ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
# 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸੰਤਾਂ ਮਾਹਾਪੁਰਸ਼ਾ ਦੀ ਛੋਹ ਪ੍ਰਾਪਤ ਪਰਿਵਾਰ ਹਮੇਸ਼ਾ ਹੀ ਗੁਰੂ ਦੇ ਭਾਣੇ ਵਿੱਚ ਰਹਿਕੇ ਕਿਰਤ ਕਮਾਈ ਕਰਨ ਵਾਲੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ, ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ ਅਤੇ ਅਮਰੀਕਾ ਦੇ ਵੱਡੇ ਬਿਜ਼ਨਸਮੈਨ



**ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ**
**ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ**

**Binghamton New York**



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ



ਨੂੰ ਸਮੂਹ ਸੰਗਤਾਂ ਆਪਣੇ
ਪਰਿਵਾਰ ਸਮੇਤ ਪਹੁੰਚ ਕੇ
ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ
ਗੁਰੂ ਦੀਆਂ ਖੁਸ਼ੀਆਂ
ਪ੍ਰਾਪਤ ਕਰੋ ਜੀ।

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਤੇ ਉਘੇ ਸਿੱਖ ਆਗੂ

# ਸ੍ਰ. ਜਗਜੀਤ ਸਿੰਘ ਰੱਕੜ




ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

ਮੌਕੇ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।






ਸ .ਸੁਖਚੈਨ ਸਿੰਘ ਬੱਚਾਜੀਵੀ ਬੇਗੋਵਾਲ,
ਸ .ਕੈਮੀ ਸਿੰਘ ਬੱਚਾਜੀਵੀ ਬੇਗੋਵਾਲ
ਅਤੇ ਸਮੂਹ ਬੱਚਾਜੀਵੀ ਪਰਿਵਾਰ

ਸ: ਗੁਲਬਰਗ ਸਿੰਘ ਭੰਗੂ
ਸ: ਕੁਲਦੀਪ ਸਿੰਘ ਭੰਗੂ
ਸ: ਜੇ ਸਿੰਘ (JOE) ਭੰਗੂ, ਅਤੇ ਸਮੂਹ ਭੰਗੂ ਪਰਿਵਾਰ

-: ਬੇਨਤੀ ਕਰਤਾ :-

**St. Louis State Missouri USA**



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ



ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ

**5 ਨਵੰਬਰ 2023 ਦਿਨ ਐਤਵਾਰ**

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ
ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ
ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ,
ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ,
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ

# ਕੀਟਨਾਸ਼ਕ ਦੀ ਵਰਤੋਂ ਸੁਰੱਖਿਅਤ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ






ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਕੀਟਨਾਸ਼ਕ ਨਾ ਸਿਰਫ਼ ਇਨ੍ਹਾਂ ਖੇਤੀ ਉਪਜਾਂ ਦਾ ਸੇਵਨ ਕਰਨ ਵਾਲਿਆਂ ਦੀ ਸਿਹਤ ’ਤੇ ਅਸਰ ਪਾਉਂਦੇ ਹਨ, ਸਗੋਂ ਇਨ੍ਹਾਂ ਦੀ ਵਰਤੋਂ ਕਰਨ ਵਾਲੇ ਕਿਸਾਨਾਂ ’ਤੇ ਵੀ ਅਸਰ ਪਾਉਂਦੇ ਹਨ ਖੇਤੀਬਾੜੀ ਵਿੱਚ ਸਫਲਤਾ ਕੀਟਨਾਸ਼ਕਾਂ ਦੀ ਵਧਦੀ ਵਰਤੋਂ ਨਾਲ ਨੇੜਿਓਂ ਜੁੜੀ ਹੋਈ ਹੈ। ਭਾਵੇਂ ਕਿ ਮਨੁੱਖ ਪੁਰਾਣੇ ਸਮੇਂ ਤੋਂ ਕੀੜਿਆਂ ਨੂੰ ਨਿਯੰਤਰਿਤ ਕਰਨ ਲਈ ਰਸਾਇਣਾਂ ਦੀ ਵਰਤੋਂ ਕਰਦਾ ਆ ਰਿਹਾ ਹੈ, 20ਵੀਂ ਸਦੀ ਦੇ ਅਰੰਭ ਵਿੱਚ ਆਰਸੈਨਿਕ, ਪਾਰਾ, ਲੀਡ ਆਦਿ ਵਰਗੇ ਜ਼ਹਿਰੀਲੇ ਰਸਾਇਣਾਂ ਦੀ ਵਿਆਪਕ ਵਰਤੋਂ ਸ਼ੁਰੂ ਹੋ ਗਈ ਸੀ। ਹਰੀ ਕ੍ਰਾਂਤੀ ਜਿਸ ਨੇ ਫਸਲਾਂ ਦੀ ਉਤਪਾਦਕਤਾ ਵਧਾਉਣ ’ਤੇ ਕੇਂਦਰਿਤ ਕੀਤਾ, ਨੇ ਇਸਦੀ ਵਰਤੋਂ ਨੂੰ ਤੇਜ਼ ਕੀਤਾ। ਕੀਟਨਾਸ਼ਕ ਰਸਾਇਣਕ ਮਿਸ਼ਰਣ ਹਨ ਜੋ ਖਾਸ ਤੌਰ ’ਤੇ ਕੀੜਿਆਂ ਨਾਲ ਲੜਨ ਅਤੇ ਖ਼ਤਮ ਕਰਨ ਲਈ ਤਿਆਰ ਕੀਤੇ ਗਏ ਹਨ। ਇਸ ਸ਼੍ਰੇਣੀ ਵਿੱਚ ਕਈ ਕਿਸਮਾਂ ਦੇ ਜੀਵਾਂ ਨੂੰ ਨਿਯੰਤਰਿਤ ਕਰਨ ਅਤੇ ਖ਼ਤਮ ਕਰਨ ਲਈ ਵਰਤੇ ਜਾਂਦੇ ਪਦਾਰਥਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਸ਼ਾਮਲ ਹੁੰਦੀ ਹੈ, ਜਿਵੇਂ ਕਿ ਪੌਦੇ, ਕੀੜੇ, ਨੇਮਾਟੋਡ, ਮੋਲਸਕਸ, ਮੱਛੀ, ਪੰਛੀ, ਚੂਹੇ, ਬੈਕਟੀਰੀਆ, ਫੰਜਾਈ ਅਤੇ ਲੈਂਪਰੇ। ਜੜੀ-ਬੂਟੀਆਂ ਕੀਟਨਾਸ਼ਕਾਂ ਦੀ ਸਭ ਤੋਂ ਵੱਧ ਵਿਆਪਕ ਕਿਸਮ ਹੈ, ਜੋ ਕਿ ਵਿਸ਼ਵ ਭਰ ਵਿੱਚ ਕੀਟਨਾਸ਼ਕਾਂ ਦੀ ਖਪਤ ਦਾ ਲਗਭਗ 50% ਹੈ। ਮੁੱਖ ਤੌਰ ’ਤੇ, ਕੀਟਨਾਸ਼ਕਾਂ ਨੂੰ ਬੋਟੈਨੀਕਲ ਡਿਫੈਂਸ ਏਜੰਟ ਦੇ ਤੌਰ ’ਤੇ ਕੰਮ ਕਰਨ ਲਈ ਤਿਆਰ ਕੀਤਾ ਗਿਆ ਹੈ, ਪੌਦਿਆਂ ਨੂੰ ਨਦੀਨਾਂ, ਫੰਜਾਈ ਜਾਂ ਕੀੜੇ-ਮਕੌੜਿਆਂ ਦੇ ਖਤਰਿਆਂ ਤੋਂ ਬਚਾਉਣ ਲਈ। ਕੀਟਨਾਸ਼ਕ ਇੱਕ ਰਸਾਇਣਕ ਅਣੂ ਹੈ, ਜਿਵੇਂ ਕਿ ਕਾਰਬਾਮੇਟ, ਜਾਂ ਇੱਕ ਜੀਵ-ਵਿਗਿਆਨਕ ਏਜੰਟ, ਜਿਵੇਂ ਕਿ ਵਾਇਰਸ, ਬੈਕਟੀਰੀਆ, ਜਾਂ ਉੱਲੀ, ਜੋ ਕੀੜਿਆਂ ਨੂੰ ਰੋਕਦਾ ਹੈ, ਅਸਮਰੱਥ ਬਣਾਉਂਦਾ ਹੈ, ਖ਼ਤਮ ਕਰਦਾ ਹੈ, ਜਾਂ ਹੋਰ ਨਿਰਾਸ਼ ਕਰਦਾ ਹੈ। ਵੱਖ-ਵੱਖ ਵਿਗਿਆਨਕ ਅਧਿਐਨਾਂ ਨੇ ਦਿਖਾਇਆ ਹੈ ਕਿ ਕੀਟਨਾਸ਼ਕਾਂ ਦੇ ਐਕਸਪੋਜਰ ਦਾ ਸਬੰਧ ਸਿਹਤ ਸਮੱਸਿਆਵਾਂ ਜਿਵੇਂ ਕੈਂਸਰ, ਨਿਊਰੋਡੀਜਨਰੇਟਿਵ ਬਿਮਾਰੀਆਂ, ਜਨਮ ਰੋਗ, ਪ੍ਰਜਨਨ ਵਿਕਾਰ ਆਦਿ ਨਾਲ ਹੁੰਦਾ ਹੈ। ਇਹ ਵਾਤਾਵਰਣ ਦੇ ਸੰਤੁਲਨ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਵਰਤਮਾਨ ਵਿੱਚ ਸਾਡੇ ਦੇਸ਼ ਵਿੱਚ ਪੈਦਾ ਹੋਣ ਵਾਲੀ ਹਰ ਸਬਜ਼ੀ, ਫਲ ਜਾਂ ਮਸਾਲੇ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਮੌਜੂਦ ਹੈ। ਕੀਟਨਾਸ਼ਕ ਨਾ ਸਿਰਫ਼ ਖਪਤਕਾਰਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ, ਸਗੋਂ ਇਨ੍ਹਾਂ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਕਿਸਾਨਾਂ ਨੂੰ ਇਹਨਾਂ ਕੀਟਨਾਸ਼ਕਾਂ ਦੀ ਵਰਤੋਂ ਦੌਰਾਨ ਚਮੜੀ, ਸਾਹ ਰਾਹੀਂ ਅਤੇ ਨਿਗਲਣ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਆਮ ਕਹਾਵਤ ’ਰੋਜ਼ਾਨਾ ਇੱਕ ਸੇਬ ਡਾਕਟਰ ਨੂੰ ਦੂਰ ਰੱਖਦਾ ਹੈ’ ਅੱਜ ਹੁਣ ਪ੍ਰਸੰਗਿਕ ਨਹੀਂ ਹੈ। ਕਲੋਰਪਾਈਰੀਫੋਸ, ਮੈਨਕੋਜ਼ੇਬ, ਕੈਪਟਾਨ, ਡਾਈਮੇਥੋਏਟ, ਫੋਸਾਲੋਨ ਆਦਿ ਵਰਗੇ ਲੱਖਾਂ ਟਨ ਰਸਾਇਣਾਂ ਦੀ ਵਰਤੋਂ ਕਿਸੇ ਸਮੇਂ ਦੀ ਪੁਰਾਣੀ ਕਸ਼ਮੀਰ ਘਾਟੀ ਵਿੱਚ ਬਾਗ ਦੇ ਕਿਸਾਨਾਂ ਦੁਆਰਾ ਕੀਤੀ ਜਾਂਦੀ ਹੈ। ਇਨ੍ਹਾਂ ਰਸਾਇਣਾਂ ਦੀ ਬੇਲੋੜੀ ਵਰਤੋਂ ਦੇ ਨਤੀਜੇ ਵਜੋਂ ਬਾਗਬਾਨ ਕਿਸਾਨਾਂ ਵਿੱਚ ਦਿਮਾਗੀ ਟਿਊਮਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਲਾਇਚੀ ਵਰਗੇ ਮਸਾਲਿਆਂ ਵਿਚ ਜਿਸ ਨੂੰ ਹਰ ਕੋਈ ਮਾਊਥ ਫ ?ਰੈਸਨਰ ਦੇ ਤੌਰ ’ਤੇ ਕੱਚਾ ਚਬਾਉਂਦਾ ਹੈ, ਵਿਚ ਬਹੁਤ ਜ਼ਿਆਦਾ ਜ਼ਹਿਰੀਲੇ ’ਸਾਈਪਰਮੇਥਰਿਨ’ ਦੀ ਮੌਜੂਦਗੀ ਦੀ ਰਿਪੋਰਟ ਕੀਤੀ ਗਈ ਹੈ। ਕਈ ਵਾਰ ਇਨ੍ਹਾਂ ਕੀਟਨਾਸ਼ਕਾਂ ਦੇ ਮਾੜੇ ਪ੍ਰਭਾਵ ਇੰਨੇ ਗੰਭੀਰ ਹੁੰਦੇ ਹਨ ਕਿ ਇਹ ਕਈ ਪੀੜ੍ਹੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਉਦਾਹਰਨ ਲਈ, ਕੇਰਲਾ ਵਿੱਚ 20 ਸਾਲਾਂ ਤੋਂ ਵੱਧ ਸਮੇਂ ਤੋਂ ਐਂਡੋਸਲਫਾਨ ਦੇ ਹਵਾਈ ਛਿੜਕਾਅ ਦੇ ਬਦਨਾਮ ਮਾਮਲੇ, ਦਿਮਾਗ ਨਾਲ ਜੁੜੀਆਂ ਜਮਾਂਦਰੂ ਵਿਗਾੜਾਂ ਦਾ ਕਾਰਨ ਬਣੀਆਂ, ਜਿਵੇਂ ਕਿ ਦਿਮਾਗੀ ਕਮਜ਼ੋਰੀ ਅਤੇ ਸੇਰੇਬ੍ਰਲ ਪਾਲਸੀ। ਭਾਵੇਂ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ ਲਈ ਹਦਾਇਤਾਂ ਦੀ ਰੂਪਰੇਖਾ ਤਿਆਰ ਕੀਤੀ ਹੈ, ਜਿਸ ਵਿੱਚ ਹੈਂਡਲ ਕਰਦੇ ਸਮੇਂ ਪੂਰੇ ਸਰੀਰ ਨੂੰ ਢੱਕਣ ਲਈ ਸੁਰੱਖਿਆ ਵਾਲੇ ਕੱਪੜਿਆਂ ਦੀ ਵਰਤੋਂ ਸ਼ਾਮਲ ਹੈ, ਇਹ ਪ੍ਰਭਾਵਸ਼ਾਲੀ ਨਹੀਂ ਹਨ ਅਤੇ ਜ਼ਿਆਦਾਤਰ ਸਿਧਾਂਤਕ ਤੌਰ ’ਤੇ ਪਾਲਣਾ ਨਹੀਂ ਕੀਤੀਆਂ ਜਾਂਦੀਆਂ ਹਨ। ਸਰਕਾਰ ਵੱਲੋਂ ਪ੍ਰਬੰਧ ਕੀਤੇ ਖੇਤਾਂ ਵਿੱਚ ਵੀ ਕਿਸਾਨਾਂ ਜਾਂ ਮਜ਼ਦੂਰਾਂ ਦੀ ਜਾਨ ਦੀ ਕੋਈ ਚਿੰਤਾ ਨਹੀਂ ਹੈ। ਕੁਝ ਸਾਲ ਪਹਿਲਾਂ ਇੰਸਟੀਚਿਊਟ ਫਾਰ ਸਟੈਮ ਸੈੱਲ ਸਾਇੰਸ ਐਂਡ ਰੀਜਨਰੇਟਿਵ ਮੈਡੀਸਨ (ਇਨਸਟੈਮ), ਬੰਗਲੌਰ ਦੇ ਖੋਜਕਰਤਾਵਾਂ ਨੇ ਪ੍ਰਵੀਨ ਕੇ. ਵੇਮੂਲਾ ਦੀ ਅਗਵਾਈ ਵਿੱਚ ਕਿਸਾਨਾਂ ਨੂੰ ਸੁਰੱਖਿਆ ਦੇਣ ਲਈ ਇੱਕ ਜੈੱਲ, ਪੌਲੀ-ਆਕਸੀਮ ਵਿਕਸਿਤ ਕੀਤਾ ਸੀ। ਜੈੱਲ ਆਰਗੈਨੋਫੋਸਫੇਟ ਨੂੰ ਅਕਿਰਿਆਸ਼ੀਲ ਬਣਾਉਣ ਲਈ ਉਤਪ੍ਰੇਰਕ ਵਜੋਂ ਕੰਮ ਕਰਦਾ ਹੈ। ਬਦਕਿਸਮਤੀ ਨਾਲ, ਇਹ ਤਕਨਾਲੋਜੀਆਂ ਜ਼ਮੀਨੀ ਪੱਧਰ ਤੱਕ ਨਹੀਂ ਪਹੁੰਚੀਆਂ ਹਨ। ਮਨੁੱਖੀ ਖਪਤ ਲਈ ਤਜਵੀਜ਼ ਕੀਤੀਆਂ ਦਵਾਈਆਂ ਦੇ ਉਲਟ, ਜਿਨ੍ਹਾਂ ਨੂੰ ਕਿਸੇ ਯੋਗਤਾ ਪ੍ਰਾਪਤ ਮੈਡੀਕਲ ਪ੍ਰੈਕਟੀਸ਼ਨਰ ਦੀ ਤਜਵੀਜ਼ ਦੀ ਲੋੜ ਹੁੰਦੀ ਹੈ, ਕੀਟਨਾਸ਼ਕ ਆਸਾਨੀ ਨਾਲ ਸਿੱਧੇ ਇੱਥੋਂ ਖਰੀਦੇ ਜਾ ਸਕਦੇ ਹਨ।ਸਟਾਕਿਸਟ ਸਰਕਾਰ ਨੂੰ ਕੀਟਨਾਸ਼ਕਾਂ ਦੀ ਵਿਕਰੀ ’ਤੇ ਪਾਬੰਦੀ ਲਗਾਉਣ ਦੀ ਲੋੜ ਹੈ। ਕੀਟਨਾਸ਼ਕਾਂ ਨੂੰ ਸਿਰਫ਼ ਸਥਾਨਕ ਖੇਤੀਬਾੜੀ ਅਫ਼ਸਰ ਜਾਂ ਮਾਨਤਾ ਪ੍ਰਾਪਤ ਖੇਤੀਬਾੜੀ ਗ੍ਰੈਜੂਏਟ ਦੀ ਪਰਚੀ ਨਾਲ ਹੀ ਵੇਚਿਆ ਜਾਣਾ ਚਾਹੀਦਾ ਹੈ। ਇਹ ਇਹਨਾਂ ਜ਼ਹਿਰੀਲੇ ਰਸਾਇਣਾਂ ਦੀ ਬੇਈਮਾਨ ਵਰਤੋਂ ਨੂੰ ਘਟਾਏਗਾ। ਸਰਕਾਰ ਨੂੰ ਕਿਸਾਨਾਂ ਨੂੰ ਪ੍ਰੋਤਸਾਹਨ ਦੇ ਕੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

# ਨਾਮਵਰ ਪੱਤਰਕਾਰ ਸੁਰਜਨ ਜ਼ੀਰਵੀ ਨਹੀਂ ਰਹੇ





ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ
ਸੰਪਰਕ ਅਧਿਕਾਰੀ
94178 13072
ujagarsingh48@yahoo.com

ਪੰਜਾਬੀ ਪੱਤਰਕਾਰੀ ਵਿੱਚ ਸਾਹਿਤਕ ਸ਼ਬਦਾਵਲੀ ਦੀਆਂ ਫੁੱਲਝੜੀਆਂ ਰਾਹੀਂ ਵਿਅੰਗ ਦੇ ਤੁਣਕੇ ਲਗਾਉਣ ਵਾਲੇ ਨਾਮਵਰ ਪੱਤਰਕਾਰ ਸੁਰਜਨ ਸਿੰਘ ਜ਼ੀਰਵੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਫੋਰ ਇਨ ਵਨ ਪੱਤਰਕਾਰ, ਲੇਖਕ, ਪੇਂਟਰ ਅਤੇ ਗਾਇਕ ਸਨ। ਪੰਜਾਬੀ ਪੱਤਰਕਾਰੀ ਵਿੱਚ ਉਹ ਨਵਾਂ ਕੀਰਤੀਮਾਨ ਸਥਾਪਤ ਕਰ ਗਏ ਹਨ। ਨਵਾਂ ਜ਼ਮਾਨਾ ਅਖ਼ਬਾਰ ਵਿੱਚ ਲਗਪਗ ਅੱਧੀ ਸਦੀ ਆਪਣੇ ਵਡਮੁੱਲੇ ਵਿਚਾਰਾਂ ਵਾਲੀਆਂ ਸੰਪਾਦਕੀਆਂ, ਲੇਖਾਂ ਅਤੇ ਖ਼ਬਰਾਂ ਰਾਹੀਂ ਪੰਜਾਬੀਆਂ ਨੂੰ ਆਪਣੇ ਜਮਹੂਰੀ ਹੱਕਾਂ ਲਈ ਲਾਮਬੰਦ ਹੋਣ ਲਈ ਪ੍ਰੇਰਦੇ ਰਹੇ। ਉਹ ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਠੋਸ ਇਰਾਦੇ ਵਾਲੇ ਪ੍ਰੰਤੂ ਹਸਮੁੱਖ ਸੁਭਾਅ ਦੇ ਮਾਲਕ ਸਨ, ਜੋ ਨੌਜਵਾਨ ਪੱਤਰਕਾਰਾਂ ਲਈ ਹਮੇਸ਼ਾ ਪ੍ਰੇਰਨਾਸਰੋਤ ਬਣੇ ਰਹਿਣਗੇ। ਉਨ੍ਹਾਂ ਨੇ ਅਨੇਕਾਂ ਨੌਜਵਾਨ ਪੱਤਰਕਾਰਾਂ ਨੂੰ ਪੱਤਰਕਾਰੀ ਦੀ ਗੁੜ੍ਹਤੀ ਦੇ ਕੇ ਨਿਰਪੱਖਤਾ ਨਾਲ ਪੱਤਰਕਾਰੀ ਕਰਨ ਦੀ ਸਿੱਖਿਆ ਦਿੱਤੀ। ਅੱਜ ਉਨ੍ਹਾਂ ਦੇ ਬਣਾਏ ਦਰਜਨਾ ਤੋਂ ਵੱਧ ਪੱਤਰਕਾਰ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। ਨਵਾਂ ਜ਼ਮਾਨਾ ਅਖ਼ਬਾਰ ਨੂੰ ਉਨ੍ਹਾਂ ਦੇ ਸਮੇਂ ਪੱਤਰਕਾਰੀ ਦੀ ਨਰਸਰੀ ਤੇ ਤੌਰ ਜਾਣਿਆਂ ਜਾਂਦਾ ਸੀ। ਉਹ ਇੱਕ ਸੁਹਿਰਦ ਤੇ ਨੇਕ ਇਨਸਾਨ ਸਨ। ਨਵਾਂ ਜ਼ਮਾਨਾ ਅਖ਼ਬਾਰ ਦੇ ਅਮਲੇ ਤੋਂ ਕੰਮ ਕਰਵਾਉਣ ਸਮੇਂ ਉਨ੍ਹਾਂ ਕਦੇ ਵੀ ਸਖ਼ਤੀ ਨਹੀਂ ਵਰਤੀ ਸਗੋਂ ਹਰ ਕੰਮ ਚੁੱਟਕਲਿਆਂ, ਲਤੀਫ਼ਿਆਂ ਅਤੇ ਹਾਸੇ ਠੱਠਿਆਂ ਦੀਆਂ ਛਹਿਬਰਾਂ ਲਗਾਉਂਦਿਆਂ ਸਹਿਜਤਾ ਨਾਲ ਕਰਵਾ ਲੈਂਦੇ ਸਨ। ਸਹਿਜ ਰਹਿਣਾ ਅਤੇ ਸਟਾਫ਼ ਸਹਿਜਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਕਿਸੇ ਵੀ ਕੰਮ ਨੂੰ ਜਲਦਬਾਜ਼ੀ ਵਿੱਚ ਨਹੀਂ ਕਰਦੇ ਸਨ। ਉਹ ਫੁਰਤੀਲੇ ਬਹੁਤ ਸਨ। ਕਾਫ਼ੀ ਸਮਾਂ ਉਹ ਨਵਾਂ ਜ਼ਮਾਨਾ ਅਖ਼ਬਾਰ ਦੇ ਦਫ਼ਤਰ ਵਿੱਚ ਹੀ ਰਹਿੰਦੇ ਰਹੇ ਸਨ। ਉਨ੍ਹਾਂ ਦਾ ਆਪਣੇ ਕਿੱਤੇ ਵਿੱਚ ਮੁਹਾਰਤ ਹਾਸਲ ਕਰਨ ਦਾ ਮੁੱਖ ਕਾਰਨ ਉਨ੍ਹਾਂ ਦਾ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹਦੇ ਰਹਿਣਾ ਸੀ, ਜਿਸ ਕਰਕੇ ਉਨ੍ਹਾਂ ਦੀ ਸ਼ਬਦਾਵਲੀ ਦਾ ਭੰਡਾਰ ਵਿਸ਼ਾਲ ਹੁੰਦਾ ਰਿਹਾ। ਉਨ੍ਹਾਂ ਆਪਣਾ ਪੱਤਰਕਾਰੀ ਦਾ ਕੈਰੀਅਰ 1954-55 ਵਿੱਚ ‘ਲੋਕ ਯੁਗ’ ਪੇਪਰ ਦੀ ਸੰਪਾਦਨਾ ਤੋਂ ਸ਼ੁਰੂ ਕੀਤਾ। ਦੋ ਸਾਲ ਉਹ ਇਹ ਪੇਪਰ ਪ੍ਰਕਾਸ਼ਤ ਕਰਦੇ ਰਹੇ ਪ੍ਰੰਤੂ ਆਰਥਿਕ ਮਜ਼ਬੂਰੀਆਂ ਕਰਕੇ ਦੋ ਸਾਲ ਬਾਅਦ ਉਨ੍ਹਾਂ ਇਹ ਪੇਪਰ ਬੰਦ ਕਰ ਦਿੱਤਾ। ਫਿਰ ਉਨ੍ਹਾਂ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਸਬ ਐਡੀਟਰ ਦੇ ਤੌਰ ‘ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਖ਼ਬਰਾਂ ਅਤੇ ਲੇਖਾਂ ਦੇ ਸਿਰਲੇਖ ਬਣਾਉਣ ਦੇ ਵੀ ਉਨ੍ਹਾਂ ਨੂੰ ਮਾਹਿਰ ਗਿਣਿਆਂ ਜਾਂਦਾ ਸੀ। ਭਾਵੇਂ ਉਹ ਆਪਣੀ ਪਾਰਟੀ ਅਤੇ ਅਖ਼ਬਾਰ ਦੀ ਨੀਤੀ ਪ੍ਰਤੀ ਬਚਨਵੱਧ ਸਨ ਪ੍ਰੰਤੂ ਉਹ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਖ਼ਬਰਾਂ ਅਤੇ ਲੇਖ ਲਗਾਉਣ ਨੂੰ ਤਰਜ਼ੀਹ ਦਿੰਦੇ ਸਨ। ਲੋਕ ਹਿਤਾਂ ‘ਤੇ ਪਹਿਰਾ ਦੇਣ ਵਾਲੇ ਲੇਖ ਅਤੇ ਖ਼ਬਰਾਂ ਪਕ੍ਰਾਸ਼ਤ ਕਰਨ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਸਨ। ਉਹ ਅਖ਼ਬਾਰ ਵਿੱਚ ਸਨਸਨੀ ਖੇਜ ਖ਼ਬਰਾਂ ਲਗਾਉਣ ਤੋਂ ਵੀ ਪ੍ਰਹੇਜ ਕਰਦੇ ਸਨ। ਉਨ੍ਹਾਂ ਦੀ ਅਨੁਵਾਦ ਕਰਨ ਦੀ ਕਲਾ ਵੀ ਕਮਾਲ ਦੀ ਸੀ। ਅੱਜ ਕਲ੍ਹ ਤਾਂ ਭਾਵੇਂ ਕੰਪਿਊਟਰ ਆ ਗਏ ਹਨ ਪ੍ਰੰਤੂ ਉਨ੍ਹਾਂ ਦਿਨਾ ਵਿੱਚ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਸਬ ਐਡੀਟਰ ਹੀ ਕਰਦੇ ਸਨ। ਟੈਲੀਪ੍ਰਿੰਟਰ ਦਾ ਜ਼ਮਾਨਾ ਸੀ। ਖ਼ਬਰਾਂ ਅੰਗਰੇਜ਼ੀ ਵਿੱਚ ਟੈਲੀਪ੍ਰਿੰਟਰ ’ਤੇ ਆਉਂਦੀਆਂ ਸਨ, ਤੁਰੰਤ ਉਨ੍ਹਾਂ ਦਾ ਅਨੁਵਾਦ ਕਰਨਾ ਹੁੰਦਾ ਸੀ। ਸੁਰਜਨ ਸਿੰਘ ਜ਼ੀਰਵੀ ਬਹੁਤ ਤੇਜੀ ਨਾਲ ਅਤੇ ਸਹੀ ਅਨੁਵਾਦ ਕਰਦੇ ਸਨ। ਉਹ ਦਿ ?ਰੜ੍ਹਤਾ, ਅਨੁਸ਼ਾਸ਼ਨ, ਮਿਹਨਤ ਅਤੇ ਲਗਨ ਨਾਲ ਕੰਮ ਕਰਨ ਦੇ ਮੁਜੱਸਮਾ ਸਨ। ਇਸ ਕਰਕੇ ਉਨ੍ਹਾਂ ਨੂੰ ਅਨੁਵਾਦ ਕਰਨ ਵਾਲੀ ਮਸ਼ੀਨ ਕਿਹਾ ਜਾਂਦਾ ਸੀ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸਰਗਰਮ ਕਾਰਕੁੰਨ ਸਨ। ਪੰਜਾਬੀ ਭਾਵੇਂ ਉਨ੍ਹਾਂ 9ਵੀਂ ਕਲਾਸ ਤੋਂ ਹੀ ਪੜ੍ਹਨੀ ਸ਼ੁਰੂ ਕੀਤੀ ਸੀ ਪ੍ਰੰਤੂ ਉਨ੍ਹਾਂ ਦੇ ਸੰਪਾਦਕੀ ਅਤੇ ਲੇਖਾਂ ਦੀ ਸ਼ਬਦਾਵਲੀ ਪੰਜਾਬੀ ਦੇ ਪ੍ਰਬੁੱਧ ਲਿਖਾਰੀ ਹੋਣ ਦਾ ਪ੍ਰਮਾਣ ਦਿੰਦੀ ਸੀ। ਸੁਰਜਨ ਜ਼ੀਰਵੀ ਇੱਕ ਸੁਲਝੇ ਹੋਏ ਪੱਤਰਕਾਰ ਹੋਣ ਦੇ ਨਾਲ ਬੁੱਧੀਜੀਵੀ ਲੇਖਕ ਵੀ ਸਨ, ਜਿਨ੍ਹਾਂ ਦੀਆਂ ਦੋ ਪੁਸਤਕਾਂ ‘ਇਹ ਹੈ ਬਾਰਬੀ ਸੰਸਾਰ’ ਅਤੇ ‘ਆਓ ਸੱਚ ਜਾਣੀਏਂ’ ਹਨ। ‘ਇਹ ਹੈ ਬਾਰਬੀ ਸੰਸਾਰ’ ਪੁਸਤਕ ਪਾਠਕਾਂ ਵਿੱਚ ਬਹੁਤ ਹੀ ਹਰਮਨ ਪਿਆਰੀ ਹੈ। ਇਨ੍ਹਾਂ ਦੋਹਾਂ ਪੁਸਤਕਾਂ ਦੇ ਵਿਸ਼ੇ ਬੜੇ ਖ਼ਤਰਨਾਕ ਹਨ ਪ੍ਰੰਤੂ ਉਨ੍ਹਾਂ ਨੂੰ ਬਹੁਤ ਹੀ ਸਲੀਕੇ ਨਾਲ ਲਿਖਿਆ ਗਿਆ ਹੈ। ਸੁਰਜਨ ਸਿੰਘ ਜ਼ੀਰਵੀ ਦੇ ਵਿਅੰਗਾਂ ਦੇ ਤੀਰ ਵੀ ਤਿੱਖੇ ਪ੍ਰੰਤੂ ਸਹਿਣਯੋਗ ਹੁੰਦੇ ਸਨ। ਉਹ ਨਿਡਰ ਹੋ ਕੇ ਲੇਖ ਲਿਖਦੇ ਸਨ ਭਾਵੇਂ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। ‘ਇਹ ਹੈ ਬਾਰਬੀ ਸੰਸਾਰ’ ਪੁਸਤਕ ਪੰਜਾਬੀ ਯੂਨੀਵਰਸਿਟੀ ਨੇ ਸਿਲੇਬਸ ਵਿੱਚ ਲਗਾਈ ਹੋਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੇ ਲੇਖ ਤੇ ਸੰਪਾਦਕੀਆਂ ਲਿਖੀਆਂ ਪ੍ਰੰਤੂ ਕੁਝ ਉਨ੍ਹਾਂ ਦੇ ਲੇਖ ਚਰਚਾ ਦਾ ਵਿਸ਼ਾ ਬਣ ਰਹੇ, ਜਿਨ੍ਹਾਂ ਵਿੱਚ ਕਾਰਲ ਮਾਰਕਸ:ਇੱਕ ਅਦਭੁੱਤ ਗਾਥਾ, ਖ਼ਯਾਮ ਦੀਆਂ ਰੁਬਾਈਆਂ ਦਾ ਪੰਜਾਬੀ ਰੂਪ, ਖ਼ੂਬਸੂਰਤੀ ਦੇ ਮੁਖੌਟੇ ਪਿੱਛੇ ਲੁਕੀ ਦਰਿੰਦਗੀ, ਦੋ ਗੱਲਾਂ ‘ਮੇਰੀ ਪੱਤਰਕਾਰੀ ਦੇ ਰੰਗ’ ਅਤੇ ਸਾਡਾ ਦੇਸ਼ ਬੀਮਾਰ ਹੈ ਆਦਿ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹਨ। ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਵਰਕਰ ਹੋਣ ਦੇ ਨਾਤੇ ਰੂਸ ਦੀ ਦੋ ਵਾਰ ਯਾਤਰਾ ਵੀ ਕੀਤੀ। ਪੰਜਾਬੀ ਸੂਬੇ ਦੇ ਮੋਰਚੇ ਵਿੱਚ ਵੀ ਉਹ ਕਾਫ਼ੀ ਸਰਗਰਮ ਰਹੇ, ਜਿਸ ਕਰਕੇ ਉਨ੍ਹਾਂ ਨੂੰ ਜੇਲ੍ਹ ਦੀ ਯਾਤਰਾ ਵੀ ਕਰਨੀ ਪਈ। ਉਨ੍ਹਾਂ ਨੂੰ ਬਹੁਤ ਸਾਰੀਆਂ ਸੰਸਥਾਵਾਂ ਨੇ ਮਾਣ ਸਨਮਾਨ ਦੇ ਕੇ ਨਿਵਾਜਿਆ ਸੀ। ਇਕਬਾਲ ਮਾਹਲ ਅਤੇ ਜੋਗਿੰਦਰ ਕਲਸੀ ਨੇ ਸੁਰਜਨ ਸਿੰਘ ਜ਼ੀਰਵੀ ਦੇ ਪੱਤਰਕਾਰੀ ਵਿੱਚ ਪਾਏ ਯੋਗਦਾਨ ਲਈ ‘ਵਿਯਨਜ਼ ਆਫ਼ ਪੰਜਾਬ’ ਨਾਮ ਦੀ ਦਸਤਾਵੇਜ਼ੀ ਫਿਲਮ ਬਣਾਈ ਹੈ। ਉਨ੍ਹਾਂ ਨੂੰ ਕੈਨੇਡਾ ਦੀ ਵਿਰਾਸਤ ਪੀਸ ਸੰਸਥਾ ਵੱਲੋਂ ‘ ਲਾਈਫ਼ ਟਾਈਮ ਅਚੀਵਮੈਂਟ ਅਵਾਰਡ’ ਦੇ ਕੇ ਸਨਮਾਨਤ ਵੀ ਕੀਤਾ ਸੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਉਨ੍ਹਾਂ ਨੂੰ ਜਗਜੀਤ ਸਿੰਘ ਆਨੰਦ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਸੀ। ਸੁਰਜਨ ਜ਼ੀਰਵੀ ਦਾ ਜਨਮ ਪਿਤਾ ਬਲਵੰਤ ਸਿੰਘ ਠੇਕੇਦਾਰ ਅਤੇ ਮਾਤਾ ਹਰਨਾਮ ਕੌਰ ਦੇ ਘਰ 1 ਦਸੰਬਰ 1929 ਨੂੰ ਹੋਇਆ ਸੀ। ਉਹ ਦੋ ਭਰਾ ਅਤੇ ਚਾਰ ਭੈਣਾ ਸਨ। ਉਨ੍ਹਾਂ ਦਾ ਸਾਰਾ ਪਰਿਵਾਰ ਹੀ ਸਾਹਿਤਕ ਰੁਚੀਆਂ ਵਾਲਾ ਅਤੇ ਕਲਾ ਪ੍ਰੇਮੀ ਸੀ। ਉਨ੍ਹਾਂ ਦਾ ਭਰਾ ਜਗਜੀਤ ਸਿੰਘ ਜ਼ੀਰਵੀ ਪੰਜਾਬੀ ਕਵੀ ਤੇ ਸੁਰੀਲਾ ਗਾਇਕ ਸੀ। ਉਨ੍ਹਾਂ ਦੇ ਬਹਿਨੋਈ ਡਾ.ਜਸਵੰਤ ਸਿੰਘ ਨੇਕੀ ਪੀ.ਜੀ.ਆਈ.ਚੰਡੀਗੜ੍ਹ ਦੇ ਡਾਇਰੈਕਟਰ ਅਤੇ ਪੰਜਾਬੀ ਦੇ ਚੋਟੀ ਦੇ ਕਵੀ ਸਨ। ਸੁਰਜਨ ਜ਼ੀਰਵੀ ਨੇ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਜੀਰਾ ਵਿੱਚ ਕੀਤੀ ਸੀ। ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਉਨ੍ਹਾਂ ਥੋੜ੍ਹਾ ਸਮਾਂ ਪੰਜਾਬ ਸਰਕਾਰ ਦੇ ਸਿਵਲ ਸਪਲਾਈ ਵਿਭਾਗ ਵਿੱਚ ਨੌਕਰੀ ਵੀ ਕੀਤੀ। ਉਨ੍ਹਾਂ ਦੀ ਸੋਚ ਨੂੰ ਸਰਕਾਰੀ ਨੌਕਰੀ ਰਾਸ ਨਹੀਂ ਆਈ। ਉਸ ਤੋਂ ਬਾਅਦ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਨਾਲ ਜੁੜ ਗਏ। ਪਾਰਟੀ ਲਈ ਉਨ੍ਹਾਂ ਦਿ ?ਰੜ੍ਹਤਾ ਅਤੇ ਬਚਨਵੱਧਤਾ ਨਾਲ ਕੰਮ ਕੀਤਾ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਵਫ਼ਾਦਾਰ ਜਰਨੈਲ ਦੀ ਤਰ੍ਹਾਂ ਕੰਮ ਕਰਦੇ ਰਹੇ। ਉਨ੍ਹਾਂ ਨੂੰ ਨਵਾਂ ਜ਼ਮਾਨਾ ਅਖ਼ਬਾਰ ਦੀ ਦਿੱਖ ਅਤੇ ਛਪਾਈ ਸੁਚੱਜੇ ਢੰਗ ਨਾਲ ਕਰਵਾਉਣ ਦਾ ਮਾਣ ਜਾਂਦਾ ਹੈ। ਉਨ੍ਹਾਂ ਦੀ ਅਗਵਾਈ ਵਿੱਚ ਅਖ਼ਬਾਰ ਬੁਲੰਦੀਆਂ ’ਤੇ ਪਹੁੰਚਿਆ। ਸੰਪਾਦਕ ਦੇ ਤੌਰ ’ਤੇ ਉਨ੍ਹਾਂ ਦੀ ਕਾਰਜਕੁਸ਼ਲਤਾ ਦਾ ਪ੍ਰਮਾਣ ਉਨ੍ਹਾਂ ਦੀਆਂ ਸੰਪਾਦਕੀਆਂ ਤੋਂ ਪਤਾ ਲਗਦਾ ਸੀ। ਸ਼ੁਰੂ ਵਿੱਚ ਸੁਰਜਨ ਜ਼ੀਰਵੀ ਕਵਿਤਾਵਾਂ ਵੀ ਲਿਖਦੇ ਰਹੇ। ਇਸ ਕਰਕੇ ਉਨ੍ਹਾਂ ਦੀ ਵਾਰਤਕ ਦੀ ਸ਼ੈਲੀ ਵੀ ਕਾਵਿਕ ਹੁੰਦੀ ਸੀ। ਗ਼ਜ਼ਲਾਂ ਤੇ ਗੀਤ ਗਾਉਣ ਦਾ ਸ਼ੌਕ ਸੀ। ਉਹ ਵਿਹਲੇ ਸਮੇਂ ਗੀਤ ਗੁਣ ਗੁਣਾਉਂਦੇ ਰਹਿੰਦੇ ਸਨ। ਉਹ ਪੇਂਟਿੰਗ ਵੀ ਕਰਦੇ ਸਨ। ਉਨ੍ਹਾਂ ਨੂੰ ਗੁੱਸਾ ਬਿਲਕੁਲ ਹੀ ਨਹੀਂ ਆਉਂਦਾ ਸੀ। ਉਹ ਸ਼ਾਂਤ ਸੁਭਾਅ ਦੇ ਮਾਲਕ ਸਨ। ਕਿਸੇ ਵੀ ਉਲਝਣ ਜਾਂ ਔਖੇ ਸਮੇਂ ਆਪਣੀ ਛੁਰਲੀ ਛੱਡ ਕੇ ਵਾਤਾਵਰਨ ਨੂੰ ਸੁਖਾਵਾਂ ਬਣਾ ਦਿੰਦੇ ਸਨ। ਅਸਧਾਰਨ ਗੱਲ ਨੂੰ ਵੀ ਸਾਧਾਰਨ ਢੰਗ ਨਾਲ ਲਿਖਣ ਦੇ ਮਾਹਿਰ ਸਨ। 22 ਮਾਰਚ 1960 ਨੂੰ ਉਨ੍ਹਾਂ ਦਾ ਪਿਆਰ ਵਿਆਹ ਅੰਮ੍ਰਿਤ ਨਾਲ ਹੋਇਆ। ਅੰਮ੍ਰਿਤ ਬੀ.ਏ.ਬੀ.ਐਡ ਅਧਿਆਪਕ ਸੀ। ਸੁਰਜਨ ਜ਼ੀਰਵੀ ਭਾਰਤੀ ਕਮਿਊਨਿਸਟ ਪਾਰਟੀ ਦਾ ਹੋਲ ਟਾਈਮ ਵਰਕਰ ਸੀ। ਵਿਆਹ ਦੇ ਮੌਕੇ ਉਸ ਨੂੰ ਸਿਰਫ 50 ਰੁਪਏ ਮਹੀਨਾ ਮਿਲਦਾ ਸੀ। ਲੋੜਾਂ ਘਟਾ ਕੇ ਘੱਟ ਆਮਦਨ ਨਾਲ ਗੁਜ਼ਾਰਾ ਕਰਨ ਦੀ ਕਲਾ ਸੁਰਜਨ ਜ਼ੀਰਵੀ ਤੋਂ ਸਿੱਖਣੀ ਚਾਹੀਦੀ ਹੈ। ਉਨ੍ਹਾਂ ਨੇ ਸਬਰ ਸੰਤੋਖ ਨਾਲ ਆਪਣਾ ਜੀਵਨ ਸਫਰ ਪੂਰਾ ਕੀਤਾ। ਅਧਿਆਪਨ ਤੋਂ ਬਾਅਦ ਉਨ੍ਹਾਂ ਦੀ ਪਤਨੀ ਨੇ ਵੀ ਸੁਰਜਨ ਜ਼ੀਰਵੀ ਦੇ ਨਾਲ ਹੀ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਬਤੌਰ ਸਬ ਐਡੀਟਰ ਕੰਮ ਕੀਤਾ। ਕੈਨੇਡਾ ਪਰਵਾਸ ਕਰਨ ਤੋਂ ਬਾਅਦ ਅੰਮ੍ਰਿਤ ਉਥੇ ਸੈਟਲਮੈਂਟ ਕਾਊਂਸਲਰ ਵਜੋਂ ਵੀ ਸਰਗਰਮ ਰਹੇ। ਉਨ੍ਹਾਂ ਦੇ ਇੱਕ ਲੜਕੀ ਸੀਰਤ ਹੈ। ਇਸ ਸਮੇਂ ਸੁਰਜਨ ਜ਼ੀਰਵੀ ਟਰਾਂਟੋ ਵਿਖੇ ਆਪਣੀ ਪਤਨੀ ਅੰਮ੍ਰਿਤ ਲੜਕੀ ਸੀਰਤ ਅਤੇ ਜਵਾਈ ਨਵਤੇਜ ਸਿੰਘ ਨਾਲ ਰਹਿ ਰਹੇ ਸਨ। ਦੇਸ਼ ਦੀ ਵਿਗੜਦੀ ਹਾਲਤ ਬਾਰੇ ਉਹ ਕਾਫ਼ੀ ਚਿੰਤਾਤੁਰ ਸਨ। ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਦੀ ਫਿਰਾਕਦਿਲੀ ਅਤੇ ਹਾਸੇ ਮਖੌਲ ਦੀ ਪ੍ਰਵਿਰਤੀ ਬਿਮਾਰੀ ਦੌਰਾਨ ਵੀ ਬਰਕਰਾਰ ਰਹੀ। ਸ਼ਾਇਰੀ ਦੇ ਸ਼ੌਕੀਨ ਸਨ, ਹਮੇਸ਼ਾ ਸ਼ਿਅਰ ਸੁਣਾਉਂਦੇ ਰਹਿੰਦੇ ਸਨ। ਸੁਰਜਨ ਸਿੰਘ ਜ਼ੀਰਵੀ 1990 ਵਿੱਚ ਪਰਿਵਾਰ ਸਮੇਤ ਕੈਨੇਡਾ ਪਰਵਾਸ ਕਰ ਗਏ ਸਨ। 33 ਸਾਲ ਕੈਨੇਡਾ ਵਿੱਚ ਪਰਵਾਸ ਕਰਨ ਤੋਂ ਬਾਅਦ ਉਹ 24 ਅਕਤੂਬਰ 2023 ਨੂੰ ਟੋਰਾਂਟੋ ਵਿਖੇ ਸਵਰਗ ਸਿਧਾਰ ਗਏ।


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
5 ਨਵੰਬਰ 2023 ਦਿਨ ਐਤਵਾਰ
ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ
ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ
ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਬੇਨਤੀ ਕਰਤਾ
ਸ. ਕਸ਼ਮੀਰ ਸਿੰਘ ਧਾਮੀ
ਅਤੇ ਸਮੂਹ ਪਰਿਵਾਰ,ਯੂਬਾ ਸਿਟੀ



ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
# ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**5 ਨਵੰਬਰ 2023 ਦਿਨ ਐਤਵਾਰ**

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸਿੱਖ ਪੰਥ ਦੀ ਦਹਾਕਿਆਂ ਤੋਂ
ਸੇਵਾ ਕਰਦੇ ਆ ਰਹੇ ਪੰਥਦਰਦੀ
ਹਰ ਕੌਮੀ ਕੰਮ ਨੂੰ ਪਹਿਲ ਦੇ
ਅਧਾਰ ਉੱਪਰ ਕਰਨ ਵਾਲੇ
ਗੁਰੂ ਪੰਥ ਦੇ ਨਿਸ਼ਕਾਮ
ਸੇਵਾਦਾਰ ਅਕਾਲੀ ਦਲ ਬਾਦਲ
ਅਮਰੀਕਾ ਦੇ ਸਰਪ੍ਰਸਤ ਸੰਸਾਰ
ਪ੍ਰਸਿੱਧ ਅਮਰੀਕਾ ਦੇ
ਉਘੇ FARMER ਅਤੇ
ਗੁਰਦੁਆਰਾ ਸਾਹਿਬ ਯੂਬਾ ਸਿਟੀ
ਦੇ ਸੀਨੀਅਰ ਡਾਇਰੈਕਟਰ



**ਸ.ਗੁਰਨਾਮ ਸਿੰਘ ਪੰਮਾ ਅਤੇ ਉਨ੍ਹਾਂ ਦੇ ਸਪੁੱਤਰ ਸ. ਸੁਖਰਾਜ ਸਿੰਘ ਪੰਮਾ ਅਟਾਰਨੀ ਐਟ ਲਾਅ**

**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ 44ਵੇਂ ਮਹਾਨ ਨਗਰ ਕੀਰਤਨ ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ**

# 510.487.3254

# General Contractors

## CHANA CONSTRUCTION

Residential & Commercial

Since 1989


Licence No. 554005

## Custom Homes & Additions

**ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ ਅਮਰੀਕਾ ਵਿਚ ਆਪਣੀ ਕੰਪਨੀ ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।**



*COMMERCIAL*






*RESIDENTIAL*

### COMMERCIAL

- New Homes
- Additon
- 2nd Story addition
- Kitchan Bath
- ADU

### RESIDENTIAL

- Shopping Centre
- Tenant Improvement
- Liqour Store
- Dental Office
- Restaurant
- Pharmacy

Google

FIVE STAR
CUSTOMER RATING



## Serving The Bay Area For Past More Then 43+ Years

* Insurance Bonded*

Contact :

**Bhupinder S. Chana**
**Devinder S. Chana**

**FAX : 510-487-0804**



**dschana@chanacoustruction.com**
**www.chanacontruction.com**



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਕਮਿਊਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ





# ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ










ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ
ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ
ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ
ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ

**ਡਾ.ਜਸਪਾਲ ਸਿੰਘ ਸੈਣੀ ਨਾਰਥ ਰਿਜ਼ ਕੈਲੀਫੋਰਨੀਆ**

# ਚਮੜੀ-ਰੋਗ ਸੋਰਾਇਸਿਸ (ਚੰਬਲ) ਦਾ ਵੱਧਿਆ ਅੰਕੜਾ

*''ਸੋਰਾਇਸਿਸ ਦੀ ਹਾਲਤ ਵਿੱਚ ਚਮੜੀ ਜ਼ਿਆਦਾ ਖੁਸ਼ਕ ਹੋ ਜਾਣ ਦੀ ਹਾਲਤ ਵਿੱਚ ਖੂਨ ਆਉਣਾ, ਪਲਕਾਂ, ਮੱਥਾ, ਕੰਨਾਂ ਦੇ ਪਿੱਛੇ, ਮੂੰਹ, ਲਿਪਸ, ਹੱਥ-ਪੈਰ, ਨਾਖੁਨਅਤੇ ਖੋਪੜੀ 'ਤੇ ਅਸਰ ਦੇਖਿਆ ਜਾਂਦਾ ਹੈ। ਕੋਈ ਵੀ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ'' - ਅਨਿਲ ਧੀਰ. ਕਾਲਮਨਿਸਟ, ਥੈਰਾਪਿਸਟ, ਸੋਸ਼ਲ ਐਕਟੀਵਿਸਟ*



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਵਿਸ਼ਵ ਸੋਰਾਇਸਿਸ ਦਿਵਸ, 29 ਅਕਤੂਬਰ, 2023 ਵਾਲੇ ਦਿਨ ਕਮਿਉਨਿਟੀ, ਸਾਮਾਜਿਕ ਸੰਸਥਾਂਵਾਂ, ਸਰਕਾਰੀ-ਗੈਰ-ਸਰਕਾਰੀ ਪੱਧਰ 'ਤੇ ਇਸ ਨਾਮੁਰਾਦ ਬਿਮਾਰੀ ਤੋਂ ਬਚਾਅ ਅਤੇ ਇਲਾਜ਼ ਲਈ ਜਾਗਰੁਕ ਕੀਤਾ ਗਿਆ। ਇਹ ਰੋਗ ਨਾ ਸਿਰਫ ਸਰੀਰਕ ਤੌਰ 'ਤੇ ਬਲਕਿ ਸਮਾਜਿਕ, ਭਾਵਨਾਤਮਕ ਅਤੇ ਵਿੱਤੀ ਤੌਰ ਤੇ ਵੀ ਅਸਰ ਕਰ ਰਿਹਾ ਹੈ। ਵਿਸ਼ਵ ਭਰ ਵਿੱਚ ਕਰੀਬਨ 126 ਮਿਲੀਅਨ ਲੋਕਾਂ ਦਾ ਆਂਕੜਾ ਚਮੜੀ ਡਰਾਈ ਹੋ ਜਾਣ ਦੀ ਹਾਲਤ ਵਿੱਚ ਫਟਣ ਨਾਲ ਬਲੱਡ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸਦਾ ਅਸਰ ਪਲਕਾਂ, ਮੱਥਾ, ਕੰਨਾਂ ਦੇ ਸੋਰਾਇਟਿਕ ਗਠੀਆ, ਗੁਟੇਟ ਚੰਬਲ, ਉਲਟਾ ਚੰਬਲ, ਪਸਟੁਲਰ ਚੰਬਲ, ਏਰੀਥਰੋਡਰਮਿਕ ਚੰਬਲ, ਦਾ ਦੇਖਿਆ ਜਾਂਦਾ ਹੈ। ਪਲੇਕ ਚੰਬਲ ਕਿਸੇ ਵੀ ਹਿੱਸੇ ਤੇ ਹੋਣ ਦੀ ਹਾਲਤ ਵਿੱਚ ਖਾਰਸ਼ ਦੇ ਨਾਲ ਜਲਨ, ਦਰਦ, ਲਾਲੀ ਅਤੇ ਜਖਮਾਂ ਤੇ ਚਾਂਦੀ ਵਰਗੇ ਦਾਗਾ ਦਾ ਕਾਰਨ ਬਣ ਜਾਂਦਾ ਹੈ। ਯੋਨ-ਅੰਗਾਂ ਤੇ ਅਸਰ ਦੇਖਿਆ ਜਾ ਸਕਦਾ ਹੈ। ਕਰੀਬਨ 80% ਲੋਕ ਖੋਪੜੀ ਖੁਸ਼ਕ ਹੋਣ ਨਾਲ ਤੇਜ਼ ਖਾਰਸ਼, ਫਲੇਕਸ, ਤੇ ਖੂਨ





ਦੱਸਿਆ ਜਾ ਰਿਹਾ ਹੈ। ਚੰਬਲ ਕਿਸੇ ਵੀ ਉਮਰ ਵਿੱਚ, ਲੇਕਿਨ 16 ਤੋਂ 40 ਸਾਲ ਦੀ ਉਮਰ ਦੇ ਲੋਕ ਨੂੰ ਜ਼ਿਆਦਾ ਸੰਭਾਵਨਾ ਰਹਿੰਦੀ ਹੈ।

ਇਸ ਬਿਮਾਰੀ ਦੀ ਹਾਲਤ ਵਿੱਚ ਚਮੜੀ ਲਾਲ, ਖੁਰਦਰੀ ਅਤੇ ਸਿਲਵਰ ਰੰਗ ਦੀ ਦਿਸਦੀ ਹੈ। ਪਿੱਛੇ, ਮੂੰਹ, ਲਿਪਸ, ਹੱਥ-ਪੈਰ, ਨਾਖੁਨ, ਖੋਪੜੀ ਤੇ ਅਸਰ ਦੇਖਿਆ ਜਾਂਦਾ ਹੈ। ਕੋਈ ਵੀ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਸੋਰਾਇਸਿਸ ਕਈ ਕਿਸਮ ਦੀ ਯਾਨਿ ਪਲੇਕ ਚੰਬਲ, ਖੋਪੜੀ ਦਾ ਚੰਬਲ, ਨਾਖੁਨ ਚੰਬਲ, ਨਿਕਲ ਸਕਦਾ ਹੈ। ਸੋਰਾਇਸਿਸ ਦੀ ਕਿਸਮ ਅਤੇ ਉਮਰ ਦੇ ਮੁਤਾਬਿਕ ਲੱਛਣ ਦੇਖਣ ਨੂੰ ਮਿਲ ਸਕਦੇ ਹਨ।

ਇਸ ਜਿੱਦੀ ਬਿਮਾਰੀ ਦੇ ਕਾਰਨਾਂ ਤੇ ਅੱਜ ਵੀ ਰਿਸਰਚ ਜਾਰੀ ਹੈ। ਇਹ ਇੱਕ ਸਵੈ-ਪ੍ਰਤੀਰੋਧਕ



ਬਿਮਾਰੀ ਹੋ ਸਕਦੀ ਹੈ, ਹਾਲਾਂਕਿ ਅਜੇ ਤੱਕ ਕਿਸੇ ਵੀ ਜਿੰਮੇਵਾਰ ਐਂਟੀਜਨ ਨੂੰ ਨਾਮ ਨਹੀਂ ਦਿੱਤਾ ਗਿਆ। ਚੰਬਲ ਦੀ ਹਾਲਤ ਵਿੱਚ ਚਮੜੀ ਦੇ ਟੀ ਅਤੇ ਚਿੱਟੇ ਸੈੱਲ ਰੋਲ ਅਦਾ ਕਰਦੇ ਹਨ। ਇਹ ਬਿਮਾਰੀ ਇਮਿਊਨ ਸਿਸਟਮ ਨੂੰ ਕਮਜੋਰ ਕਰ ਸਕਦੀ ਹੈ।

**ਲੋੜ ਹੈ ਧਿਆਨ ਰੱਖਣ ਦੀ :**

- ਸਰੀਰ ਅੰਦਰ ਖੂਨ ਦੀ ਕਮੀ ਨਾ ਹੋਣ ਦਿਓ ਅਤੇ ਇਮੀਊਨ ਸਿਸਟਮ ਨੂੰ ਆਪਣੀ ਪੌਸ਼ਟਿਕ ਖੂਰਾਕ ਦੁਆਰਾ ਮਜਬੂਤ ਬਣਾਓ। ਘੱਟ ਕੈਲੋਰੀ, ਗਲੂਟਨ-ਫ੍ਰੀ, ਐਂਟੀਆਕਸੀਡੈਂਟ ਭੋਜਨ, ਫਿਸ਼-ਆਇਲ ਸਪਲੀਮੈਂਟਸ ਹੈਲਪ ਕਰ ਸਕਦੇ ਹਨ।
- ਸਰੀਰ ਦੀ ਸਫਾਈ ਪੂਰਾ ਖਿਆਲ ਰੱਖੋ। ਕਾਸਮੈਟਿਕਸ ਆਪਣੇ ਮਾਹਿਰ ਦੀ ਸਲਾਹ ਨਾਲ ਇਸਤੇਮਾਲ ਕਰੋ।
- ਡੇਲੀ 10-12 ਗਿਲਾਸ ਪਾਣੀ ਜਰੂਰ ਪੀਓ।
- ਵਰਕ-ਪਲੇਸ ਤੇ ਕੈਮੀਕਲਸ ਨਾਲ ਕੰਮ ਕਰਨ ਵਾਲੇ ਆਪਣਾ ਜ਼ਿਆਦਾ ਧਿਆਣ ਰੱਖਣ।
- ਚੰਬਲ ਦੇ ਰੋਗੀ ਆਪਣੇ ਕਪੜੇ, ਕਾਸਮੈਟਿਕਸ ਕਿਸੇ ਨਾਲ ਸਾਂਝੇ ਨਾ ਕਰਨ।
- ਚਮੜੀ ਖੁਸ਼ਕ ਨਾ ਹੋਣ ਦਿਓ, ਨੇਚੁਰਲ, ਫਰੈਗਰੈਂਸ-ਫ੍ਰੀ ਮੁਾਇਸਚਰਾਇਜਰ ਵਰਤੋ।
- ਇਲਾਜ਼ ਵਿੱਚ ਟੋਪੀਕਲ ਦਵਾਈਆਂ, ਲਾਈਟ ਥੇਰੈਪੀ, ਸਿਸਟੈਮਿਕ ਮੈਡੀਸਨ ਅਤੇ ਬਲੱਡ ਦੀ ਜਾਂਚ ਦੀ ਹੈਲਪ ਲਈ ਜਾਂਦੀ ਹੈ। ਦਵਾਈਆਂ ਵਿੱਚ ਕੈਲਸੀਪ੍ਰੋਟੀਨ ਅਤੇ ਕੈਲਸੀਟ੍ਰੀਓਲ, ਐਂਥਾਲਿਨ, ਤਜ਼ਾਰੋਟਿਨ, ਟੈਕਰੋਲੀਮਸ ਅਤੇ ਪਾਈਮਕ੍ਰੋਲੀਮਸ, ਸੈਲੀਸਾਈਲਿਕ ਐਸਿਡ, ਕੋਲ-ਟਾਰ, ਅਤੇ ਖੁਸ਼ਕ ਚਮੜੀ ਲਈ ਮੁਅਸਿਚਰਾਇਜ਼ਰ ਵਗੈਰਾ ਮਾਹਿਰ ਬਿਮਾਰੀ ਦੀ ਹਾਲਤ ਦੇ ਮੁਤਾਬਿਕ ਇਸਤੇਮਾਲ ਕਰਦੇ ਹਨ। ਇਸ ਬਿਮਾਰੀ ਦੌਰਾਣ ਕੋਈ ਵੀ ਦਵਾਈ ਆਪਣੀ ਮਰਜੀ ਨਾਲ ਨਾ ਲਵੋ।

ਨੋਟ : ਹਾਈ ਬਲੱਡ-ਪੈਸ਼ਰ, ਡਾਇਬਟੀਜ਼, ਦਿਲ ਦੀ ਬਿਮਾਰੀ, ਮੋਟਾਪਾ, ਕਿਡਨੀ-ਰੋਗ, ਪਾਰਕਿੰਜਨਜ਼ ਅਤੇ ਜ਼ਿਆਦਾ ਅਲਕੋਹਲ ਪੀਣ ਵਾਲੇ, ਸਿਗਰੇਟ, ਡਰਗਜ਼, ਅਤੇ ਲਗਾਤਾਰ ਜੰਕ ਫੂਡ ਅਤੇ ਮਿਰਚ-ਮਸਾਲੇ ਵਾਲਾ ਭੋਜਨ ਲੈਣ ਵਾਲੇ ਬਿਮਾਰੀ ਦੇ ਘੇਰੇ ਵਿੱਚ ਛੇਤੀ ਆ ਸਕਦੇ ਹਨ। ਕਿਸੇ ਹੋਰ ਬਿਮਾਰੀ ਅਤੇ ਚੰਬਲ ਰੋਗ ਦੇ ਕੋਈ ਵੀ ਲੱਛਣ ਦੀ ਹਾਲਤ ਵਿੱਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਅਤੇ ਚਮੜੀ ਰੋਗਾਂ ਦੇ ਮਾਹਿਰ ਤੋਂ ਬਿਨਾ ਦੇਰੀ ਇਲਾਜ਼ ਕਰਾਓ।

# ਧੌਣ ਦੇ ਦਰਦ ਤੋਂ ਪਾਓ ਛੁਟਕਾਰਾ



- ਲੰਬੇ ਸਮੇਂ ਤੱਕ ਲਗਾਤਾਰ ਗੱਡੀ ਨਾ ਚਲਾਓ।
- ਜੇ ਤੁਹਾਨੂੰ ਪੜ੍ਹਨ-ਲਿਖਣ ਦਾ ਸ਼ੌਕ ਹੈ ਤਾਂ ਵਿਚ-ਵਿਚ ਕੁਝ ਕੰਮ ਬਦਲ ਕੇ ਕਰੋ ਜਾਂ ਆਪਣੀ ਧੌਣ ਅਤੇ ਮੋਢਿਆਂ ਨੂੰ ਆਰਾਮ ਦਿਓ।
- ਜੇ ਤੁਸੀਂ ਬੈਠ ਕੇ ਕੰਮ ਕਰਦੇ ਹੋ ਤਾਂ ਅਜਿਹੇ ਵਿਚ ਹਰ 30 ਮਿੰਟ ਬਾਅਦ ਥੋੜ੍ਹਾ ਉੱਠ ਕੇ ਬਾਹਰ ਤੱਕ ਘੁੰਮ ਆਓ। ਆਪਣੀਆਂ ਮਾਸਪੇਸ਼ੀਆਂ ਨੂੰ ਢਿੱਲਾ ਛੱਡ ਦਿਓ ।ਲਗਾਤਾਰ ਬੈਠ ਕੇ ਕੰਮ ਕਰਨ ਨਾਲ ਸਰੀਰ ਦੀਆਂ ਮਾਸਪੇਸ਼ੀਆਂ ਸਖਤ ਪੈ ਜਾਂਦੀਆਂ ਹਨ ਅਤੇ ਦਰਦ ਸ਼ੁਰੂ ਹੋ ਜਾਂਦੀ ਹੈ।
- ਟੀ. ਵੀ. ਲੰਮੇ ਪੈ ਕੇ ਨਾ ਦੇਖੋ । ਜੇ ਤੁਸੀਂ ਆਰਾਮ ਦੇ ਮੂਡ ਵਿਚ ਹੋ ਤਾਂ ਅਜਿਹੇ ਵਿਚ ਪਲੰਘ ਜਾਂ ਕੁਰਸੀ 'ਤੇ ਆਰਾਮ ਦੀ ਸਥਿਤੀ ਵਿਚ ਬੈਠੋ। ਜ਼ਿਆਦਾ ਸਮੇਂ ਤੱਕ ਟੀ. ਵੀ. ਦੇਖਣਾ ਹੋਵੇ ਤਾਂ ਵਿਚ-ਵਿਚ ਉੱਠਦੇ ਰਹੋ।
- ਢਿੱਡ ਦੇ ਭਾਰ ਸੌਣ ਨਾਲ ਵੀ ਤੁਹਾਡੀ ਧੌਣ ਅਤੇ ਮੋਢੇ ਜਕੜ ਜਾਂਦੇ ਹਨ । ਰਾਤ ਨੂੰ ਸਿੱਧੇ ਸੌਣ ਦੀ ਕੋਸ਼ਿਸ਼ ਕਰੋ । ਵਿਚ-ਵਿਚ ਵੱਖੀ ਭਾਰ ਵੀ ਥੋੜ੍ਹੇ ਸਮੇਂ ਲਈ ਸੌਂ ਸਕਦੇ ਹੋ।
- ਸਿਰਹਾਣਾ ਜ਼ਿਆਦਾ ਉੱਚਾ ਨਾ ਰੱਖੋ। ਨਰਮ ਅਤੇ ਪਤਲੇ ਸਿਰਹਾਣੇ ਦੀ ਵਰਤੋਂ ਕਰੋ।
- ਜ਼ਿਆਦਾ ਨਰਮ ਬਿਸਤਰ 'ਤੇ ਨਾ ਸੌਂਵੋਂ। ਨਾਲ ਨਾਲ ਵੀ ਮਾਸਪੇਸ਼ੀਆਂ ਵਿਚ ਸੁੰਗੜਨ ਆ ਜਾਂਦੀ ਹੈ।
- ਜ਼ਿਆਦਾ ਲਗਾਤਾਰ ਦਰਦ ਰਹਿਣ 'ਤੇ ਡਾਕਟਰ ਤੋਂ ਜਾਂਚ ਕਰਵਾਓ। ਆਪਣੀ ਮਰਜ਼ੀ ਨਾਲ ਦਰਦ ਨਿਵਾਰਕ ਗੋਲੀ ਨਾ ਲਓ। ਡਾਕਟਰੀ ਸਲਾਹ ਨਾਲ ਦਵਾਈਆਂ ਦੀ ਵਰਤੋਂ ਕਰੋ।
- ਕੰਪਿਊਟਰ 'ਤੇ ਲਗਾਤਾਰ ਕੰਮ ਕਰਨ ਵਾਲੇ ਜਾਂ ਜੋ ਲੋਕ ਫੋਨ 'ਤੇ ਜ਼ਿਆਦਾ ਸਮਾਂ ਗੱਲਾਂ ਕਰਦੇ ਹਨ, ਉਨ੍ਹਾਂ ਨੂੰ ਵੀ ਵਿਚ ਥੋੜ੍ਹਾ ਉੱਠ ਕੇ ਧੌਣ ਦੀ ਕਸਰਤ ਕਰ ਲੈਣੀ ਚਾਹੀਦੀ ਹੈ। ਕਦੇ ਵੀ ਫੋਨ ਨੂੰ ਧੌਣ ਅਤੇ ਮੋਢੇ ਦੇ ਵਿਚਾਲੇ ਰੱਖ ਕੇ ਜ਼ਿਆਦਾ ਸਮੇਂ ਤੱਕ ਗੱਲਾਂ ਨਾ ਕਰੋ। ਜਾਂਚ ਕਰਵਾਉਣ ਤੋਂ ਬਾਅਦ ਲਾਭਦਾਇਕ ਕਸਰਤਾਂ ਦੀ ਜਾਣਕਾਰੀ ਫਿਜ਼ੀਓਥਰੈਪਿਸਟ ਤੋਂ ਲਓ। ਲੋਕਾਂ ਦੇ ਕਹੇ ਅਨੁਸਾਰ ਖੁਦ ਕੋਈ ਇਲਾਜ ਨਾ ਕਰੋ।
- ਧੌਣ ਅਤੇ ਮੋਢਿਆਂ ਦੀ ਮਾਲਿਸ਼ ਨਰਮ ਹੱਥਾਂ ਨਾਲ ਕਰਵਾਓ। ਮਾਲਿਸ਼ ਧੌਣ ਤੋਂ ਮੋਢੇ ਵੱਲ ਕਰੋ।
- ਤੌਲੀਏ ਦਾ ਕਾਲਰ ਬਣਾ ਕੇ ਚਾਰੇ ਪਾਸੇ ਕੁਝ ਸਮੇਂ ਲਈ ਲਪੇਟੋ, ਜਿਸ ਨਾਲ ਸਿਰ ਨੂੰ ਸਹਾਰਾ ਮਿਲ ਸਕੇ ।
- ਗਰਮ ਪਾਣੀ ਦੀ ਬੋਤਲ ਨਾਲ ਵੀ ਧੌਣ ਦੇ ਪਿਛਲੇ ਹਿੱਸੇ 'ਤੇ ਟਕੋਰ ਕਰ ਸਕਦੇ ਹੋ। ਜ਼ਿਆਦਾ ਉੱਚੇ-ਨੀਵੇਂ ਸਥਾਨਾਂ 'ਤੇ ਨਾ ਜਾਓ, ਕਿਉਂਕਿ ਝਟਕਾ ਲੱਗਣ ਨਾਲ ਵੀ ਦਰਦ ਵਧ ਸਕਦਾ ਹੈ।
- ਆਟੋ, ਸਕੂਟਰ ਆਦਿ 'ਤੇ ਘੱਟ ਬੈਠੋ।
- ਤੌਲੀਏ ਨੂੰ ਗਰਮ ਪਾਣੀ ਵਿਚ ਭਿਉਂ ਕੇ, ਨਿਚੋੜ ਕੇ ਧੌਣ ਦੇ ਪਿੱਛੇ ਗਰਮ ਸੇਕ ਕਰਨ ਨਾਲ ਵੀ ਆਰਾਮ ਮਿਲਦਾ ਹੈ।
- ਉੱਠਦੇ ਸਮੇਂ ਆਰਾਮ ਨਾਲ ਉੱਠੋ। ਝਟਕਾ ਦੇ ਕੇ ਜਲਦੀ ਨਾ ਉੱਠੋ।
- ਧੌਣ ਨੂੰ ਸੱਜੇ ਤੋਂ ਖੱਬੇ ਵੱਲ ਆਰਾਮ ਨਾਲ ਘੁੰਮਾਓ, ਪਿੱਛੇ ਵੱਲ ਧੌਣ ਲੈ ਜਾਓ।
- ਕੁਝ ਕਸਰਤਾਂ ਲਗਾਤਾਰ ਕਰਦੇ ਰਹਿਣ ਨਾਲ ਤੁਸੀਂ ਧੌਣ ਦੇ ਦਰਦ ਤੋਂ ਕੁਝ ਹੱਦ ਤੱਕ ਛੁਟਕਾਰਾ ਪਾ ਸਕਦੇ ਹੋ ।

ਨੀਤੂ ਗੁਪਤਾ

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਕਮਿਊਨਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਮਨੁੱਖਤਾ ਦੀ ਸੇਵਾ ਕਰਦੇ ਆ ਰਹੇ ਸੰਗਤਾਂ ਦੇ ਸੇਵਾਦਾਰ, ਪੰਜਾਬੀ ਕਲਚਰ, ਪੰਜਾਬੀ ਖੇਡਾਂ, ਪੰਜਾਬੀ ਮਾਂ ਬੋਲੀ ਦੀ ਹਮੇਸ਼ਾ ਸੇਵਾ ਕਰਨ ਵਾਲੇ ਅਤੇ ਕਮਿਉਨਿਟੀ ਦੇ ਕਿਸੇ ਵੀ ਕੰਮ ਨੂੰ ਅੱਗੇ ਹੋਕੇ ਪਹਿਲ ਦੇ ਅਧਾਰ ਉਪਰ ਕਰਨ ਵਾਲੇ

# ਸੰਧੂ ਬ੍ਰਦਰਜ਼

ਸ: ਮਹਿੰਗਾ ਸਿੰਘ ਸੰਧੂ ਸਾਬਕਾ ਸਰਪੰਚ, ਸ: ਲਹਿੰਬਰ ਸਿੰਘ ਸੰਧੂ ਅਤੇ ਸ: ਮਨਜੀਤ ਸਿੰਘ ਸੰਧੂ




## ਅਕਾਲ ਪੁਰਖ ਕੌਮ ਨੂੰ ਆਪਣਾ ਅਜ਼ਾਦ ਦੇਸ਼ ਖਾਲਿਸਤਾਨ ਬਖਸ਼ੇ ਤਾਂ ਕਿ ਕੌਮ ਅਜ਼ਾਦੀ ਦਾ ਨਿੱਘ ਮਾਣ ਸਕੇ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

**ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ**

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਅਮਰੀਕਾ ਦੇ ਸੀਨੀਅਰ ਨੌਜਵਾਨ ਸਿੱਖ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ 5 ਮੈਂਬਰ ਪੈਨਲ ਦੇ ਮੈਂਬਰ, ਬਿਜਨਸਮੈਨ

**ਸ੍ਰ. ਮੱਖਣ ਸਿੰਘ ਕਲੇਰ ਅਤੇ ਸਮੂਹ ਕਲੇਰ ਪਰਿਵਾਰ**

ਬੇਨਤੀ ਕਰਤਾ

## ਸ੍ਰ. ਮੱਖਣ ਸਿੰਘ ਕਲੇਰ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ-ਸ਼ਿਕਾਗੋ

# ਮਹਾਰਾਜਾ ਦਲੀਪ ਸਿੰਘ ਦੀ ਪੈਰਿਸ ਵਿਖੇ 130ਵੀ ਬਰਸੀ ਇਤਿਹਾਸ ਦਾ ਬਣੀ ਹਿੱਸਾ

ਪੈਰਿਸ, (ਦਲਵਿੰਦਰ ਸਿੰਘ ਘੁੰਮਣ) : ਸਿੱਖ ਬਾਦਸ਼ਾਹਤ ਦੇ ਆਖਰੀ ਵਾਰਸ ਮਹਾਰਾਜਾ ਦਲੀਪ ਸਿੰਘ ਦੀ ਮੌਤ ਪੈਰਿਸ ਦੇ ਇਕ ਹੋਟਲ ਵਿੱਚ 22 ਅਕਤੂਬਰ1893 ਨੂੰ ਹੋਈ ਸੀ। ਹੋਟਲ ਦੀ ਸ਼ਨਾਖਤ ਹੋਣ ਤੇ ਫਰਾਂਸ ਦੇ ਸਿੱਖਾਂ ਨੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹਿਲੀ ਵਾਰ 130ਵੀਂ ਬਰਸੀ ਤੇ ਵੱਡੇ ਸਮਾਗਮ ਕੀਤੇ ਗਏ। ਜਿਸ ਵਿੱਚ ਵਿਦੇਸ਼ਾਂ ਵਿੱਚੋ ਸਿੱਖ ਵਿਦਵਾਨ, ਚਿੰਤਕ, ਲੀਡਰ ਸਾਹਿਬਾਨ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਸਵੇਰੇ ਹੋਟਲ ਦੇ ਸਾਹਮਣੇ ਸ਼ਰਧਾ ਪੂਰਵਕ ਫੁੱਲਾਂ ਅਤੇ ਮਹਾਰਾਜ਼ਾ ਦਲੀਪ ਸਿੰਘ ਦੀ ਤਸਵੀਰ ਰੱਖ ਕੇ ਅਰਦਾਸ ਕੀਤੀ ਗਈ ਅਤੇ ਸਿੱਖਾਂ ਵੱਲੋਂ ਆਪਣੀ ਸਰਕਾਰੇ ਏ ਖਾਲਸਾ ਦੇ ਆਖਰੀ ਵਾਰਸ ਨੂੰ ਸ਼ਬਦੀ ਰੂਪੀ ਯਾਦ ਕੀਤਾ।





ਇਸ ਇਤਿਹਾਸ ਦੀ ਗੱਲ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਫਰਾਂਸ ਦੇ ਦੌਰਿਆਂ ਦੁਰਾਨ ਹੋਇਆਂ ਮੁਲਾਕਾਤਾਂ, ਚਰਚਾਵਾਂ ਨਾਲ ਚੇਤਨਾਂ ਪੈਦਾ ਹੋਈ। ਇਸ ਪ੍ਰੋਗਰਾਮ ਨੂੰ ਕਰਨ ਵਿੱਚ ਬਹੁਤ ਉਤਸ਼ਾਹਤ ਯੋਗਦਾਨ ਦਿੱਤਾ। ਸ. ਮਾਨ ਦੇ ਪੁਰਖਿਆਂ ਦੇ ਸਿੱਖ ਰਾਜ ਨੂੰ ਦਿੱਤੀਆਂ ਸੇਵਾਵਾਂ ਦੇ ਨਾਲ ਉਸ ਵਕਤ ਫਰਾਂਸ ਦੇ ਸਿੱਖ ਰਾਜ ਵਿੱਚ ਹਮ ਰੁਤਬਾ ਜਰਨੈਲ ਆਲਾਡ ਨਾਲ ਬਹੁਤ ਦੋਸਤਾਨਾਂ ਸਬੰਧਾਂ ਸਨ। ਜੋ ਇਕੱਠੇ ਹੋ ਤੇ ਸਿੱਖ ਰਾਜ ਦੀ ਬਿਹਤਰੀ ਲਈ ਕੰਮ ਕਰਦੇ ਰਹੇ।

ਗੁਰੂਦੁਆਰਾ ਸਿੰਘ ਸਭਾ ਬੌਬੀਨੀ ਪੈਰਿਸ ਵਿਖੇ ਸ਼ਰਧਾਂਜ਼ਲੀ ਸਮਾਗਮ ਕੀਤੇ ਗਏ ਜਿਸ ਵਿੱਚ ਪਾਠ ਦੇ ਭੋਗ ਉਪਰੰਤ ਮਹਾਰਾਜਾ ਦਲੀਪ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਵਿਦੇਸ਼ਾਂ ਵਿਚੋਂ ਸਿੱਖ ਵਿਦਵਾਨ ਸ. ਪ੍ਰਭਸ਼ਰਨਬੀਰ ਸਿੰਘ ਕਨੈਡਾ, ਸ. ਜਸਪਾਲ ਸਿੰਘ ਬੈਂਸ ਯੂਕੇ, ਸ. ਰਜਿੰਦਰ ਸਿੰਘ ਚਿੱਟੀ ਯੂਕੇ ਉਚੇਚੇ ਤੌਰ ਤੇ ਪਹੁੰਚੇ। ਪ੍ਰੋਗਰਾਮ ਦੇ ਅਰੰਭ ਵਿੱਚ ਸ. ਚੈਨ ਸਿੰਘ ਫਰਾਂਸ ਨੇ ਸੱਭ ਨੂੰ ਜੀ ਆਇਆ ਆਖ ਕੇ ਸ਼ੁਰੂਆਤ ਕੀਤੀ ਗਈ। ਸਿੱਖ ਵਿਦਵਾਨ ਸ. ਪ੍ਰਭਸ਼ਰਨਬੀਰ ਸਿੰਘ ਕਨੇਡਾ ਦੀ ਹਾਜ਼ਰੀ ਨੇ ਸਮਾਗਮ ਨੂੰ ਬਹੁਤ ਉਤਮ ਬਣਾਇਆ। ਸਿੱਖਾਂ ਦੇ ਇਤਿਹਾਸ ਦੀਆਂ ਤੰਦਾਂ ਨੂੰ ਬੀਤੇ ਵਿੱਚ ਹੋਈਆਂ ਗਲਤੀਆ, ਅਜੋਕੀ ਸਿੱਖ ਰਾਜਨੀਤੀ ਅਤੇ ਧਰਮ, ਅਤੇ ਭਵਿੱਖੀ ਰਣਨੀਤੀ ਕਿਹੋ ਜਿਹੀ ਹੋਣ ਨਾਲ ਹੋਂਦ ਨੂੰ ਖਤਰੇ ਤੋਂ ਬਚਾਇਆ ਜਾ ਸਕੇ। ਇਹ ਮੁੱਖ ਵਿਚਾਰ ਦਾ ਹਿਸਾ ਰਿਹਾ। ਸ. ਜਸਪਾਲ ਸਿੰਘ ਬੈਂਸ ਯੂਕੇ ਜੋ ਸੱਤ ਕਿਤਾਬਾਂ ਦੇ ਲੇਖਕ ਹਨ। ਸਿੱਖਾਂ ਦੀ ਵਿਦੇਸ਼ੀ ਰਾਜਨੀਤੀ ਅਤੇ ਸਿੱਖਾਂ ਦੀ ਅਜ਼ਾਦੀ ਲਈ ਕੀਤੇ ਜਾਂ ਹੋ ਰਹੇ ਯਤਨਾਂ ਦੇ ਸਪੱਸ਼ਟ ਲਿਖਾਰੀ ਅਤੇ ਬੁਲਾਰੇ ਹਨ। ਫਰਾਂਸ ਦੇ ਉਭਰਦੇ ਨੌਜਵਾਨ ਫਿਲਮਕਾਰ ਸ. ਨਰਿੰਦਰਪਾਲ ਸਿੰਘ ਚੰਡੋਕ ਨੇ ਆਪਣੇ ਪਾਕਿਸਤਾਨ ਅਤੇ ਦੂਜੇ ਦੇਸ਼ਾਂ ਵਿੱਚ ਇਤ ?ਹਾਸਕ ਪੱਖਾਂ ਦੇ ਤੁਜ਼ਰਬੇ ਸਾਂਝੇ ਕੀਤੇ। ਸ਼ੌ ?ਮਣੀ ਅਕਾਲੀ ਦਲ ਅਮਿ ?ਤਸਰ ਦੇ ਯੂਕੇ ਦੇ ਸੀਨੀਅਰ ਲੀਡਰ ਸ. ਰਜਿੰਦਰ ਸਿੰਘ ਚਿੱਟੀ ਨੇ ਵਿਚਾਰਾ ਦੀ ਸਾਂਝ ਕੀਤੀ। ਦੇਸ, ਵਿਦੇਸ਼ਾਂ ਵਿੱਚੋ ਸੱਭ ਆਏ ਬੁਲਾਰਿਆਂ ਨੂੰ ਭਾਈ ਸਰਦੂਲ ਸਿੰਘ ਜੀ ਹੈਡ ਗ੍ਰੰਥੀ ਸਾਹਿਬ ਨੇ ਸਨਮਾਨ ਪੱਤਰ ਦੇ ਕੇ ਸਿਰਪਾਉ ਦੀ ਬਖਸ਼ਿਸ ਕੀਤੀ। ਅਖੀਰ ਵਿੱਚ ਸ. ਰਘਬੀਰ ਸਿੰਘ ਕੌਹਾੜ ਨੇ ਆਪਣੇ ਆਏ ਸੱਭ ਮਹਿਮਾਨਾਂ ਦਾ ਧੰਨਵਾਦ ਕਰਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ। ਸਮਾਗਮ ਵਿੱਚ ਸਭ ਬੁਲਾਰਿਆਂ ਨੇ ਇਸ ਯਤਨ ਨੂੰ ਬਹੁਤ ਵੱਡਾ ਇਤਿਹਾਸਕ, ਯਾਦਗਾਰੀ ਅਤੇ ਫਰਾਂਸ ਦੇ ਮਹਾਰਾਜਾ ਦਲੀਪ ਸਿੰਘ ਦੀ ਸਿੱਖ ਬਾਦਸ਼ਾਹਤ ਨਾਲ ਸਬੰਧਾ ਦੀ ਇਸ ਕੋਸ਼ਿਸ ਨੂੰ ਪਹਿਲ ਕਿਹਾ। ਸਿੱਖ ਰਾਜ ਦੀ ਰਾਜਧਾਨੀ ਲਾਹੋਰ ਦੇ ਪੈਰਿਸ ਨਾਲ ਇਤਿਹਾਸ ਦੇ ਪਹਿਲੂਆਂ ਨੂੰ ਘੋਖਣਾ ਬਹੁਤ ਜਰੂਰੀ ਦੱਸਿਆ। ਸਿੱਖਾਂ ਦਾ ਫਰਾਂਸ ਨਾਲ ਬਹੁਤ ਵੱਡਾ ਸਬੰਧ ਹੈ। ਸੰਸਾਰ ਜੰਗ ਵਿੱਚ ਵੀ ਸਿੱਖਾਂ ਨੇ ਫਰਾਂਸ ਦੀ ਅਜ਼ਾਦੀ ਵਿੱਚ ਅਹਿਮ ਹਿਸਾ ਪਾਇਆ। ਅੱਜ ਵੀ ਜੰਗੀ ਇਤ ?ਹਾਸਕ ਥਾਵਾਂ ਤੇ ਸਿੱਖਾਂ ਦੇ ਜੁਝਾਰੂ ਪਨ ਦੇ ਨਿਸ਼ਾਨ ਮਿਲਦੇ ਹਨ। ਸਮਾਗਮ ਵਿੱਚ ਪਹੁੰਚੀ ਸਮੂਹ ਸੰਗਤ ਦੀ ਹਾਜ਼ਰੀ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਗੁਰੂਘਰ ਵਿੱਚ ਤਸਵੀਰ ਨੂੰ ਬਹੁਤ ਸਤਿਕਾਰ ਸਾਹਿਤ ਸ਼ਸੋਭਿਤ ਕੀਤਾ ਗਿਆ।

'ਦਮਦਮੀ ਮੰਚ' ( ਸਾਹਿਤਕ ) ਵੱਲੋ ਪੰਜਾਬ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਇਕ ਕਿਤਾਬਾਂ ਦੀ ਪ੍ਰਦਰਸ਼ਨੀ ਲਾਈ ਗਈ। ਜਿਸ ਵਿੱਚ ਸੰਗਤਾਂ ਬਹੁਤ ਉਤਸ਼ਾਹ ਨਾਲ ਇਸ ਯਤਨ ਦੀ ਸਲਾਘਾ ਕੀਤੀ ਅਤੇ ਵੱਡੀ ਤਾਦਾਤ ਵਿੱਚ ਆਪਣੇ ਆਪ ਨਾਲ ਜੁੜਣ ਲਈ ਕਿਤਾਬਾਂ ਦੀ ਖਰੀਦ ਕੀਤੀ। ਸ. ਦਲਵਿੰਦਰ ਸਿੰਘ ਘੁੰਮਣ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਰਪ ਯੂਥ ਵੱਲੋ ਆਪਣੇ ਸਾਥੀਆਂ ਸ. ਹਰਜਾਪ ਸਿੰਘ ਜਾਪ, ਸ. ਜਗਜੀਤ ਸਿੰਘ ਚੀਮਾ, ਸ. ਜਸਪਾਲ ਸਿੰਘ ਪੰਨੂ, ਸ. ਤਲਵਿੰਦਰ ਸਿੰਘ ਮਾਵੀ, ਸ. ਨਿਹਾਲ ਸਿੰਘ ਸੂਭਾਨਪੁਰ, ਸ. ਬਰਮ ਸਿੰਘ ਪੰਨੂ, ਸ. ਅਜੇਪਾਲ ਸਿੰਘ, ਸ. ਹਰਜਾਪ ਸਿੰਘ ਸੰਘਾ, ਸ. ਤਜਿੰਦਰ ਸਿੰਘ, ਸ. ਸ਼ਰਨਜੀਤ ਸਿੰਘ ਪੂੰਨੀ, ਸ. ਹਰਵਿੰਦਰ ਸਿੰਘ, ਸ. ਸ਼ੇਰ ਸਿੰਘ ਸਮੇਤ ਸੱਭ ਆਗੂਆਂ ਨੇ ਸੁਝੱਜੇ ਢੰਗ ਨਾਲ ਸਮਾਗਮ ਨੂੰ ਨੇਪੜੇ ਚਾੜਿਆ। ਸ. ਹਰਦੀਪ ਸਿੰਘ ਔਜਲਾ, ਮੌਹਿਤਪ੍ਰੀਤ ਸਿੰਘ ਦੀਆਂ ਅਹਿਮ ਸੇਵਾਵਾਂ ਰਹੀਆਂ।

ਸ. ਸਤਨਾਮ ਸਿੰਘ ਘੁੰਮਣ, ਬਲਦੇਵ ਸਿੰਘ ਘੁੰਮਣ, ਸ. ਕੁਲਵੰਤ ਸਿੰਘ, ਸ. ਮਹਿੰਦਰ ਸਿੰਘ ਗੁਰੂਦੁਆਰਾ ਸਾਹਿਬ ਮੱਖਣਸ਼ਾਹ ਲੁਬਾਣਾ, ਸ. ਕਸ਼ਮੀਰਾ ਸਿੰਘ ਗੋਸਲ, ਸ. ਸਿੰਗਾਰਾ ਸਿੰਘ ਮਾਨ, ਬਾਬਾ ਸਵਿੰਦਰ ਸਿੰਘ, ਸ. ਪ੍ਰਮਜੀਤ ਸਿੰਘ ਸੋਹਲ, ਸ. ਸੁੱਖਵੀਰ ਸਿੰਘ ਕੰਗ, ਸ. ਰਾਜਬੀਰ ਸਿੰਘ ਤੂੰਗ, ਸ. ਬਸੰਤ ਸਿੰਘ ਪੰਜਹੱਥਾ, ਸ. ਬਲਦੇਵ ਸਿੰਘ ਜੋਸ਼ਨ, ਸ. ਰਾਜਬੀਰ ਸਿੰਘ ਖਿੰਡਾ, ਸ. ਜਗਜੀਤ ਸਿੰਘ ਰਾਠੋਰ. ਸ. ਬਲਬੀਰ ਸਿੰਘ ਬਿੱਲਾ ਆਦਿ ਆਗੂਆਂ ਨੇ ਹਾਜ਼ਰੀ ਭਰੀ। ਸਭ ਦਾ ਸੰਗਤਾਂ, ਸਮੂਹ ਗੁਰੂਦੁਆਰਾ ਸਾਹਿਬ ਦੀਆਂ ਕਮੇਟੀਆਂ ਸਮੇਤ ਸੱਭ ਜਥੈਬੰਦੀਆਂ ਨੇ ਅਹਿਮ ਯੋਗਦਾਨ ਦਿੱਤਾ। ਮੀਡੀਏ ਵੱਲੋ ਸੇਵਾ ਰੂਪੀ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ ਕੀਤਾ ਗਿਆ। ਸਮਾਗਮ ਵਿੱਚ ਵਿਸਰੇ ਨਾਵਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਜਾਦਾ ਹੈ।

ਇਹਨਾਂ ਸਾਰੇ ਸਮਾਗਮਾਂ ਦੇ ਸਾਰ ਅਰਥ ਆਪਣੇ ਖੁੱਸੇ ਰਾਜ ਦੀ ਪ੍ਰਾਪਤੀ ਲਈ ਮਹਾਰਾਜੇ ਦੇ ਆਖਰੀ ਯਤਨਾਂ ਨੂੰ ਪੂਰੇ ਕਰਨ ਲਈ ਕੀਤੇ ਸੰਘਰਸ਼ ਲਈ ਉਹਨਾਂ ਨੂੰ ਸਿਜਦਾ ਕਰਦਾ ਹੈ। ਕੌਮ ਲਈ ਆਪਣੀ ਆਜਾਦ ਹੋਂਦ ਦੇ ਅਕੀਦੇ, ਇਰਾਦਿਆਂ ਦੇ ਸੱਚੇ ਪਾਂਧੀ ਬਨਣ ਦੀ ਲੋੜ ਹੈ। ਨਵੀ ਪੀੜ੍ਹੀ ਦੇ ਮੱਥੇ ਤੇ ਇਹ ਇਤਿਹਾਸ ਲਿਖਣ ਦੀ ਜਰੂਰਤ ਹੈ। ਨਵੀ ਆਸ ਨਾਲ ਸੱਭ ਦਾ ਧੰਨਵਾਦੇ ਹਾਂ।

# ਭਾਰਤ ਹਮਾਸ ਵੱਲੋਂ ਅਗਵਾ ਕੀਤੇ ਗਏ ਲੋਕਾਂ ਦੀ ਰਿਹਾਈ ਲਈ ਆਪਣਾ ਰਸੂਖ ਵਰਤੇ: ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਕੀਤੇ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਭਾਰਤ ਨੂੰ ਆਪਣੇ ਰਸੂਖ਼ ਦਾ ਇਸਤੇਮਾਲ ਹਮਾਸ ਦੁਆਰਾ ਅਗਵਾ ਕੀਤੇ ਗਏ ਲੋਕਾਂ ਦੀ ਰਿਹਾਈ ਲਈ ਕਰਨਾ ਚਾਹੀਦਾ ਹੈ। ਨਿਹੰਗ ਮੁਖੀ ਨੇ ਕਿਹਾ ਕਿ ਇਜ਼ਰਾਈਲ ਨੇ ਹਮਾਸ ਦਾ ਮੁਕੰਮਲ ਸਫਾਇਆ ਕਰ ਦੇਣ ਦੇ ਬਹਾਲੇ ਆਮ ਨਾਗਰਿਕਾਂ ਉੱਤੇ ਬੰਬ ਸੁੱਟਣ ਤੇ ਜ਼ਰੂਰੀ ਸਪਲਾਈ ਰੋਕ ਦੇਣ ਨਾਲ ਕੌਮਾਂਤਰੀ ਮਾਨਵੀ ਕਾਨੂੰਨਾਂ ਦੀ ਖਿਲਾਫ਼ ਵਰਜ਼ੀ ਕੀਤੀ ਹੈ। ਉਨ੍ਹਾਂ ਕਿਹਾ ਇਜ਼ਰਾਈਲ ਦੀਆਂ ਇਨ੍ਹਾਂ ਕਾਰਵਾਈਆਂ ਕਾਰਨ ਬੱਚਿਆਂ ਅਤੇ ਬੇਕਸੂਰ ਨਾਗਰਿਕਾਂ ਨੂੰ ਅਥਾਹ ਕਸ਼ਟ ਭੋਗਣੇ ਪੈ ਰਹੇ ਹਨ ਅਤੇ ਇਜ਼ਰਾਈਲ ਹਮਾਸ ਟਕਰਾਅ ਨੂੰ ਰੋਕਣ ਦੀਆਂ ਸੰਭਾਵਨਾਵਾਂ ਦਿਨ-ਬ-ਦਿਨ ਘੱਟ ਰਹੀਆਂ ਹਨ। ਇਸ ਤਰ੍ਹਾਂ ਵੱਧ ਰਹੇ ਖ਼ੂਨ-ਖਰਾਬੇ ਦੇ ਹੋਰ ਵੀ ਭਿਆਨਕ ਸਿੱਟੇ ਨਿਕਲ ਸਕਦੇ ਹਨ ਅਤੇ ਇਹ ਯੁੱਧ ਮੱਧ ਪੂਰਬ ਤੋਂ ਬਾਹਰ ਵੀ ਫੈਲ ਸਕਦਾ ਹੈ। ਉਨ੍ਹਾਂ ਕਿਹਾ ਸੰਯੁਕਤ ਰਾਸ਼ਟਰ ਦੀ ਜਾਣਕਾਰੀ ਅਨੁਸਾਰ ਗਾਜ਼ਾ ਵਿਚ ਵੱਡੀ ਗਿਣਤੀ ਵਿੱਚ ਲੋਕ ਮਲਬੇ ਹੇਠ ਦੱਬ ਹੋਏ ਹਨ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ।



ਨਿਹੰਗ ਮੁਖੀ ਨੇ ਕਿਹਾ ਕਿ ਵੱਧ ਰਿਹਾ ਤਨਾਅ ਤਬਾਹੀ ਦਾ ਹੀ ਸੰਕੇਤ ਹੈ। ਉਨ੍ਹਾਂ ਕਿਹਾ ਇਜ਼ਰਾਇਲ ਵੱਲੋਂ ਬਿਨਾਂ ਕਿਸੇ ਰੋਕ-ਟੋਕ ਤੋਂ ਮਨੁੱਖੀ ਸਹਾਇਤਾ ਭੇਜਣ ਅਤੇ ਰਾਜ ਪੱਟੀ ਵਿੱਚ ਜੰਗਬੰਦੀ ਕੀਤੇ ਜਾਣ ਸਬੰਧੀ ਕੀਤੀਆਂ ਜਾ ਰਹੀਆਂ ਅਪੀਲਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ ਹੈ। ਬਾਬਾ ਬਲਬੀਰ ਸਿੰਘ ਨੇ ਕਿਹਾ ਜਿਸ ਤਰ੍ਹਾਂ ਇਜ਼ਰਾਈਲ ਵੱਲੋਂ ਜੰਗ ਦੇ ਅਗਲੇ ਪੜਾਅ ਦੀ ਤਿਆਰੀ ਕੀਤੀ ਜਾ ਰਹੀ ਹੈ, ਉਸ ਤੋਂ ਸਾਫ਼ ਹੈ ਕਿ ਗਾਜ਼ਾ ਵਿੱਚ ਵੱਧ ਰਿਹਾ ਮਨੁੱਖੀ ਸੰਕਟ ਬਦ ਤੋਂ ਬਦਤਰ ਹੀ ਹੋਵੇਗਾ। ਇਹ ਅਜਿਹੀ ਤਰਾਸਦੀ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਭਾਰਤ ਨੂੰ ਆਪਣੇ ਰਸੂਖ਼ ਦਾ ਇਸਤੇਮਾਲ ਗਾਜ਼ਾ ਦੇ ਲੋਕਾਂ ਦੀਆਂ ਤਕਲੀਫਾਂ ਘਟਾਉਣ ਅਤੇ ਹਮਾਸ ਦੁਆਰਾ ਅਗਵਾ ਕੀਤੇ ਗਏ ਲੋਕਾਂ ਦੀ ਰਿਹਾਈ ਲਈ ਕਰਨਾ ਚਾਹੀਦਾ ਹੈ।

# ਫੂਲ ਰਾਜ ਸਿੰਘ ਬਣੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦੇ ਚੇਅਰਮੈਨ

## *ਕੌਮਾਂਤਰੀ ਟੂਰਨਾਮੈਂਟਾਂ 'ਚ ਵੱਧ ਤੋਂ ਵੱਧ ਓਵਰਸੀਜ਼ ਗੱਤਕਾ ਫੈਡਰੇਸ਼ਨਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਵਾਂਗੇ : ਫੂਲ ਰਾਜ ਸਿੰਘ*

ਚੰਡੀਗੜ੍ਹ : ਵਿਸ਼ਵ ਗੱਤਕਾ ਫੈਡਰੇਸ਼ਨ ਨੇ ਦੇਸ਼ ਦੀ ਸਭ ਤੋਂ ਪੁਰਾਣੀ ਰਜਿਸਟਰਡ ਗੱਤਕਾ ਸੰਸਥਾ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ, ਦੇ ਸਹਿਯੋਗ ਨਾਲ ਵਿਸ਼ਵ ਪੱਧਰ 'ਤੇ ਪੈਰ ਪਸਾਰਨ ਲਈ ਆਪਣੇ ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦੀ ਸਥਾਪਨਾ ਕਰਦਿਆਂ ਮਹੱਤਵਪੂਰਨ ਕਦਮ ਚੁੱਕੇ ਹਨ ਅਤੇ ਪ੍ਰਸਿੱਧ ਸਮਾਜ ਸੇਵੀ ਤੇ ਸਟੇਟ ਐਵਾਰਡੀ ਫੂਲ ਰਾਜ ਸਿੰਘ ਸਾਬਕਾ ਕੌਂਸਲਰ ਨੂੰ ਇਸ ਡਾਇਰੈਕਟੋਰੇਟ ਦਾ ਚੇਅਰਮੈਨ ਨਿਯੁਕਤ ਕੀਤਾ ਹੈ ਜੋ ਕਿ ਮਾਰਸ਼ਲ ਆਰਟ ਗੱਤਕੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਫੁੱਲਤ ਕਰਨ ਤੇ ਹਰਮਨ ਪਿਆਰਾ ਬਣਾਉਣ ਲਈ ਇੱਕ ਮਹੱਤਵਪੂਰਨ ਢਾਂਚਾ ਸਥਾਪਿਤ ਕਰਨਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਅਤੇ ਜਨਰਲ ਸਕੱਤਰ ਡਾ: ਦੀਪ ਸਿੰਘ ਨੇ ਦੱਸਿਆ ਕਿ ਇਸ ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦਾ ਮੁੱਢਲਾ ਉਦੇਸ਼ ਗੱਤਕੇ ਨੂੰ ਵਿਸ਼ਵ ਭਰ ਵਿੱਚ ਇੱਕ ਮਾਨਤਾ ਪ੍ਰਾਪਤ ਖੇਡ ਦਾ ਦਰਜਾ ਦਿਵਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਟੀਚਾ ਵੱਖ-ਵੱਖ ਦੇਸ਼ਾਂ ਵਿੱਚ ਕੌਮੀ ਗੱਤਕਾ ਫੈਡਰੇਸ਼ਨਾਂ ਦੇ ਗਠਨ ਕਰਦੇ ਹੋਏ ਪ੍ਰਾਪਤ ਕੀਤਾ ਜਾਵੇਗਾ ਜੋ ਇਸ ਪੁਰਾਤਨ ਖੇਡ ਦੇ ਸਰਵਪੱਖੀ ਵਿਕਾਸ ਦੀ ਨੀਂਹ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਕੰਮ ਕਰਨਗੀਆਂ।

ਉਨ੍ਹਾਂ ਫੂਲ ਰਾਜ ਸਿੰਘ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੰਦਿਆਂ ਦੱਸਿਆ ਕਿ ਡਾਇਰੈਕਟੋਰੇਟ ਦੀਆਂ ਹੋਰ ਜ਼ਿੰਮੇਵਾਰੀਆਂ ਵਿੱਚ ਵਿਦੇਸ਼ਾਂ ਵਿੱਚ ਖਿਡਾਰੀਆਂ ਨੂੰ ਸਿਖਲਾਈ ਅਤੇ ਕੋਚਿੰਗ ਦੀ ਸਹੂਲਤ ਦੇਣਾ ਅਤੇ ਵੱਖ-ਵੱਖ ਦੇਸ਼ਾਂ ਵਿੱਚ ਮੌਜੂਦ 'ਅਖਾੜਿਆਂ' (ਰਵਾਇਤੀ ਗੱਤਕਾ ਸਿਖਲਾਈ ਕੇਂਦਰਾਂ) ਨੂੰ ਵਧੇਰੇ ਸਰਗਰਮ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਡਾਇਰੈਕਟੋਰੇਟ ਵੱਲੋਂ ਸਬੰਧਤ ਦੇਸ਼ਾਂ ਵਿੱਚ ਕੌਮੀ ਪੱਧਰ ਦੇ ਗੱਤਕਾ ਮੁਕਾਬਲੇ ਸ਼ੁਰੂ ਕਰਵਾਏ ਜਾਣਗੇ ਅਤੇ ਵਿਸ਼ਵ ਗੱਤਕਾ ਚੈਂਪੀਅਨਸ਼ਿਪ ਤੋਂ ਪਹਿਲਾਂ ਏਸ਼ੀਅਨ ਅਤੇ ਰਾਸ਼ਟਰਮੰਡਲ ਗੱਤਕਾ ਚੈਂਪੀਅਨਸ਼ਿਪ ਵਰਗੇ ਵੱਕਾਰੀ ਮੁਕਾਬਲਿਆਂ ਵਿੱਚ ਵੱਖ-ਵੱਖ ਮੁਲਕਾਂ ਦੀਆਂ ਗੱਤਕਾ ਟੀਮਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ।



ਹਰਜੀਤ ਸਿੰਘ ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਪ੍ਰਸਿੱਧ ਸੰਗੀਤ ਨਿਰਮਾਤਾ ਜਰਨੈਲ ਘੁਮਾਣ ਦੀ ਹਾਜ਼ਰੀ ਵਿੱਚ ਇੱਕ ਸਾਦੇ ਸਮਾਗਮ ਦੌਰਾਨ ਫੂਲ ਰਾਜ ਸਿੰਘ ਨੂੰ ਰਸਮੀ ਤੌਰ 'ਤੇ ਇਹ ਨਿਯੁਕਤੀ ਪੱਤਰ ਭੇਂਟ ਕੀਤਾ।

ਇਸੇ ਦੌਰਾਨ ਸਟੇਟ ਐਵਾਰਡ ਜੇਤੂ ਫੂਲ ਰਾਜ ਸਿੰਘ ਨੇ ਅੰਤਰਰਾਸ਼ਟਰੀ ਮਾਮਲੇ ਡਾਇਰੈਕਟੋਰੇਟ ਦੇ ਚੇਅਰਮੈਨ ਵਜੋਂ ਨਿਯੁਕਤੀ 'ਤੇ ਉਕਤ ਗੱਤਕਾ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਪ੍ਰਤੀ ਆਪਣੀ ਅਟੱਲ ਵਚਨਬੱਧਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਹ ਆਪਣੇ ਤਜ਼ਰਬੇ ਅਤੇ ਖੇਡ ਜਨੂੰਨ ਸਦਕਾ ਵਿਦੇਸ਼ਾਂ ਵਿੱਚ ਗੱਤਕੇ ਨੂੰ ਪ੍ਰਫੁੱਲਤ ਕਰਨ ਅਤੇ ਸਤਿਕਾਰਤ ਖੇਡ ਬਣਾਉਣ ਲਈ ਆਪਣਾ ਪੂਰਾ ਜ਼ੋਰ-ਤਾਣ ਲਾਉਣਗੇ। ਉਨ੍ਹਾਂ ਕਿਹਾ ਕਿ ਇਸ ਡਾਇਰੈਕਟੋਰੇਟ ਰਾਹੀਂ ਵਿਦੇਸ਼ਾਂ ਵਿੱਚ ਵਸਦੇ ਖਿਡਾਰੀਆਂ ਅਤੇ ਅਖਾੜਿਆਂ ਨੂੰ ਗੱਤਕਾ ਖੇਡ ਦੇ ਉੱਜਲ ਭਵਿੱਖ ਪ੍ਰਤੀ ਜਾਗਰੂਕ ਕਰਦੇ ਹੋਏ ਅਸੀਂ ਵੱਖ-ਵੱਖ ਮੁਲਕਾਂ ਵਿੱਚ ਗੱਤਕਾ ਖੇਡ ਦੀ ਮਜ਼ਬੂਤ ਨੀਂਹ ਸਥਾਪਤ ਕਰਨ ਲਈ ਤਨਦੇਹੀ ਨਾਲ ਕੰਮ ਕਰਾਂਗੇ ਅਤੇ ਭਵਿੱਖ ਵਿੱਚ ਇਸ ਡਾਇਰੈਕਟੋਰੇਟ ਵਿੱਚ ਹੋਰ ਵੀ ਨਿਯੁਕਤੀਆਂ ਕੀਤੀਆਂ ਜਾਣਗੀਆਂ।

ਇਸ ਮੌਕੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਇੰਦਰਜੋਧ ਸਿੰਘ ਨੇ ਬੋਲਦਿਆਂ ਕਿਹਾ ਕਿ ਉਪਰੋਕਤ ਵੱਕਾਰੀ ਗੱਤਕਾ ਸੰਸਥਾਵਾਂ ਦਾ ਇਹ ਕਦਮ ਗੱਤਕੇ ਨੂੰ ਅੰਤਰਰਾਸ਼ਟਰੀ ਮੰਚ 'ਤੇ ਇੱਕ ਯੋਜਨਾਬੱਧ ਅਤੇ ਮਾਨਤਾ ਪ੍ਰਾਪਤ ਖੇਡ ਵਜੋਂ ਉਤਸ਼ਾਹਿਤ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਚੰਡੀਗੜ੍ਹ ਗੱਤਕਾ ਐਸੋਸੀਏਸ਼ਨ ਦੇ ਸਕੱਤਰ ਰਾਜਦੀਪ ਸਿੰਘ ਬਾਲੀ ਨੇ ਕਿਹਾ ਕਿ ਵੱਖ-ਵੱਖ ਦੇਸ਼ਾਂ ਵਿੱਚ ਰਾਸ਼ਟਰੀ ਗੱਤਕਾ ਫੈਡਰੇਸ਼ਨਾਂ ਦਾ ਗਠਨ ਕਰਨਾ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਡਾਇਰੈਕਟੋਰੇਟ ਦੀ ਰਣਨੀਤਕ ਸਥਾਪਨਾ ਗੱਤਕੇ ਨੂੰ ਇੱਕ ਵਿਸ਼ਵਵਿਆਪੀ ਮਹੱਤਵ ਵਾਲੀ ਖੇਡ ਵਜੋਂ ਸਥਾਪਤ ਕਰਨ ਦੀ ਯਾਤਰਾ ਵਿੱਚ ਮਹੱਤਵਪੂਰਨ ਕਦਮ ਹਨ।

ਇਸ ਮੌਕੇ ਹਾਜ਼ਰ ਭਗਵਾਨ ਸਿੰਘ ਗਿੱਲ, ਗੁਰਮੀਤ ਸਿੰਘ ਸੈਣੀ, ਬਲਰਾਜ ਸਿੰਘ ਬਰਾੜ, ਨਿਹਾਲ ਸਿੰਘ, ਹਰਪਾਲ ਸਿੰਘ, ਮਨਜੀਤ ਸਿੰਘ ਅਤੇ ਜਸਮੀਤ ਸਿੰਘ ਜੱਸੀ ਨੇ ਫੂਲ ਰਾਜ ਸਿੰਘ ਦੀ ਨਿਯੁਕਤੀ ਦਾ ਨਿੱਘਾ ਸੁਆਗਤ ਕਰਦਿਆਂ ਭਰੋਸਾ ਪ੍ਰਗਟਾਇਆ ਕਿ ਉਹ ਅੰਤਰਰਾਸ਼ਟਰੀ ਮਾਮਲਿਆਂ ਦੇ ਡਾਇਰੈਕਟੋਰੇਟ ਰਾਹੀਂ ਗੱਤਕੇ ਨੂੰ ਬੇਮਿਸਾਲ ਬੁਲੰਦੀਆਂ 'ਤੇ ਪਹੁੰਚਾਉਣਗੇ

# ਲਾਰੇ ਲਾਉਣ ਦੀ ਰਾਜਨੀਤੀ ਵਿਕਾਸ ਯਾਤਰਾ ਵਿੱਚ ਸਭ ਤੋਂ ਵੱਡਾ ਅੜਿੱਕਾ: ਮੋਦੀ

ਕੇਵੜੀਆ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਲਾਰੇ ਲਾਉਣ ਦੀ ਰਾਜਨੀਤੀ ਦੇਸ਼ ਦੀ ਵਿਕਾਸ ਯਾਤਰਾ ਵਿਚ ਸਭ ਤੋਂ ਵੱਡਾ ਅੜਿੱਕਾ ਹੈ। ਉਨ੍ਹਾਂ ਇਹ ਵੀ ਕਿਹਾ ਕਿ 'ਇਕ ਬਹੁਤ ਵੱਡਾ ਰਾਜਨੀਤਕ ਵਰਗ' ਹੈ ਜੋ ਸਾਕਾਰਾਤਮਕ ਰਾਜਨੀਤੀ ਕਰਨ ਦਾ ਕੋਈ ਰਾਹ ਨਹੀਂ ਦੇਖ ਸਕਦਾ ਤੇ ਆਪਣੇ ਸੁਆਰਥ ਲਈ ਦੇਸ਼ ਦੀ ਏਕਤਾ ਨਾਲ ਸਮਝੌਤਾ ਵੀ ਕਰ ਸਕਦਾ ਹੈ। ਮੋਦੀ ਨੇ ਕਿਹਾ ਕਿ ਪਿਛਲੇ ਨੌਂ ਸਾਲਾਂ ਵਿਚ ਭਾਰਤ ਦੀ ਅੰਦਰੂਨੀ ਸੁਰੱਖਿਆ ਨੂੰ ਕਈ ਮੋਰਚਿਆਂ ਤੋਂ ਚੁਣੌਤੀ ਮਿਲਦੀ ਰਹੀ ਹੈ, ਪਰ ਸੁਰੱਖਿਆ ਬਲਾਂ ਦੀ ਕਰੜੀ ਮਿਹਨਤ ਕਾਰਨ ਦੇਸ਼ ਦੇ ਦੁਸ਼ਮਣ ਅਤੀਤ ਵਾਂਗ ਸਫ਼ਲ ਨਹੀਂ ਹੋ ਸਕੇ ਹਨ। ਮੋਦੀ ਅੱਜ ਗੁਜਰਾਤ ਦੇ ਨਰਮਦਾ ਜ਼ਿਲ੍ਹੇ ਦੇ ਕੇਵੜੀਆ 'ਚ ਸਥਿਤ 'ਸਟੈਚੂ ਆਫ ਯੂਨਿਟੀ' 'ਤੇ ਇਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਸਰਦਾਰ ਪਟੇਲ ਦੀ ਜੈਅੰਤੀ ਮੌਕੇ ਅੱਜ ਉਨ੍ਹਾਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ। ਪਟੇਲ ਦੀ ਜੈਅੰਤੀ ਭਾਰਤ ਵਿਚ 'ਕੌਮੀ ਏਕਤਾ ਦਿਵਸ' ਵਜੋਂ ਮਨਾਈ ਜਾਂਦੀ ਹੈ। ਪ੍ਰਧਾਨ ਮੰਤਰੀ ਨੇ ਇਸ ਮੌਕੇ ਕਿਹਾ ਕਿ ਇਸ ਸਦੀ ਦੇ ਅਗਲੇ 25 ਸਾਲ ਭਾਰਤ ਲਈ ਸਭ ਤੋਂ ਵੱਧ ਮਹੱਤਵਪੂਰਨ ਹਨ ਤੇ 'ਅਸੀਂ ਇਸ ਨੂੰ ਇਕ ਖ਼ੁਸ਼ਹਾਲ ਤੇ ਵਿਕਸਤਿ ਦੇਸ਼ ਬਣਾਉਣਾ ਹੈ' ਤੇ ਸਰਦਾਰ ਵੱਲਭਭਾਈ ਪਟੇਲ ਤੋਂ ਪ੍ਰੇਰਣਾ ਲੈਂਦਿਆਂ ਇਸ ਟੀਚੇ ਨੂੰ ਹਾਸਲ ਕਰਨਾ ਹੈ। ਮੋਦੀ ਨੇ ਕਿਹਾ ਕਿ ਪਿਛਲੇ ਕਈ ਦਹਾਕੇ ਇਸ ਗੱਲ ਦੇ ਗਵਾਹ ਹਨ ਕਿ ਤੁਸ਼ਟੀਕਰਨ ਕਰਨ ਵਾਲਿਆਂ ਨੂੰ ਅਤਿਵਾਦ, ਇਸ ਦੀ ਹੈਵਾਨੀਅਤ ਕਦੇ ਨਜ਼ਰ ਨਹੀਂ ਆਈ।

ਉਨ੍ਹਾਂ ਕਿਹਾ ਕਿ ਤੁਸ਼ਟੀਕਰਨ ਕਰਨ ਵਾਲੇ ਅਤਿਵਾਦੀ ਗਤੀਵਿਧੀਆਂ ਦੀ ਜਾਂਚ ਕਰਨ ਵਿਚ ਲਾਪਰਵਾਹੀ ਕਰਦੇ ਹਨ ਤੇ ਰਾਸ਼ਟਰ ਵਿਰੋਧੀ ਤੱਤਾਂ ਖ਼ ?ਲਾਫ਼ ਸਖ਼ਤ ਕਾਰਵਾਈ ਕਰਨ ਤੋਂ ਬਚਦੇ ਹਨ। ਮੋਦੀ ਨੇ ਕਿਹਾ ਕਿ ਦੇਸ਼ ਦੀ ਏਕਤਾ ਕਾਇਮ ਰੱਖਣ ਦੇ ਯਤਨਾਂ ਨੂੰ ਇਕ ਪਲ ਲਈ ਵੀ ਨਹੀਂ ਛੱਡਣਾ ਚਾਹੀਦਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਪਿਛਲੀ ਸਦੀ ਵਿਚ ਦੇਸ਼ ਦੀ ਆਜ਼ਾਦੀ ਦੇ ਪਹਿਲੇ 25 ਸਾਲਾਂ ਦਾ ਅਜਿਹਾ ਦੌਰ ਆਇਆ ਜਦ ਹਰ ਭਾਰਤੀ ਨੇ ਆਜ਼ਾਦੀ ਹਾਸਲ ਕਰਨ ਲਈ ਪੂਰੀ ਵਾਹ ਲਾ ਦਿੱਤੀ। ਹੁਣ ਸਾਡੇ ਸਾਹਮਣੇ ਖ਼ੁਸ਼ਹਾਲ ਭਾਰਤ ਲਈ ਅਗਲੇ 25 ਸਾਲਾਂ ਦਾ ਅਜਿਹਾ ਹੀ 'ਅੰਮ੍ਰਿਤ ਕਾਲ' ਇਕ ਮੌਕਾ ਹੈ। ਸਰਦਾਰ ਪਟੇਲ ਦੀ ਪ੍ਰੇਰਣਾ ਨਾਲ ਹਰ ਟੀਚਾ ਹਾਸਲ ਕੀਤਾ ਜਾਵੇਗਾ।' ਮੋਦੀ ਨੇ ਇਸ ਮੌਕੇ ਧਾਰਾ 370 ਨੂੰ ਖ਼ਤਮ ਕਰਨ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਅੱਜ ਜਿੱਥੇ ਵੀ ਹੋਣਗੇ, ਇਸ ਬਾਰੇ ਸਭ ਤੋਂ ਵੱਧ ਖ਼ੁਸ਼ੀ ਮਹਿਸੂਸ ਕਰ ਰਹੇ ਹੋਣਗੇ।

ਉਨ੍ਹਾਂ ਕਿਹਾ ਕਿ ਜੀ20 ਵਿਚ ਭਾਰਤ ਦੀ ਸਮਰੱਥਾ ਦੇਖ ਕੇ ਦੁਨੀਆ ਹੈਰਾਨ ਹੈ। ਮੋਦੀ ਨੇ ਕਿਹਾ ਕਿ ਵੱਖ-ਵੱਖ ਆਲਮੀ ਸੰਕਟਾਂ ਦਰਮਿਆਨ ਸਾਡੀਆਂ ਸਰਹੱਦਾਂ ਸੁਰੱਖਿਅਤ ਹਨ। ਮੋਦੀ ਨੇ ਕਿਹਾ ਕਿ ਗਰੀਬੀ ਨੂੰ ਖ਼ਤਮ ਕਰਨ ਲਈ ਲਗਾਤਾਰ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਦਾਰ ਸਰੋਵਰ ਡੈਮ ਦਾ ਕੰਮ ਪੰਜ-ਛੇ ਦਹਾਕਿਆਂ ਤੋਂ ਲਟਕਿਆ ਹੋਇਆ ਸੀ, ਪਰ ਸਾਰਿਆਂ ਦੇ ਯਤਨਾਂ ਨਾਲ ਪਿਛਲੇ ਕੁਝ ਸਾਲਾਂ ਵਿਚ ਇਹ ਪੂਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਏਕਤਾ ਨਗਰ, ਜਿੱਥੇ ਸਟੈਚੂ ਆਫ ਯੂਨਿਟੀ ਸਥਤਿ ਹੈ, ਨੂੰ ਅੱਜ 'ਆਲਮੀ ਪੱਧਰ ਉਤੇ ਹਰੇ-ਭਰੇ ਸ਼ਹਿਰ' ਦੇ ਰੂਪ ਵਿਚ ਜਾਣਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਥੇ ਸੈਰ-ਸਪਾਟਾ ਵੀ ਵਧਿਆ ਹੈ ਤੇ ਸਥਾਨਕ ਲੋਕਾਂ ਨੂੰ ਮਦਦ ਮਿਲੀ ਹੈ। ਏਕਤਾ ਨਗਰ ਵਿਚ ਪ੍ਰਧਾਨ ਮੰਤਰੀ ਨੇ 160 ਕਰੋੜ ਰੁਪਏ ਦੀਆਂ ਕਈ ਵਿਕਾਸ ਯੋਜਨਾਵਾਂ ਦਾ ਉਦਘਾਟਨ ਕੀਤਾ ਤੇ ਨੀਂਹ ਪੱਥਰ ਵੀ ਰੱਖੇ। ਇਨ੍ਹਾਂ ਪ੍ਰਾਜੈਕਟਾਂ ਵਿਚ ਏਕਤਾ ਨਗਰ ਨੂੰ ਅਹਿਮਦਾਬਾਦ ਨਾਲ ਜੋੜਨ ਵਾਲੀ ਇਕ ਹੈਰੀਟੇਜ ਰੇਲ ਗੱਡੀ, ਨਰਮਦਾ ਆਰਤੀ ਦਾ ਸਿੱਧਾ ਪ੍ਰਸਾਰਨ, ਸਟੈਚੂ ਆਫ ਯੂਨਿਟੀ ਦੇ ਅੰਦਰ ਇਕ ਪੈਦਲ ਮਾਰਗ ਤੇ ਹੋਰ ਸ਼ਾਮਲ ਹਨ।

## 'ਆਜ਼ਾਦੀ ਦਾ ਅੰਮ੍ਰਿਤ ਮਹੋਤਸਵ' ਲੋਕ ਅੰਦੋਲਨ ਬਣਿਆ: ਪ੍ਰਧਾਨ ਮੰਤਰੀ

ਨਵੀਂ ਦਿੱਲੀ: 'ਆਜ਼ਾਦੀ ਦਾ ਅੰਮ ?ਰਿਤ ਮਹੋਤਸਵ' ਮੁਹਿੰਮ ਦੀ ਸਮਾਪਤੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਕਰੀਬ 1000 ਦਿਨਾਂ ਦਾ ਇਹ ਜਸ਼ਨ ਲੋਕ ਅੰਦੋਲਨ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਭਾਰਤ ਨੇ ਕਈ ਉਪਲਬਧੀਆਂ ਹਾਸਲ ਕੀਤੀਆਂ ਹਨ ਤੇ ਦੇਸ਼ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ। ਮੋਦੀ ਨੇ ਇਸ ਮੌਕੇ ਮਹਿਲਾ ਰਾਖਵਾਂਕਰਨ ਬਿੱਲ ਪਾਸ ਹੋਣ ਦਾ ਵੀ ਜ਼ਿਕਰ ਕੀਤਾ। ਉਨ੍ਹਾਂ 2047 ਤੱਕ ਭਾਰਤ ਨੂੰ ਵਿਕਸਤਿ ਮੁਲਕ ਬਣਾਉਣ ਦਾ ਅਹਿਦ ਵੀ ਦੁਹਰਾਇਆ ਤੇ ਨੌਜਵਾਨਾਂ ਨੂੰ ਇਸ ਪਾਸੇ ਕੰਮ ਕਰਨ ਲਈ ਪ੍ਰੇਰਿਆ। ਪ੍ਰਧਾਨ ਮੰਤਰੀ ਨੇ ਇਸ ਮੌਕੇ ਕਰਤਵਿਆ ਪਥ ਉਤੇ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਦੇ ਸਮਾਪਤੀ ਸਮਾਗਮ ਵਿਚ ਵੀ ਹਿੱਸਾ ਲਿਆ। ਉਨ੍ਹਾਂ ਸਰਦਾਰ ਵੱਲਭਭਾਈ ਪਟੇਲ ਦੀ ਜੈਅੰਤੀ ਮੌਕੇ 'ਮੇਰਾ ਯੁਵਾ ਭਾਰਤ' ਪਲੈਟਫਾਰਮ ਵੀ ਲਾਂਚ ਕੀਤਾ।



# ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ



ਅੰਮ੍ਰਿਤਸਰ : ਸਿੱਖਾਂ ਦੇ ਚੌਥੇ ਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਗੁਰੂ ਮਹਾਰਾਜ ਦੀ ਅਸੀਸ ਪ੍ਰਾਪਤ ਕਰਨ ਲਈ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾਵਹੀਰ ਨਿਹੰਗ ਸਿੰਘਾਂ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਰਧਾ ਭਾਵਨਾ ਨਾਲ ਨਤਮਸਤਕ ਹੋਏ।

ਉਨ੍ਹਾਂ ਰਹਿਰਾਸ ਸਾਹਿਬ ਦਾ ਪਾਠ ਸਰਵਣ ਕੀਤਾ ਅਤੇ ਮਨਮੋਹਕ ਹੁੰਦੀ ਆਤਿਸ਼ਬਾਜ਼ੀ ਦਾ ਅਨੰਦ ਲਿਆ। ਉਨ੍ਹਾਂ ਹਰਿਮੰਦਰ ਸਾਹਿਬ ਵਿਖੇ ਸਮੂਹ ਸਿੱਖ ਜਗਤ ਲਈ ਸੁਖਸਾਂਤੀ ਤੇ ਚੜ੍ਹਦੀਕਲਾ ਲਈ ਅਰਦਾਸ ਕੀਤੀ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਹੈਡਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘੂਬੀਰ ਸਿੰਘ ਅਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਮਾਤਾ ਵਿਪਨਪ੍ਰੀਤ ਕੌਰ ਮੁਖੀ ਭਾਈ ਕੁੰਦਨ ਸਿੰਘ ਭਲਾਈ ਟਰੱਸਟ ਲੁਧਿਆਣਾ ਨੂੰ ਮਿਲ ਕੇ ਗੁਰਪੁਰਬ ਦੀ ਵਧਾਈ ਦਿਤੀ ਅਤੇ ਪੰਥ ਦੇ ਭਲੇ ਲਈ ਸ਼ੁਭਕਾਮਨਾਵਾਂ ਵਾਲੀਆਂ ਵਿਚਾਰਾਂ ਸਾਂਝੀਆਂ ਕੀਤੀਆਂ।

ਉਨ੍ਹਾਂ ਕਾਮਨਾ ਕੀਤੀ ਕਿ ਅਕਾਲ ਪੁਰਖ ਸਮੁੱਚੀ ਕੌਮ ਅੰਦਰ ਸਦਭਾਵਨਾ ਵਿਸ਼ਵਾਸ ਇੱਕਜੁਟੱਤਾ ਦੀ ਦ੍ਰਿੜਤਾ ਪ੍ਰਦਾਨ ਕਰਨ ਤਾਂ ਜੋ ਸਿੱਖ ਮਾਰੂ ਸ਼ਕਤੀਆਂ ਨੂੰ ਭਾਜ ਦਿੱਤੀ ਜਾ ਸਕੇ। ਉਨ੍ਹਾਂ ਇਹ ਵੀ ਆਸ ਪ੍ਰਗਟਾਈ ਕਿ ਸਮਾਜ ਅੰਦਰ ਪਨਪ ਰਹੀਆਂ ਬੁਰਾਈਆਂ ਨੂੰ ਠੱਲਣ ਲਈ ਇੱਕ ਦੂਜੇ ਦੇ ਪਿਆਰ ਭਰੇ ਨਿੱਘੇ ਕਲਾਵੇ ਦੀ ਲੋੜ ਤੇ ਜ਼ੋਰ ਦਿੱਤਾ ਹੈ। ਇਸ ਮੌਕੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ, ਬੀਬੀ ਪਰਮਜੀਤ ਕੌਰ ਗੁਰੂ ਅੰਗਦ ਦੇਵ ਨਿਵਾਸ, ਸ. ਈਸ਼ਰ ਸਿੰਘ ਦੌਰਾਹਾ, ਸ. ਪਰਮਜੀਤ ਸਿੰਘ ਬਾਜਵਾ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਗੁਰਮੁੱਖ ਸਿੰਘ ਗੜਵੱਈ ਆਦਿ ਹਾਜ਼ਰ ਸਨ।

# ਅਣਪਛਾਤੇ ਹਮਲਾਵਰਾਂ ਵੱਲੋਂ ਲਾਡੀ ਸ਼ੂਟਰ ਦੀ ਗੋਲੀਆਂ ਮਾਰ ਕੇ ਹੱਤਿਆ

ਫ਼ਿਰੋਜ਼ਪੁਰ : ਇੱਕ ਦਰਜਨ ਤੋਂ ਵੱਧ ਸੰਗੀਨ ਅਪਰਾਧਿਕ ਮਾਮਲਿਆਂ ਵਿਚ ਨਾਮਜ਼ਦ ਗੈਂਗਸਟਰ ਲਾਡੀ ਸ਼ੂਟਰ ਦੀ ਲੰਘੀ ਰਾਤ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਰਾਤ ਸਾਢੇ ਨੌਂ ਵਜੇ ਦੇ ਕਰੀਬ ਸ਼ਹਿਰ ਦੀ ਸਭ ਤੋਂ ਵੱਧ ਭੀੜ-ਭੜੱਕੇ ਵਾਲੀ ਸੜਕ ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਘਟਨਾ ਵਾਲੀ ਥਾਂ ਥਾਣਾ ਸਿਟੀ ਤੋਂ ਮਹਿਜ਼ ਸੌ ਮੀਟਰ ਦੀ ਦੂਰੀ ਤੇ ਸਥਤਿ ਹੈ। ਪੁਲੀਸ ਹਮਲਾਵਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ। ਐਸਪੀ (ਇਨਵੈਸਟੀਗੇਸ਼ਨ) ਰਣਧੀਰ ਕੁਮਾਰ ਨੇ ਦੱਸਿਆ ਕਿ ਲਾਡੀ ਉਪਰ ਵੱਖ-ਵੱਖ ਥਾਣਿਆਂ ਵਿਚ ਪੰਦਰਾਂ ਦੇ ਕਰੀਬ ਮਾਮਲੇ ਦਰਜ ਸਨ। ਉਹ ਕਈ ਕੇਸਾਂ ਵਿਚ ਪੁਲੀਸ ਨੂੰ ਵੀ ਲੋੜੀਂਦਾ ਸੀ,ਪਰ ਇਹਨਾਂ ਦਿਨਾਂ ਵਿਚ ਉਹ ਚੁਪ ਚੁਪੀਤੇ ਆਪਣੀ ਜ਼ਿੰਦਗੀ ਕੱਟ ਰਿਹਾ ਸੀ। ਬੀਤੀ ਰਾਤ ਉਹ ਸ਼ਹਿਰ ਕਿਸੇ ਕੰਮ ਵਾਸਤੇ ਆਇਆ ਸੀ ਜਿਸ ਬਾਰੇ ਹਮਲਾਵਰਾਂ ਨੂੰ ਪਹਿਲਾਂ ਤੋਂ ਹੀ ਜਾਣਕਾਰੀ ਮਿਲ ਗਈ ਸੀ। ਸ਼ਹਿਰ ਦੀ ਮੋਦੀ ਮਿੱਲ ਵਾਲੀ ਸੜਕ ਤੇ ਉਸ ਉਪਰ ਅਚਾਨਕ ਹਮਲਾ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪੁਲੀਸ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ॥



# ਮੁੱਖ ਮੰਤਰੀ ਭਗਵੰਤ ਮਾਨ ਸੂਬੇ ਦੇ ਹਿੱਤਾਂ ਲਈ ਸਾਂਝਾ ਮੋਰਚਾ ਬਣਾਉਣ 'ਚ ਨਾਕਾਮ ਰਹੇ : ਪ੍ਰੋ. ਸਰਚਾਂਦ ਸਿੰਘ



ਅੰਮ੍ਰਿਤਸਰ : ਪੰਜਾਬ ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੇ ਹਿੱਤਾਂ ਲਈ ਸਾਂਝਾ ਮੁਹਾਜ ਤਿਆਰ ਕਰਨ ਵਿੱਚ ਨਾਕਾਮ ਰਹਿਣ ਲਈ ਉਨ੍ਹਾਂ ਦੀ ਸਿਆਸੀ ਯੋਗਤਾ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਸ.ਵਾਈ.ਐਲ ਮੁੱਦੇ 'ਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਸੂਬਾਈ ਸਿਆਸਤਦਾਨਾਂ ਦਾ ਸਮਰਥਨ ਲੈਣ ਦੀ ਬਜਾਏ ਸਿਆਸੀ ਸ਼ੋਹਰਤ ਹਾਸਲ ਕਰਨ ਦੇ ਫੈਸਲੇ ਪਿੱਛੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਪੰਜਾਬ ਵਿਰੋਧੀ ਸੋਚ ਦਾ ਹੱਥ ਹੈ। ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਵੱਲੋਂ ਭਗਵੰਤ ਮਾਨ ਦੀ 'ਬਹਿਸ' ਨੂੰ ਸਵੀਕਾਰ ਕਰਨ ਤੋਂ ਬਾਅਦ ਸਰਕਾਰ ਅਤੇ ਸਰਕਾਰੀ ਤੰਤਰ ਬੇਵੱਸ ਹੋ ਗਿਆ ਹੈ, ਪਰ ਪੰਜਾਬ ਦੇ ਲੋਕ ਭਗਵੰਤ ਮਾਨ ਨੂੰ ਬਹਿਸ ਤੋਂ ਭੱਜਣ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਸੂਬਾਈ ਮੁੱਦੇ 'ਤੇ ਸਾਰਿਆਂ ਵਿੱਚ ਸਹਿਯੋਗ ਅਤੇ ਭਰੋਸਾ ਪੈਦਾ ਕਰਨ ਦੀ ਲੋੜ ਹੈ, ਪਰ ਮੁੱਖ ਮੰਤਰੀ ਮਾਨ ਨੇ ਇਹ ਸਭ ਕੁਝ ਸੁਪਰੀਮ ਕੋਰਟ ਵਿੱਚ ਪੰਜਾਬ ਦੇ ਪਾਣੀਆਂ ਦੇ ਕੇਸ ਦਾ ਸਹੀ ਢੰਗ ਨਾਲ ਵਕਾਲਤ ਕਰਨ ਵਿੱਚ ਆਪਣੀ ਸਰਕਾਰ ਦੀ ਜਾਣਬੁਝ ਕੇ ਕੀਤੀ ਗਈ ਕੁਤਾਹੀ ਨੂੰ ਛੁਪਾਉਣ ਲਈ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਬਾਹਰ ਜਾਣ ਤੋਂ ਬਾਅਦ ਪੰਜਾਬ ਦੇ ਪਾਣੀਆਂ ਨੂੰ ਲੈ ਕੇ ਕੇਜਰੀਵਾਲ ਦਾ ਪੈਂਤੜਾ ਹਮੇਸ਼ਾ ਬਦਲਦਾ ਰਿਹਾ ਹੈ। 'ਆਪ' ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਦੀਪ ਪਾਠਕ ਵੱਲੋਂ ਪੰਜਾਬ ਦੇ ਪਾਣੀਆਂ 'ਤੇ ਹਰਿਆਣਾ ਦੇ 'ਹੱਕ' ਦੀ ਵਕਾਲਤ ਕਰਨਾ ਵੀ ਕੇਜਰੀਵਾਲ ਦੀ ਸੋਚ ਦੀ ਛਾਪ ਛੱਡਦਾ ਹੈ ਕਿ ਪਾਣੀ 'ਤੇ ਸਾਰਿਆਂ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਮਾਹਿਰਾਂ ਨੇ ਹੀ ਨਹੀਂ, ਸਗੋਂ ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਵੀ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਸੋਮਿਆਂ ਦੇ ਜਲਦੀ ਖਾਤਮੇ ਬਾਰੇ ਚੇਤਾਵਨੀ ਦਿੱਤੀ ਹੈ, ਇਸ ਲਈ ਸਾਨੂੰ ਇਸ ਸਬੰਧੀ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮਾਨ ਸਰਕਾਰ ਤੋਂ ਜਵਾਬ ਚਾਹੁੰਦੇ ਹਨ ਕਿ ਪੰਜਾਬ ਸਰਕਾਰ ਧਰਤੀ ਹੇਠਲੇ ਪਾਣੀ ਦੇ ਭੰਡਾਰਾਂ ਨੂੰ ਸਥਿਰ ਕਰਨ, ਪੰਜਾਬ ਦੇ ਦਰਿਆਈ ਪਾਣੀਆਂ 'ਤੇ ਮਾਲਕੀ ਹੱਕ ਹਾਸਲ ਕਰਨ, ਦੂਜੇ ਰਾਜਾਂ ਨੂੰ ਜਾਣ ਵਾਲੇ ਪਾਣੀਆਂ 'ਤੇ ਰਾਇਲਟੀ ਲੈਣ, ਪੰਜਾਬੀਆਂ ਦਾ ਪਰਵਾਸ ਰੋਕਨ, ਸੂਬੇ ਵਿੱਚ ਲੁੱਟ-ਖੋਹ, ਗੈਂਗ ਵਾਰ ਅਤੇ ਹਿੰਸਾ ਕਾਰਨ ਆਮ ਅਤੇ ਖਾਸ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਅਮਨ-ਕਾਨੂੰਨ ਨੂੰ ਸੁਧਾਰਨ ਲਈ ਕੀ ਕਰ ਰਹੀ ਹੈ? ਪਰ ਇੱਥੇ ਨਸ਼ਿਆਂ 'ਤੇ ਕਾਬੂ ਪਾਉਣਾ ਤਾਂ ਦੂਰ ਦੀ ਗੱਲ, ਫੜੇ ਗਏ ਨਸ਼ਾ ਤਸਕਰਾਂ ਦੇ ਮਾਮਲੇ 'ਚ ਢਿੱਲ-ਮੱਠ ਕਾਰਨ ਸਰਕਾਰ ਨੂੰ ਹਾਈਕੋਰਟ ਤੋਂ ਫਟਕਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਸੱਤਾ 'ਚ ਆਉਣ 'ਤੇ ਧਰਨੇ ਦੀ ਲੋੜ ਨਹੀਂ ਪਵੇਗੀ, ਦੇ ਕਾਰਜਕਾਲ ਦੌਰਾਨ ਕਿਸਾਨ, ਮੁਲਾਜ਼ਮ ਅਤੇ ਨੌਕਰੀਆਂ ਨੂੰ ਤਰਸਦੇ ਨੌਜਵਾਨ ਸੜਕਾਂ 'ਤੇ ਧਰਨੇ ਦੇਣ ਲਈ ਮਜਬੂਰ ਹਨ। ਲੋਕ ਜਾਣਨਾ ਚਾਹੁੰਦੇ ਹਨ ਕਿ ਕੇਂਦਰ ਤੋਂ ਸਿਹਤ ਸੇਵਾਵਾਂ/ਸਹੂਲਤਾਂ ਲਈ ਮਿਲੇ 438 ਕਰੋੜ ਰੁਪਏ ਕਿੱਥੇ ਗਏ ਹਨ? ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਬਹਿਸ ਲਈ ਮਨ ਮਰਜ਼ੀ ਨਾਲ ਤਹਿ ਕਰਕੇ ਲੋਕਤੰਤਰ ਵਿੱਚ ਤਾਨਾਸ਼ਾਹੀ ਰਵੱਈਆ ਅਪਣਾਇਆ ਹੈ। ਉਨ੍ਹਾਂ ਭਗਵੰਤ ਮਾਨ ਨੂੰ ਪੰਜਾਬ ਵਿੱਚ ਦਿੱਲੀ ਮਾਡਲ ਨਾ ਅਪਣਾਉਣ ਦੀ ਸਲਾਹ ਦਿੱਤੀ। ਉਨ੍ਹਾਂ ਮੁੱਖ ਮੰਤਰੀ ਮਾਨ ਨੂੰ ਸਵਾਲ ਕੀਤਾ ਕਿ ਉਨ੍ਹਾਂ ਅਨੁਸਾਰ ਪਿਛਲੇ ਸਮੇਂ ਵਿੱਚ ਸਿਆਸਤਦਾਨਾਂ ਨੇ ਪੰਜਾਬ ਨੂੰ 'ਲੁੱਟਿਆ' ਹੈ,ਤਾਂ ਉਨ੍ਹਾਂ ਲੁਟੇਰਿਆਂ ਨੂੰ ਅੰਦਰ ਭੇਜਣ ਤੋਂ ਉਨਾਂ ਨੂੰ ਕੌਣ ਰੋਕ ਰਿਹਾ ਹੈ? ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਤੋਂ ਬਾਹਰਲੇ ਲੋਕਾਂ ਨੂੰ ਰਾਜ ਸਭਾ ਮੈਂਬਰਾਂ ਤੋਂ ਲੈ ਕੇ ਨੌਕਰੀਆਂ ਦੇ ਮੌਕੇ ਦੇ ਕੇ ਪੰਜਾਬੀਆਂ ਨਾਲ ਲਗਾਤਾਰ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਲੋਕਾਂ ਨੂੰ ਖ਼ੁਸ਼ਖਬਰੀ ਦੇਣ ਦੀ ਗੱਲ ਕਰ ਰਹੇ ਹਨ, ਪਰ ਪ੍ਰੋ. ਬਲਵਿੰਦਰ ਕੌਰ ਖ਼ੁਦਕੁਸ਼ੀ ਮਾਮਲੇ ਨੇ ਸਭ ਕੁਝ ਨੰਗਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ 3.27 ਕਰੋੜ ਰੁਪਏ ਦੇ ਕਰਜ਼ੇ ਕਾਰਨ ਅੱਜ ਪੰਜਾਬ ਦੀ ਵਿੱਤੀ ਹਾਲਤ ਬੇਹੱਦ ਤਣਾਅਪੂਰਨ ਹੈ। ਨਾ ਤਾਂ ਮਾਲੀਆ ਵਧ ਰਿਹਾ ਹੈ ਅਤੇ ਨਾ ਹੀ ਵਿਕਾਸ ਦੀ ਰਫ਼ਤਾਰ ਵਿਚ ਆਈ ਖੜੋਤ ਟੁੱਟ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਮਾਈਨਿੰਗ ਤੋਂ 20 ਹਜ਼ਾਰ ਕਰੋੜ ਰੁਪਏ ਕਮਾਉਣ ਤੋਂ ਇਲਾਵਾ ਭ੍ਰਿਸ਼ਟਾਚਾਰ ਮੁਕਤ ਕਰਨ 'ਤੇ ਸਾਲਾਨਾ 54 ਹਜ਼ਾਰ ਕਰੋੜ ਰੁਪਏ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਣ ਦੀ ਗੱਲ ਦਾ ਕੀ ਬਣਿਆ?



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ
ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਸ੍ਰ. ਹਰਜੀਤ ਸਿੰਘ ਜੋਸ਼


ਡਾ. ਬਲਵਿੰਦਰ ਸਿੰਘ


ਡਾ. ਭੁਪਿੰਦਰ ਸਿੰਘ


ਸ੍ਰ. ਕੁਲਵਿੰਦਰ ਸਿੰਘ


ਸ੍ਰ. ਹਰਪਾਲ ਸਿੰਘ


ਸ੍ਰ. ਜਤਿੰਦਰ ਸਿੰਘ ਸੰਧੂ


ਸ੍ਰ. ਹੈਰੀ ਸਿੰਘ


ਸ੍ਰ. ਮਨਮੀਤ ਸਿੰਘ


ਸ੍ਰ. ਤੱਬੀ ਸਿੰਘ


ਸ੍ਰ. ਸਾਹਿਬ ਸਿੰਘ


ਸ੍ਰ. ਰੂਪਵੀਰ ਸਿੰਘ


ਸ੍ਰ. ਕੀਰਤ ਸਿੰਘ




ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ



## 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

# ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ
ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ
ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਅਤੇ ਪੰਥ ਦੇ ਦਾਸ

## ਸ੍ਰ. ਮਨਜੀਤ ਸਿੰਘ ਉੱਪਲ

ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
5 ਨਵੰਬਰ 2023 ਦਿਨ ਐਤਵਾਰ
ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ
ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ
ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਸ. ਰਵਿੰਦਰ ਸਿੰਘ ਧਾਲੀਵਾਲ
ਅਮਰੀਕਾ ਦੇ ਨੌਜਵਾਨ ਸਿੱਖ ਆਗੂ
ਪ੍ਰਧਾਨ : ਗੁਰਦੁਆਰਾ ਸਾਹਿਬ
ਸਟਾਕਟਨ ਕੈਲੀਫੋਰਨੀਆ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਕਮਿਊਨਿਟੀ ਦੇ ਉਘੇ ਨੌਜਵਾਨ ਆਗੂ ਅਤੇ ਨਿਸ਼ਕਾਮ ਸੇਵਕ

## ਸੰਜੇ ਭਟਨਾਗਰ ਅਤੇ ਸਮੂਹ ਭਟਨਾਗਰ ਪਰਿਵਾਰ




ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**5 ਨਵੰਬਰ 2023 ਦਿਨ ਐਤਵਾਰ**

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ
ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ
ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM





ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

ਮੌਕੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈਆਂ

5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।





ਬੇਨਤੀ ਕਰਤਾ : ਗੁਰੂ ਅਤੇ ਪੰਥ ਦੇ ਦਾਸ

ਭਾਈ ਦਰਸ਼ਨ ਸਿੰਘ ਮਾਨ

ਵਿਦਿਆਰਥੀ, ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ

ਮੀਤ ਪ੍ਰਧਾਨ ਗੁਰਦੁਆਰਾ ਸਾਹਿਬ ਐਲਸਬਰਾਂਟੇ ਕੈਲੇਫੋਰਨੀਆ


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
44ਵੇਂ ਮਹਾਨ ਨਗਰ ਕੀਰਤਨ
ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
SUNRISE
TRUCK SERVICE
WE NEED DRIVERS
NECESITAMOS CHOFERS
Buena Paga y Pago Rapido
CA-CA/CA-AZ/ CA-TX
All Year Round
ਹੋਰ ਜਾਣਕਾਰੀ ਲਈ ਸੰਪਰਕ ਕਰੋ
S.Amrik Singh Basra
S.Simmer Singh Basra
15331 Ave.18, Madera, CA 93637
www.sunrisetruck.com
559-673-3800



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 44ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

## 5 ਨਵੰਬਰ 2023 ਦਿਨ ਐਤਵਾਰ

ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# DAL-VER-EX-INC





DALVIR SEMBHI,C.E.O.

ਹੋਰ ਜਾਣਕਾਰੀ ਲਈ ਸੰਪਰਕ ਕਰੋ

# DALVIR SEMBHI

## 209-992-0377

1814 Gordon verner circle Stockton ca

# ਸੁਹਾਗਣਾਂ ਦਾ ਤਿਉਹਾਰ ਹੈ ਕਰਵਾ ਚੌਥ





ਅੱਜ ਦੇ ਨਵੇਂ ਜ਼ਮਾਨੇ ’ਚ ਵੀ ਸਾਡੇ ਦੇਸ਼ ’ਚ ਔਰਤਾਂ ਹਰ ਸਾਲ ਕਰਵਾ ਚੌਥ ਦਾ ਵਰਤ ਪਹਿਲਾਂ ਵਾਂਗ ਪੂਰੀ ਨਿਹਚਾ ਤੇ ਭਾਵਨਾ ਨਾਲ ਮਨਾਉਂਦੀਆਂ ਹਨ ਆਧੁਨਿਕ ਹੁੰਦੇ ਸਮਾਜ ’ਚ ਵੀ ਔਰਤਾਂ ਆਪਣੇ ਪਤੀ ਦੀ ਲੰਮੀ ਉਮਰ ਸਬੰਧੀ ਸੁਚੇਤ ਰਹਿੰਦੀਆਂ ਹਨ ਇਸ ਲਈ ਉਹ ਪਤੀ ਦੀ ਲੰਮੀ ਉਮਰ ਦੀ ਕਾਮਨਾ ਦੇ ਨਾਲ ਕਰਵਾ ਚੌਥ ਦਾ ਵਰਤ ਰੱਖਣਾ ਨਹੀਂ ਭੁੱਲਦੀਆਂ ਹਨ ਪਤਨੀ ਦੇ ਆਪਣੇ ਪਤੀ ਨਾਲ ਕਿੰਨੇ ਵੀ ਗਿਲੇ-ਸ਼ਿਕਵੇ ਹੋਣ, ਪਰ ਕਰਵਾ ਚੌਥ ਆਉਂਦੇ-ਆਉਂਦੇ ਸਭ ਭੁੱਲ ਕੇ ਉਹ ਇਕਾਗਰਚਿੱਤ ਨਾਲ ਆਪਣੇ ਸੁਹਾਗ ਦੀ ਲੰਮੀ ਉਮਰ ਦੀ ਕਾਮਨਾ ਨਾਲ ਵਰਤ ਜ਼ਰੂਰ ਰੱਖਦੀ ਹੈ

ਇਹ ਵਰਤ ਲਗਾਤਾਰ 12 ਜਾਂ 16 ਸਾਲਾਂ ਤੱਕ ਹਰ ਸਾਲ ਰੱਖਿਆ ਜਾਂਦਾ ਹੈ ਮਿਆਦ ਪੂਰੀ ਹੋਣ ਤੋਂ ਬਾਅਦ ਇਸ ਵਰਤ ਦਾ ਉਦਾਪਨ ਕੀਤਾ ਜਾਂਦਾ ਹੈ ਜੋ ਸੁਹਾਗਣ ਔਰਤਾਂ ਜੀਵਨ ਭਰ ਲਈ ਰੱਖਣਾ ਚਾਹੁਣ ਤਾਂ ਉਹ ਜੀਵਨ ਭਰ ਇਸ ਵਰਤ ਨੂੰ ਰੱਖ ਸਕਦੀਆਂ ਹਨ ਸੁਹਾਗਣਾਂ ਆਪਣੇ ਸੁਹਾਗ ਦੀ ਰੱਖਿਆ ਲਈ ਇਸ ਵਰਤ ਦਾ ਪਾਲਣਾ ਕਰਦੀਆਂ ਹਨ। ਭਾਰਤ ਇੱਕ ਧਰਮ ਪ੍ਰਧਾਨ ਤੇ ਆਸਥਾਵਾਨ ਦੇਸ਼ ਹੈ ਇੱਥੇ ਸਾਲ ਦੇ ਸਾਰੇ ਦਿਨਾਂ ਦਾ ਮਹੱਤਵ ਹੁੰਦਾ ਹੈ ਤੇ ਸਾਲ ਦਾ ਹਰ ਦਿਨ ਪਵਿੱਤਰ ਮੰਨਿਆ ਜਾਂਦਾ ਹੈ ਭਾਰਤ ’ਚ ਕਰਵਾ ਚੌਥ ਹਿੰਦੂਆਂ ਦਾ ਇੱਕ ਮੁੱਖ ਤਿਉਹਾਰ ਹੈ ਇਹ ਭਾਰਤ ਦੇ ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਪੰਜਾਬ ਦਾ ਤਿਉਹਾਰ ਹੈ ਇਹ ਕੱਤਕ ਮਹੀਨੇ ਦੀ ਕ੍ਰਿਸ਼ਨ ਪੱਖ ਦੀ ਚਤੁਰਥੀ ਨੂੰ ਮਨਾਇਆ ਜਾਂਦਾ ਹੈ ਇਹ ਵਰਤ ਸਵੇਰੇ ਸੂਰਜ ਨਿੱਕਲਣ ਤੋਂ ਪਹਿਲਾਂ ਕਰੀਬ 4 ਵਜੇ ਤੋਂ ਬਾਅਦ ਸ਼ੁਰੂ ਹੋ ਕੇ ਰਾਤ ਨੂੰ ਚੰਨ ਦੇ ਦਰਸ਼ਨ ਤੋਂ ਬਾਅਦ ਪੂਰਨ ਹੁੰਦਾ ਹੈ ਪੇਂਡੂ ਔਰਤਾਂ ਤੋਂ ਲੈ ਕੇ ਆਧੁਨਿਕ ਔਰਤਾਂ ਕਰਵਾ ਚੌਥ ਦਾ ਵਰਤ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਰੱਖਦੀਆਂ ਹਨ। ਇਹ ਵਰਤ ਔਰਤਾਂ ਲਈ ‘ਚੂੜੀਆਂ ਦਾ ਤਿਉਹਾਰ’ ਨਾਂਅ ਨਾਲ ਵੀ ਪ੍ਰਸਿੱਧ ਹੈ ਸ਼ਾਮ ਦੇ ਸਮੇਂ ਚੰਨ ਦੇ ਨਿੱਕਲਣ ’ਤੇ ਚੰਨ ਦੀ ਪੂਜਾ ਕਰਕੇ ਅਰਘ ਦਿੰਦੀਆਂ ਹਨ। ਇਸ ਤੋਂ ਬਾਅਦ ਪਤੀ ਨੂੰ ਭੋਜਨ ਕਰਾਉਂਦੀਆਂ ਹਨ ਇਸ ਤੋਂ ਬਾਅਦ ਖੁਦ ਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਭੋਜਨ ਕਰਵਾਉਂਦੀਆਂ ਹਨ

**ਇੰਜ ਲਾਓ ਮਹਿੰਦੀ :** ਮਹਿੰਦੀ ਦੇ ਪੱਤਿਆਂ ਨੂੰ ਸੁਕਾ ਕੇ ਬਰੀਕ ਚੂਰਨ ਬਣਾਓ ਮਹਿੰਦੀ ਦਾ ਬਰੀਕ ਚੂਰਨ (ਪਾਊਡਰ) ਬਜ਼ਾਰ ’ਚ ਤਿਆਰ ਵੀ ਮਿਲਦਾ ਹੈ ਇਸ ਚੂਰਨ ਨੂੰ ਮਲਮਲ ਦੇ ਬਰੀਕ ਕੱਪੜੇ ਨਾਲ ਦੋ-ਤਿੰਨ ਵਾਰ ਛਾਣ ਲਓ।

ਨਿੰਬੂ ਦੇ ਛਾਣੇ ਹੋਏ ਰਸ ’ਚ ਨੀਲਗਿਰੀ ਤੇਲ ਦੀਆਂ ਅੱਠ-ਦਸ ਬੂੰਦਾਂ ਪਾਓ ਉਸ ’ਚ ਮਹਿੰਦੀ ਦਾ ਚੂਰਨ ਪਾ ਕੇ ਦੋ ਘੰਟਿਆਂ ਤੱਕ ਭਿਓਂ ਤੇ ਲੇਟੀ ਵਰਗਾ ਬਣਨ ਦਿਓ ਜਾਂ ਪਾਣੀ ’ਚ ਇਮਲੀ ਤੇ ਚਾਹ ਦੀਆਂ ਪੱਤੀਆਂ ਪਾ ਕੇ ਉਬਾਲੋ ਫਿਰ ਪਾਣੀ ਨੂੰ ਛਾਣ ਕੇ ਉਸ ’ਚ ਮਹਿੰਦੀ ਦਾ ਚੂਰਨ ਪਾਓ ਉਸਨੂੰ ਦੋ ਘੰਟਿਆਂ ਤੱਕ ਭਿਉਂ ਕੇ ਲੇਟੀ ਵਰਗਾ ਬਣਨ ਦਿਓ।

ਮਹਿੰਦੀ ਲਾਉਣ ਲਈ ਬਾਰੀਕ ਸਲਾਈ ਜਾਂ ਪਲਾਸਟਿਕ ਦੇ ਕਾਗਜ਼ ਜਾਂ ਪਲਾਸਟਿਕ ਦੀ ਬਰੀਕ ਸਲਾਈ ਤਿਆਰ ਵੀ ਮਿਲਦੀ ਹੈ ਸੂਈ ਦਾ ਨੋਕ ਵਾਲਾ ਹਿੱਸਾ ਵੀ ਮਹਿੰਦੀ ਲਾਉਣ ਦੀ ਵਰਤੋਂ ’ਚ ਲੈ ਸਕਦੇ ਹੋ।

ਇੱਕ ਪਿਆਲੇ ’ਚ ਨਿੰਬੂ ਦਾ ਰਸ ਤੇ ਸ਼ੱਕਰ ਦਾ ਮਿਸ਼ਰਨ ਤਿਆਰ ਰੱਖੋ ਹੱਥਾਂ ਜਾਂ ਪੈਰਾਂ ’ਤੇ ਲੱਗੀ ਮਹਿੰਦੀ ਸੁੱਕ ਕੇ ਝੜ ਨਾ ਜਾਵੇ, ਇਸ ਲਈ ਸਾਫ਼ ਰੂੰ ਦੇ ਫੰਬੇ ਨਾਲ ਉਹ ਮਿਸ਼ਰਨ ਉਨ੍ਹਾਂ ਹਿੱਸਿਆਂ ’ਤੇ ਹੌਲੀ-ਹੌਲੀ ਲਾਓ ਬਾਅਦ ’ਚ ਦੂਜੀ ਮਹਿੰਦੀ ਲਾਉਣ ਦੀ ਸ਼ੁਰੂਆਤ ਕਰੋ ਲਾਈ ਹੋਈ ਮਹਿੰਦੀ ਚਾਰ-ਪੰਜ ਘੰਟਿਆਂ ਬਾਦ ਹਟਾਓ।

ਮਹਿੰਦੀ ਨੂੰ ਹਟਾਉਣ ਤੋਂ ਬਾਅਦ ਉਸ ਹਿੱਸੇ ’ਤੇ ਸਰ੍ਹੋਂ ਦਾ ਤੇਲ ਲਾਓ ਕੜਾਹੀ ਜਾਂ ਤਵੇ ’ਤੇ ਚਾਰ-ਪੰਜ ਲੌਂਗਾਂ ਦਾ ਚੂਰਨ ਪਾ ਕੇ ਗਰਮ ਕਰੋ ਤੇ ਉਸ ਦੇ ਸੇਕ ’ਚ ਮਹਿੰਦੀ ਲੱਗੇ ਹਿੱਸੇ ਨੂੰ ਸੇਕੋ।

ਮਹਿੰਦੀ ਉਤਾਰਨ ਤੋਂ ਬਾਅਦ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖੋ ਕਿ ਜਦੋਂ ਵੀ ਪਾਣੀ ਜਾਂ ਕੋਈ ਵੀ ਕੰਮ ਕਰੋ, ਹੱਥਾਂ ’ਚ ਪਲਾਸਟਿਕ ਦੇ ਦਸਤਾਨੇ ਪਹਿਨ ਲਓ। ਜੇਕਰ ਪਲਾਸਟਿਕ ਦੇ ਦਸਤਾਨੇ ਮੁਹੱਈਆ ਨਾ ਹੋਣ ਤਾਂ ਪਾਲੀਥੀਨ ਦੇ ਪੈਕੇਟ ’ਚ ਹੱਥ ਪਾ ਕੇ ਉੱਪਰੋਂ ਰਬੜ ਬੈਂਡ ਲਾ ਲਓ ਇਸ ਨਾਲ ਜਦੋਂ ਵੀ ਤੁਸੀਂ ਕੰਮ ਕਰੋ ਤਾਂ ਪਾਣੀ ਦਾ ਹੱਥ ਨਾਲ ਸਪੱਰਸ਼ ਨਹੀਂ ਹੋਵੇਗਾ ਇਸ ਤਰ੍ਹਾਂ ਮਹਿੰਦੀ ਵੀ ਨਹੀਂ ਉੱਤਰੇਗੀ ਤੇ ਉਸਦਾ ਰੰਗ ਵੀ ਚਮਕੀਲਾ ਬਣਿਆ ਰਹੇਗਾ।

**ਰੂਪ ਦੀ ਸੁੰਦਰਤਾ ਨਿਖਾਰਨ ਲਈ ਗੁਣਕਾਰੀ ਲੇਪ**

ਆਪਣੇ ਚਿਹਰੇ ਨੂੰ ਸੁੰਦਰ, ਨਿੱਖਰਿਆ ਹੋਇਆ ਤੇ ਚਮਕੀਲਾ ਬਣਾਈ ਰੱਖਣ ਲਈ ਜ਼ਰੂਰੀ ਨਹੀਂ ਹੈ ਕਿ ਮਹਿੰਗੇ ਤੇ ਬਣਾਉਟੀ ਆਧੁਨਿਕ ਸੁੰਦਰਤਾ ਦੇ ਸਾਧਨਾਂ ਦੀ ਹੀ ਵਰਤੋਂ ਕੀਤੀ ਜਾਵੇ ਸਸਤੇ ਤੇ



ਕੁਦਰਤੀ ਘਰੇਲੂ ਉਪਾਵਾਂ ਨਾਲ ਵੀ ਇਹ ਕੰਮ ਕੀਤਾ ਜਾ ਸਕਦਾ ਹੈ ਪੇਸ਼ ਹਨ ਕੁਝ ਸਫ਼ਲ ਪ੍ਰਯੋਗ, ਜਿਨ੍ਹਾਂ ’ਚੋਂ ਤੁਸੀਂ ਕੋਈ ਵੀ ਇੱਕ ਮਨਪਸੰਦ ਉਪਾਅ ਕਰੋ ਜਾਂ ਬਦਲ-ਬਦਲ ਕੇ ਸਾਰੇ ਉਪਾਅ ਥੋੜ੍ਹੇ-ਥੋੜ੍ਹੇ ਦਿਨ ਕਰੋ, ਫਿਰ ਜੋ ਤੁਹਾਡੇ ਲਈ

**ਉਮੇਸ਼ ਕੁਮਾਰ ਸਾਹੂ**

ਅਨੁਕੂਲ ਸਿੱਧ ਹੋਵੇ ਉਸਦੀ ਵਰਤੋਂ ਜਾਰੀ ਰੱਖੋ।

ਇੱਕ ਵੱਡਾ ਚਮਚ ਭਰ ਕੇ ਦੁੱਧ ’ਚ ਪੀਸੀ ਹਲਦੀ ਮਿਲਾ ਕੇ ਗਾੜ੍ਹਾ ਲੇਪ ਬਣਾ ਲਓ ਤੇ ਚਿਹਰੇ ’ਤੇ ਲਾਓ ਇਹ ਲੇਪ ਚਿਹਰੇ ਦਾ ਰੰਗ ਸਾਫ਼ ਕਰਦਾ ਹੈ ਤੇ ਚਮੜੀ ਨੂੰ ਚਮਕਦਾਰ ਰੱਖਦਾ ਹੈ।

- ਜੈਫ਼ਲ ਨੂੰ ਦੁੱਧ ’ਚ ਪੀਸ ਕੇ ਚਿਹਰੇ ’ਤੇ ਲਾਉਣ ਨਾਲ ਕਿੱਲ-ਮੁਹਾਂਸੇ ਤੇ ਝੁਰੜੀਆਂ ਦੂਰ ਹੋ ਕੇ ਚਿਹਰਾ ਸਾਫ਼ ਹੋ ਜਾਂਦਾ ਹੈ।
- ਚੌਲਾਂ ਦਾ ਆਟਾ ਦੁੱਧ ’ਚ ਘੋਲ ਕੇ ਚਿਹਰੇ ’ਤੇ ਗਾੜ੍ਹਾ ਲੇਪ ਕਰੋ।
- ਚਮਚ ਵੇਸਣ, ਇੱਕ ਚਮਚ ਦਹੀਂ ਤੇ ਚੂੰਢੀ ਭਰ ਹਲਦੀ ਦਾ ਲੇਪ ਕਰੋ।
- ਗਾਂ ਦੇ ਦੁੱਧ ’ਚ ਇੱਕ ਚਮਚ ਚਿਰੌਂਜੀ ਪੀਹ ਕੇ ਇਸ ਦਾ ਲੇਪ ਚਿਹਰੇ ’ਤੇ ਲਾ ਕੇ ਮਲ਼ੋ।
- ਮਸੂਰ ਦੀ ਦਾਲ 2 ਚਮਚ ਲੈ ਕੇ ਬਾਰੀਕ ਪੀਸ ਲਓ ਇਸ ’ਚ ਥੋੜ੍ਹਾ ਜਿਹਾ ਦੁੱਧ ਤੇ ਘਿਓ ਮਿਲਾ ਕੇ ਫੈਂਟ ਲਓ ਤੇ ਪਤਲਾ-ਪਤਲਾ ਲੇਪ ਬਣਾ ਲਓ ਇਹ ਲੇਪ ਮੂਹਾਂਸਿਆਂ ’ਤੇ ਲਾਓ।
- ਅੱਕ ਦੇ ਪੱਤਿਆਂ ਨੂੰ ਦੁੱਧ ਤੇ ਪੀਸੀ ਹਲਦੀ ਮਿਲਾ ਕੇ ਇਸ ਲੇਪ ਨੂੰ ਚਿਹਰੇ ਦੇ ਕਾਲੇ ਦਾਗ-ਧੱਬਿਆਂ, ਛਾਈਆਂ, ਕਿੱਲ-ਮੁਹਾਂਸਿਆਂ ’ਤੇ ਲਾਓ ਸੰਤਰੇ ਦੇ ਸੁੱਕੇ ਛਿਲਕਿਆਂ ਦਾ ਚੂਰਨ, ਥੋੜ੍ਹਾ ਜਿਹਾ ਦਹੀਂ, ਚੂੰਢੀ ਭਰ ਹਲਦੀ ਤੇ ਨਿੰਬੂ ਦੇ ਰਸ ਦੀਆਂ 5-6 ਬੂੰਦਾਂ ਮਿਲਾ ਕੇ ਲੇਪ ਕਰੋ।
- ਸ਼ਹਿਦ 250 ਗ੍ਰਾਮ ਤੇ 4 ਨਿੰਬੂਆਂ ਦਾ ਰਸ ਮਿਲਾ ਕੇ ਸ਼ੀਸ਼ੀ ’ਚ ਭਰ ਲਓ ਇਸ ਦਾ ਲੇਪ ਕਰੋ।
- ਗੁਲਾਬ ਦੀਆਂ ਪੱਤੀਆਂ ਦੁੱਧ ਦੇ ਨਾਲ ਪੀਹ ਕੇ ਲੇਪ ਕਰੋ।

ਇਨ੍ਹਾਂ ’ਚੋਂ ਕੋਈ ਵੀ ਉਪਾਅ ਕਰੋ ਲੇਪ ਲਾ ਕੇ ਸੁੱਕਣ ਦਿਓ ਸੁੱਕਣ ’ਤੇ ਮਸਲਦੇ ਹੋਏ ਪਾਣੀ ਨਾਲ ਧੋ ਦਿਓ ਪੂਰੇ ਸਰੀਰ ’ਤੇ ਵਟਣੇ ਵਾਂਗ ਲਾਉਣ ਲਈ ਲੇਪ ਦੀ ਮਾਤਰਾ ਜ਼ਰੂਰਤ ਅਨੁਸਾਰ ਵਧਾ ਲਓ ਇਹ ਸਾਰੇ ਗੁਣਕਾਰੀ ਉਪਾਅ ਚਮੜੀ ਨੂੰ ਸਿਹਤਮੰਦ, ਨਿਰੋਗ, ਚਮਕੀਲੀ, ਤੇ ਸਾਫ਼ ਰੰਗ ਪ੍ਰਦਾਨ ਕਰਨ ਵਾਲੇ ਹਨ।






# ਪਤਝੜ ਦੇ ਮੌਸਮ ’ਚ ਚਮੜੀ ਦੀ ਦੇਖਭਾਲ

ਸਹਿਨਾਜ਼ ਹੁਸੈਨ



ਪਤਝੜ ਦੇ ਮਹੀਨੇ ਵਿਚ ਚੱਲਣ ਵਾਲੀ ਤੇਜ਼ ਹਵਾ ਜਿਥੇ ਸਵੇਰੇ-ਸ਼ਾਮ ਨੂੰ ਖ਼ੁਸ਼ਨੁਮਾ ਬਣਾਉਂਦੀ ਹੈ, ਉਥੇ ਇਹ ਚਮੜੀ ਵਿਚ ਰੁੱਖਾਪਨ ਵੀ ਪੈਦਾ ਕਰਦੀ ਹੈ। ਠੰਢੀਆਂ ਹਵਾਵਾਂ ਕਾਰਨ ਬੁੱਲ੍ਹ ਵਾਰ-ਵਾਰ ਖ਼ੁਸ਼ਕ ਹੋ ਜਾਂਦੇ ਹਨ। ਚਮੜੀ ਵਿਚ ਨਮੀ ਅਤੇ ਕੋਮਲਤਾ ਸੁੰਦਰਤਾ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ ਅਤੇ ਇਸ ਨਮੀ ਅਤੇ ਕੋਮਲਤਾ ਨੂੰ ਇਸ ਮੌਸਮ ਵਿਚ ਵੀ ਬਣਾਈ ਰੱਖਣ ਲਈ ਵਿਸ਼ੇਸ਼ ਦੇਖਭਾਲ ਅਤੇ ਘਰੇਲੂ ਇਲਾਜ ਦੀ ਜ਼ਰੂਰਤ ਹੁੰਦੀ ਹੈ। ਹਰ ਵਿਅਕਤੀ ਦੀ ਚਮੜੀ ਵਿਚ ਨਮੀ ਦਾ ਪੱਧਰ ਵੱਖਰਾ-ਵੱਖਰਾ ਹੁੰਦਾ ਹੈ। ਕੁਝ ਲੋਕਾਂ ਦੀ ਚਮੜੀ ਘੱਟ ਰੁੱਖੀ ਹੁੰਦੀ ਹੈ ਅਤੇ ਕੁਝ ਦੀ ਜ਼ਿਆਦਾ। ਮੌਸਮ ਦੇ ਬਦਲਾਅ ਦੇ ਨਾਲ ਵੀ ਖ਼ੁਸ਼ਕਤਾ ਘੱਟ ਜਾਂ ਜ਼ਿਆਦਾ ਹੁੰਦੀ ਰਹਿੰਦੀ ਹੈ। ਰੁੱਖਾਪਨ ਬਹੁਤ ਜ਼ਿਆਦਾ ਹੋਣ ਲੱਗੇ ਤਾਂ ਇਲਾਜ ਜ਼ਰੂਰੀ ਹੋ ਜਾਂਦਾ ਹੈ। ਕੁਝ ਘਰੇਲੂ ਟੋਟਕੇ ਅਪਣਾ ਕੇ ਇਸ ਮੌਸਮ ਵਿਚ ਚਮੜੀ ਦੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ ਅਤੇ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਚਮੜੀ ਦੀ ਦੇਖਭਾਲ ਲਈ ਤੁਸੀਂ ਮਹਿੰਗੀਆਂ ਸੁੰਦਰਤਾ ਵਾਲੀਆਂ ਚੀਜ਼ਾਂ ਦੀ ਹੀ ਵਰਤੋਂ ਕਰੋ। ਸਗੋਂ ਆਪਣੀ ਰਸੋਈ ਵਿਚ ਰੱਖੇ ਨਿੰਬੂ ਅਤੇ ਕੱਦੂ ਦੇ ਛਿਲਕੇ ਮਿਸ਼ਰਨ ਦਾ ਵੀ ਚਮੜੀ ’ਤੇ ਨਮੀ ਨੂੰ ਬਣਾਈ ਰੱਖਣ ਲਈ ਬਿਹਤਰ ਉਪਯੋਗ ਕੀਤਾ ਜਾ ਸਕਦਾ ਹੈ।

ਕੱਦੂ ਵਿਟਾਮਿਨ ‘ਸੀ’, ‘ਈ’, ‘ਏ’ ਦੇ ਨਾਲ-ਨਾਲ ਜ਼ਿੰਕ ਨਾਲ ਵੀ ਭਰਪੂਰ ਹੁੰਦਾ ਹੈ, ਜਦ ਕਿ ਨਿੰਬੂ ਵਿਚ ਵਿਟਾਮਿਨ ‘ਸੀ’ ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਨਾ ਸਿਰਫ਼ ਤੁਹਾਡੀ ਚਮੜੀ ਦਾ ਰੰਗ ਨਿਖਾਰਦਾ ਹੈ, ਸਗੋਂ ਸਰਬੋਤਮ ਪੋਸ਼ਕਤਾ ਵੀ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਇਹ ਚਮੜੀ ਦੇ ਪੀ.ਐਚ. ਪੱਧਰ ਨੂੰ ਸੰਤੁਲਿਤ ਬਣਾਈ ਰੱਖਣ ਵਿਚ ਮਦਦ ਕਰਦਾ ਹੈ।

ਇਸ ਲਈ ਤੁਸੀਂ ਕੱਦੂ ਦਾ 1 ਛੋਟਾ ਟੁਕੜਾ, 1 ਚਮਚ ਨਿੰਬੂ ਦਾ ਰਸ ਅਤੇ 1 ਚਮਚ ਪਾਣੀ ਲਓ। ਸਭ ਤੋਂ ਪਹਿਲਾਂ ਕੱਦੂ ਦੇ ਛਿਲਕੇ ਨੂੰ ਛਿੱਲ ਕੇ ਉਸ ਨੂੰ ਮੈਸ਼ ਕਰਕੇ ਗੁੱਦਾ ਬਣਾ ਓ। ਹੁਣ ਕੱਦੂ ਦੇ ਗੁੱਦੇ ਨੂੰ ਕੱਚ ਦੇ ਇਕ ਕੌਲੇ ਵਿਚ ਕੱਢ ਲਓ ਅਤ ਫਿਰ ਇਸ ਵਿਚ ਨਿੰਬੂ ਦਾ ਰਸ ਅਤੇ ਪਾਣੀ ਪਾ ਕੇ ਗਾੜ੍ਹਾ ਪੇਸਟ ਬਣਾ ਲਓ। ਪੇਸਟ ਨੂੰ ਆਪਣੀ ਚਮੜੀ ’ਤੇ ਲਗਾਓ ਅਤੇ ਅੱਧੇ ਘੰਟੇ ਤੱਕ ਸੁੱਕਣ ਦਿਓ। ਹੁਣ ਇਸ ਨੂੰ ਤਾਜ਼ੇ ਪਾਣੀ ਨਾਲ ਧੋ ਲਓ ਅਤੇ ਹੌਲੀ-ਹੌਲੀ ਥਪਥਪਾ ਕੇ ਸੁੱਕਾ ਲਓ। ਇਸ ਮਾਸਕ ਨੂੰ ਤੁਸੀਂ ਹਫ਼ਤੇ ਵਿਚ ਦੋ ਵਾਰ ਲਗਾ ਸਕਦੇ ਹੋ। ਹਫ਼ਤੇ ਵਿਚ ਇਕ ਵਾਰ ਫਰੂਟ ਮਾਸਕ ਜਾਂ ਮਡ (ਮਿੱਟੀ) ਮਾਸਕ ਲਗਾ ਸਕਦੇ ਹੋ। ਕਣਕ ਦੇ ਆਟੇ ਵਿਚ ਸ਼ਹਿਦ ਪਾ ਕੇ ਪੇਸਟ ਨੂੰ ਚਿਹਰੇ ’ਤੇ ਲਗਾਓ ਅਤੇ ਅੱਧੇ ਘੰਟੇ ਬਾਅਦ ਤਾਜ਼ੇ ਪਾਣੀ ਨਾਲ ਧੋ ਲਓ। ਇਸ ਨਾਲ ਡੀਪ ਕਲੀਂਜਿੰਗ ਹੁੰਦੀ ਹੈ।

ਇਸ ਮੌਸਮ ਵਿਚ ਆਪਣੇ ਖਾਣ-ਪੀਣ ’ਤੇ ਵੀ ਖ਼ਾਸ ਧਿਆਨ ਰੱਖੋ। ਬਾਹਰੀ ਸੁੰਦਰਤਾ ਅੰਦਰੂਨੀ ਸਿਹਤ ’ਤੇ ਕਾਫ਼ੀ ਹੱਦ ਤੱਕ ਨਿਰਭਰ ਕਰਦਾ ਹੈ। ਇਸ ਲਈ ਜ਼ਿਆਦਾ ਫਾਈਬਰ ਵਾਲੀਆਂ ਪੱਤੇਦਾਰ ਸਬਜ਼ੀਆਂ, ਫਲਾਂ ਦੀ ਵਰਤੋਂ ਕਰੋ। ਨਮੀ ਬਣਾਈ ਰੱਖਣ ਲਈ ਸਹੀ ਮਾਤਰਾ ਵਿਚ ਪਾਣੀ ਪੀਓ ਇਸ ਨਾਲ ਚਮੜੀ ਵਿਚ ਲਚੀਲਾਪਨ ਵਧਦਾ ਹੈ ਅਤੇ ਚਿਹਰੇ ’ਤੇ ਝੁਰੜੀਆਂ, ਕਿੱਲ ਮੁਹਾਂਸਿਆਂ ਨੂੰ ਰੋਕਿਆ ਜਾ ਸਕਦਾ ਹੈ। ਇਸ ਨਾਲ ਚਮੜੀ ਵਿਚ ਟਾਕਸਿਕ ਪਦਾਰਥਾਂ ਨੂੰ ਰੋਕਣ ਵਿਚ ਮਦਦ ਮਿਲਦੀ ਹੈ। ਖਾਣੇ ਵਿਚ ਵਿਟਾਮਿਨ ‘ਸੀ’ ਨੂੰ ਸ਼ਾਮਿਲ ਕਰੋ, ਕਿਉਂਕਿ ਵਿਟਾਮਿਨ ‘ਸੀ’



ਚਮੜੀ ਦੀ ਰੰਗਤ ਨੂੰ ਨਿਖਾਰਦਾ ਹੈ। ਇਸ ਮੌਸਮ ਵਿਚ ਕੌਫੀ, ਚਾਹ ਤੋਂ ਪਰਹੇਜ਼ ਕਰੋ ਤੇ ਬਿਹਤਰ ਹੋਵੇਗਾ, ਕਿਉਂਕਿ ਇਨ੍ਹਾਂ ਦੀ ਵਰਤੋਂ ਨਾਲ ਚਮੜੀ ਵਿਚ ਰੁੱਖਾਪਨ ਵਧ ਜਾਂਦਾ ਹੈ।

ਚਿਹਰੇ ’ਤੇ ਦਿਨ ਵਿਚ ਤਿੰਨ ਵਾਰ ਮਾਈਸਚਰਾਈਜ਼ਰ ਲਗਾਓ। ਨਹਾਉਣ ਤੋਂ ਬਾਅਦ ਸ਼ਾਮ ਨੂੰ ਤਾਂ ਕ੍ਰੀਮ ਲਗਾਓ ਅਤੇ ਰਾਤ ਨੂੰ ਨਾਈਟ ਨਾਰੀਸ਼ਿੰਗ ਕ੍ਰੀਮ ਲਗਾ ਕੇ ਸੌਣ ਨਾਲ ਚਿਹਰੇ ਦੀ ਚਮੜੀ ਕੋਮਲ ਅਤੇ ਮੁਲਾਇਮ ਹੁੰਦੀ ਹੈ ਅਤੇ ਵਾਤਾਵਰਨ ਵਿਚ ਨਮੀ ਦੀ ਕਮੀ ਦਾ ਕੋਈ ਉਲਟ ਅਸਰ ਨਹੀਂ ਪੈਂਦਾ।

ਪਤਝੜ ਦੇ ਮੌਸਮ ਵਿਚ ਚਮੜੀ ਵਿਚ ਨਮੀ ਬਣਾਈ ਰੱਖਣਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਮੰਨਿਆ ਜਾਂਦਾ ਹੈ ਅਤੇ ਇਸ ਲਈ ਹੈਵੀ ਕ੍ਰੀਮ ਦੀ ਬਜਾਏ ਹਲਕੇ ਸੀਰਮ ਦੀ ਵਰਤੋਂ ਨੂੰ ਬਿਹਤਰ ਮੰਨਿਆ ਜਾਂਦਾ ਹੈ। ਚਮੜੀ ਵਿਚ ਨਮੀ ਬਣਾਈ ਰੱਖਣ ਲਈ ਇਸ ਤਰ੍ਹਾਂ ਦੇ ਸੀਰਮ ਦੀ ਵਰਤੋਂ ਕਰੋ ਜੋ ਚਮੜੀ ਨੂੰ ਹਾਈਡ੍ਰੇਟ ਕਰਕੇ ਇਸ ਦੇ ਕੁਦਰਤੀ ਸੰਤੁਲਨ ਨੂੰ ਬਣਾਈ ਰੱਖੇ। ਇਸ ਮੌਸਮ ਵਿਚ ਮਾਈਸਚਰਾਈਜ਼ਰ ਖ਼ਰੀਦਦੇ ਸਮੇਂ ਇਸ ਵਿਚ ਨਮੀ ਦੇ ਤੱਤ ਅਤੇ ਚਮੜੀ ਅਨੁਸਾਰ ਮਾਈਸਚਰਾਈਜ਼ਰ ਖ਼ਰੀਦੋ। ਜੇਕਰ ਤੁਹਾਡੀ ਚਮੜੀ ਤੇਲ ਵਾਲੀ ਹੈ ਤਾਂ ਤੁਸੀਂ ਲਾਈਟ ਮਾਈਸਚਰਾਈਜ਼ਰ ਖ਼ਰੀਦ ਸਕਦੇ ਹੋ ਜਾਂ ਤੁਸੀਂ ਜੋਜੋਬਾ ਤੇਲ ਦੀ ਵਰਤੋਂ ਕਰ ਸਕਦੇ ਹੋ। ਇਸ ਨਾਲ ਤੁਹਾਡੀ ਚਮੜੀ ਮੁਲਾਇਮ ਰਹੇਗੀ ਅਤੇ ਚਮੜੀ ਦੇ ਸੁਰਾਖ ਬੰਦ ਨਹੀਂ ਹੋਣਗੇ, ਜਿਸ ਨਾਲ ਕਿੱਲ ਮੁਹਾਂਸਿਆਂ ਤੋਂ ਬਚਿਆ ਜਾ ਸਕੇਗਾ।

ਮਾਈਸਚਰਾਈਜ਼ਰ ਨੂੰ ਚਿਹਰੇ ਤੋਂ ਇਲਾਵਾ ਸਰੀਰ ਦੇ ਬਾਕੀ ਹਿੱਸਿਆਂ ’ਤੇ ਵੀ ਲਗਾਓ ਤਾਂ ਕਿ ਚਮੜੀ ਵਿਚ ਖਾਰਸ਼ ਜਾਂ ਜਲਣ ਤੋਂ ਬਚਿਆ ਜਾ ਸਕੇ। ਤੁਸੀਂ ਖ਼ੁਸ਼ਕ ਚਮੜੀ ਤੋਂ ਛੁਟਕਾਰਾ ਪਾਉਣ ਲਈ ਬਾਡੀ ਲੋਸ਼ਨ, ਹੈਂਡ ਕ੍ਰੀਮ, ਚਾਪਸਿਟਕ ਜਾਂ ਦੂਜੇ ਉਤਪਾਦਾਂ ਦੀ ਵਰਤੋਂ ਵੀ ਕਰ ਸਕਦੇ ਹੋ, ਜੋ ਤੁਹਾਨੂੰ ਸਹਿਜ ਅਤੇ ਅਰਾਮਦੇਹ ਮਹਿਸੂਸ ਹੋਵੇ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
1050 N Carpenter RD STE C, Modesto, CA 95351
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਲੋਕ ਘਬਰਾਉਣ ਨਾ

ਸਮੇਂ ਦੀ ਅਜੋਕੀ ਮੰਗ ਰਹੀ ਹੈ, ਬਾਰੀਆਂ ਬੂਹੇ ਭੇੜ ਕੇ ਰੱਖਿਆ ਕਰੀਏ।
ਸਮਾਂ ਐਲਾਨ ਕਰ ਰਿਹਾ, ਆਪਣੇ ਆਪ ਦੀ ਖੁਦ ਹੀ ਸੁਰੱਖਿਆ ਕਰੀਏ।

ਵਿਚਾਰ ਮਾਨਵੀ ਕਿਤਨੇ ਵਖਰੇਵੇਂ ਫੜ ਗਏ ਨੇ ਗਿਲਾ ਕਾਹਦਾ ਕਰਨਾ,
ਕੋਸ਼ਿਸ਼ ਕਰਨੀ ਕਿ ਬੰਦੇ ਨੂੰ ਬੰਦਿਆਂ ਵਾਕੁਰ ਹੀ ਚਿਹਰੇ ਤੱਕਿਆ ਕਰੀਏ।

ਹਰ ਘਰਾਂ ਵਿਚਲੀ ਮੌਲਕਿਤਾ ਨਿੱਖਰਦੀ, ਵਾਜ਼ਿਬ ਮੁਲਾਂਕਣ ਕਰਦਿਆਂ,
ਹਰ ਰਿਸ਼ਤੇ ਦੀ ਪਿਆਰੀ ਪਿਆਰੀ ਅਣਪੱਤ ਭਰੀ ਧੂੜ ਫੱਕਿਆ ਕਰੀਏ!

ਰੋਸ ਸ਼ਿਕਵੇ ਕਰਨੇ ਨਹੀਂ ਹੁੰਦੇ ਆਪਣੇ ਬਣਦਿਆਂ ਲੋਕ ਲਿਹਾਜ਼ਾ ਬਾਰੇ,
ਗੈਰ ਸ਼ਰਮਿੰਦਗੀ ਝੇਲਣ ਮੌਕੇ, ਐਵੇਂ ਨਾ ਛੋਹਦਾ ਜੇਹਾ ਹੱਸਿਆ ਕਰੀਏ।

ਨੁਕਤਾ ਨੁਕਤਾ ਜਿੰਦਗੀ ਰੀਝਦੀ ਤੜਕੇ ਸਵੇਰੇ ਨਿਰੰਤਰ ਰਹੇ ਨਿਭਦੀ,
ਸਹਿਜੇ ਜਹੇ ਸਹਿਮਤੀ 'ਚ, ਨੁੱਕੜ ਨਾਟਕੀ ਅਦਾਕਾਰੀ ਦੱਸਿਆ ਕਰੀਏ।

ਘਰ ਦੇ ਪਰਦੇ ਭੇਤ ਰੌਲਾ ਗੌਲਾ ਪਾਉਣ ਲਈ, ਕਦੇ ਵੀ ਨਹੀਂ ਪਾਬੰਦ ਹੁੰਦੇ,
ਪਰਿਵਾਰਕ ਜੁੜਦੇ ਰਿਸ਼ਤੇ ਵੀ ਸੰਭਾਲਕੇ ਤਨਹਾਈ ਬਣ ਭਖ਼ ?ਆ ਕਰੀਏ।

ਸਮਾਜਿਕ ਰਿਸ਼ਤੇ ਖੱਡੀ ਵਾਂਗੂੰ ਯੋਗ ਵਰਤਾਰਾ ਬਣਾ ਤਾਣਾ ਬਾਣਾ ਹੁੰਦੇ ਨੇ,
ਰਿਸ਼ਤਿਆਂ ਦੀ ਇੱਕ ਕੜੀ ਬਣਾਕੇ, ਹੱਸਦੇ ਖੇਡਦੇ ਖੁਸ਼ਖਤ ਹੱਸਿਆ ਕਰੀਏ !

ਸ਼ਬਦ ਉਸਾਰਦੇ ਜਿੰਦਗੀ ਜੀਵਨ, ਇਹ ਸਰਮਾਇਆ ਸਦਾ ਹੀ ਨਿਭੀਏ,
ਜਿੱਤ ਜਾਂਦੇ ਸਦਾ ਸ਼ਬਦਾਂ ਵਾਲੇ, ਬੱਸ ਸ਼ਬਦ ਲੱਭਣ ਦੀ ਤਪੱਸਿਆ ਕਰੀਏ।

ਅਮੀਰ ਹੋਣ ਲਈ ਪੈਸੇ ਦਾ ਝੋਰਾ, ਵਾਦ-ਵਿਵਾਦ 'ਚ ਬੰਦਾ ਘਿਰਦਾ ਰਿਹੈ,
ਪੈਸਾ ਲ ?ਲਕ ਹੰਕਾਰ ਦਾ ਪੁਤਲਾ, ਲੋਕਾਂ ਵੱਲ ਨਾ ਤਨਾਜ਼ਾਂ ਕੱਸਿਆ ਕਰੀਏ,

ਇਨਕਲਾਬੀ ਵਿਚਾਰਾਂ ਅੰਦਰਲੇ, ਉਹ ਸਾਰੇ ਚੇਹਰੇ ਸਦਾ ਤੱਕਿਆ ਕਰੀਏ,
ਲਲਕਾਰਾਂ ਮਿਸ਼ਾਲਾਂ ਫੜਕੇ, ਆਜ਼ਾਦੀ ਦੇ ਮੁਹਰੈਲ ਬਣਕੇ ਦੱਸਿਆ ਕਰੀਏ।

ਗੀਤ ਸੰਗੀਤ ਵਿੱਚ ਲੋਹੜੇ ਦਾ ਦਮ, ਜੰਗਾਂ ਯੁੱਧਾਂ ਲਈ ਹਕੀਕੀ ਸੇਧ ਦੇਵੇ,
ਵਿਚਾਰਾਂ ਨੂੰ ਉੱਗਦੇ ਬੋਲਾਂ ਥਾਣੀ, ਸ਼ੰਘਰਸ਼ੀ ਤਾਲ ਤੋਂ ਖ਼ੂਬ ਨੱਚਿਆ ਕਰੀਏ।



ਸੁਖਦੇਵ ਸਿੱਧੂ
9888633481

## ਅਰਜ਼

ਬਹਿ ਗਈ ਸੀ ਓਹ ਫੋਨ ਮਿਲਾਕੇ ਕੀਤੀ ਸੀ ਗੱਲ ਖਾਸ ਓਹਨੇ
ਏਸ ਵੀਰ ਦੇ ਅੱਗੇ ਇੱਕੋ ਲਾਈ ਸੀ ਬਸ ਆਸ ਓਹਨੇ
ਤੋੜ ਨਾ ਦੇਵੇ ਮਾਲੀ ਕਿਧਰੇ ਡਰ ਸੀ ਉਸਨੂੰ ਫੁੱਲਾਂ ਦਾ
ਕਿੰਝ ਕਰਾਂਗਾ ਮੈਂ ਨਬੇੜਾ ਦੱਸ ਅਪਣੀਆਂ ਭੁੱਲਾਂ ਦਾ

ਨਾ ਕੋਈ ਰਿਸ਼ਤਾ ਨਾਤਾ ਸੀ ਪਰ ਹੰਝ ਅੱਖਾਂ ਵਿੱਚ ਭਰਦੀ ਸੀ
ਖੁੱਲ੍ਹਕੇ ਵੀ ਗੱਲ ਕਰਦੀ ਨਈਂ ਸੀ ਉਂਝ ਕਹਿਣੋਂ ਵੀ ਡਰਦੀ ਸੀ
ਚੁੱਪ ਚੁਪੀਤੇ ਲਾਕੇ ਬਹਿ ਗਈ ਪਰ ਓਹ ਜਿੰਦਰਾਂ ਬੁੱਲਾਂ ਦਾ
ਕਿੰਝ ਕਰਾਂਗਾ ਮੈਂ ਨਬੇੜਾ ਦੱਸ ਅਪਣੀਆਂ ਭੁੱਲਾਂ ਦਾ

ਓਹੀਓ ਜਾਣੇ ਜਿਸ ਤੇ ਬੀਤੇ ਡੰਗ ਬੁਰਾ ਗਰੀਬੀ ਦਾ
ਕਿਹੜਾ ਲੇਖਾ ਭਰਦੀ ਸੀ ਤੂੰ ਅਪਣੀ ਬਦ ਨਸੀਬੀ ਦਾ
ਹਾਸਾ ਬਣਕੇ ਰਹਿਗੀ ਨੀ ਤੂੰ ਏਥੇ ਉੱਲ ਪੱਟੂਲਾਂ ਦਾ
ਕਿੰਝ ਕਰਾਂਗਾ ਮੈਂ ਨਬੇੜਾ ਦੱਸ ਅਪਣੀਆਂ ਭੁੱਲਾਂ ਦਾ

ਜਿਉਂਦੇ ਜੀਅ ਜੇ ਕੰਮ ਨਾ ਆਇਆ ਅੱਗ ਲੱਗੇ ਤੇਰੀ ਬਿਰਤੀ ਨੂੰ
ਹੋਣਾ ਸੀ ਸ਼ਰਮਿੰਦਾ ਪੈ ਗਿਆ ਮਿੱਟੀ ਦੇ ਬੁੱਤ ਕਿਰਤੀ ਨੂੰ
ਕਾਹਦਾ ਪੱਕਾ ਦੱਸ ਓਏ ਧੰਨਿਆਂ ਤੂੰ ਅਪਣੇ ਅਸੂਲਾਂ ਦਾ
ਕਿੰਝ ਕਰਾਂਗਾ ਮੈਂ ਨਬੇੜਾ ਦੱਸ ਆਪਣੀਆਂ ਭੁੱਲਾਂ ਦਾ



ਧੰਨਾ ਧਾਲੀਵਾਲ

## ਬਾਰੂਦ ਦੇ ਢੇਰ ਨਾਲ !

ਇਨਸਾਨ ਕਤਲ,
ਕਰ ਭਾਵੇਂ,
ਪਰ ਇਨਸਾਨੀਅਤ,
ਕਤਲ ਨਾ ਕਰ।

ਗੱਡੇ ਤੇਰੇ ਵੀ,
ਨਹੀਂ ਰਹਿਣੇ ਝੰਡੇ,
ਅਜ਼ਲਾਂ ਤੱਕ ਰਹਿਣ ਦੇ।

ਖ਼ੌਫ਼ ਖਾ ! ਬੱਚਿਆਂ ਦੀਆਂ
ਚੀਕਾਂ ਤਾਂ ਸੁਣ!
ਜੋ ਬਚੇ ਨੇ ਉਨ੍ਹਾਂ ਨੂੰ,
ਤਾਂ ਰਹਿਮ ਦੇ।

ਦੂਰ ਤੱਕ ਕਿਸੇ,
ਇਨਸਾਨ,ਪਸ਼ੂ,ਪੰਛੀ ਦੀ,
ਚੀਕ ਵੀ ਨਹੀਂ ਸੁਣਦੀ।

ਤੇਰੇ ਬਘਿਆੜਾਂ ਦੇ,
ਖਾਣ ਲਈ,
ਕੋਈ ਲੋਥੜਾ,
ਤਾਂ ਰਹਿਣ ਦੇ।

ਗੁਨਾਹ ਕੀਤੈ ਅਸੀਂ,
ਆਪਣੇ ਘਰ ਵਿਚ,
ਦੇ ਕੇ ਪਨਾਹ ਤੈਨੂੰ।

ਪਰਾਏ ਨੂੰ ਪਰਾਇਆ,
ਕਹਿਣ ਵਾਲਾ,
ਇੱਕ ਜੀਅ ਤਾਂ,
ਜ਼ਿੰਦਾ ਰਹਿਣ ਦੇ।




ਜਸਪਾਲ ਜੱਸੀ

## Life is a dream

Life is a dream, a river's endless stream,
Where we must navigate, fulfil our scheme.
Through every twist and turn, we find our way,
In this grand theatre, we all must play.
Each day's a scene upon this grand stage,
With joys and sorrows, like a well-acted page.
We don our masks, our roles we assume,
In the drama of existence, life's vibrant costume.
In youth, we're eager, like a morning's gleam,
With hopes and dreams, like sunlight's beam.
But as we age, the current pulls us on,
Through rocky waters, 'til the dream is gone.
We bear the weight of time, its burdens vast,
As life's relentless stream flows ever fast.
We learn, we grow, and sometimes we fall,
But in this dream of life, we must stand tall.
So let us dance to the rhythm of the stream,
Embrace each moment as if in a dream.
For in this fleeting life, we must dare,
To make the most of it, with love and care.

## WINGS TO FLY

I need wings to fly, oh, so high,
To touch that clear blue sky.
I'll soar beyond the oceans wide,
In a continent's endless glide.
But what I truly seek, you see,
Is the free flow of emotions, wild and free?
For in this world, we often find,
Our hearts constrained, our souls confined.
Give me laughter, give me tears,
Let's break down the walls of fears.
In this journey of life, let's share,
All the love and dreams we dare.
With wings to fly and emotions unchained,
We'll dance with joy, and sometimes, pain.
In the canvas of life, we'll paint our notions,
With the colours of boundless,
free-flowing emotions.



**WRITTEN BY**
**Dr. Ritu Kumra**
**GGSSS Railway Mandi**

## ਖ਼ੁਦ

ਆਪੇ 'ਚ ਗੁਆਚ ਜਾਂਦਾ ਹਾਂ, ਫਿਰ ਲੱਭਦਾ ਹਾਂ ਆਪ ਨੂੰ।
ਕੀ ਰਾਸਤਾ ਠੀਕ ਨਹੀਂ ਹੈ, ਜਾਂ ਹੰਢਾਉਂਦਾ ਹਾਂ ਸੰਤਾਪ ਨੂੰ ?
ਖ਼ੁਦਾ 'ਚੋਂ ਖ਼ੁਦ ਨੂੰ ਭਾਲਦਾਂ, ਪਰ ਭਰਮ ਜਿਹਾ ਪਾਲਦਾ ਹਾਂ।
ਬੰਦਿਆਂ ਚੋਂ ਰੱਬ ਨੂੰ ਲੱਭਦਾਂ, ਕਦੀ ਜੂਹਾਂ ਨੂੰ ਖੰਗਾਲਦਾ ਹਾਂ।

ਪਰਤੱਖ ਕਿਤੇ ਨਹੀਂ ਦਿਸਿਆ, ਪਰ ਹੁੰਦਾ ਹੋਣਾ ਜਰੂਰ ਹੈ।
ਕਿਉਂਕਿ ਹਰ ਚੀਜ਼ ਦਾ ਘਾੜਾ, ਕੋਈ ਨਾ ਕੋਈ ਜਰੂਰ ਹੈ।
ਮੰਨ ਲਈਏ ਰੱਬ ਨਾਂ ਦੀ, ਦੁਨੀਆਂ 'ਤੇ ਨਹੀਂ ਕੋਈ ਸ਼ੈਅ ਹੈ।
ਕਿੰਝ ਬਣੇ, ਖਪੇ ਸ਼੍ਰਿਸ਼ਟੀ, ਕਿੰਝ ਰਸ 'ਚੋਂ ਬਣਦੀ ਮੈਅ ਹੈ ?

ਹਿਸਾਬ ਦੀ ਬੁਨਿਆਦ ਵੀ, ਸਿਫ਼ਰ ਨੂੰ ਮੰਨ ਕੇ ਚੱਲਦੀ ।
ਕਾਇਨਾਤ ਦੀ ਪੈਦਾਇਸ਼ ਵੀ, ਸ਼ੂੰਨਅ ਤੋਂ ਸਾਇੰਸ ਦੱਸਦੀ।
ਜੇ ਅਧਾਰ ਹੀ ਵਿਸ਼ਵਾਸ ਹੈ, ਕਿਉਂ ਖ਼ੁਦਾ ਤੋਂ ਕਿਨਾਰਾ ਕਰੇ ?
ਦੁਨੀਆਂ ਬਣਾਉਂਦਾ ਢਾਹੁੰਦਾ, ਨ ਜੂਨ ਆਵੇ ਨਾ ਕਦੇ ਮਰੇ।

ਕਾਦਰ ਕੁਦਰਤ ਵਿਚ ਵੱਸਦਾ, ਖ਼ਾਲਕ ਖ਼ਲਕਤ ਵਿੱਚ ਹੈ।
ਫਿਰ ਭੰਬਲ ਭੂਸਾ ਕਾਹਦਾ, ਕਿਉਂ ਰੱਬ ਨੂੰ ਸਮਝੇ ਟਿੱਚ ਹੈ ?
ਖ਼ੁਦ ਤੇਰੀ ਹਸਤੀ ਨਾ ਕੋਈ, ਬਿਨ ਉਸ ਤੋਂ ਸਭ ਹਉਮੇਂ ਹੈ।
ਸਾਹਾਂ ਦਾ ਨਹੀਂ ਹੈ ਭਰੋਸਾ, ਬਾਕੀ ਬੱਸ 'ਤੂੰ ਤੂੰ' 'ਮੈਂ ਮੈਂ' ਹੈ।



ਸੇਵਾ ਸਿੰਘ 'ਨੂਰਪੁਰੀ'

## ਇੱਕ ਮਸਤਾਨਾ ਜੋਗੀ...

ਤੱਕਿਆ ਮੈਂ ਬਾਬਰ ਦੇ ਦਰਬਾਰ, ਇੱਕ ਮਸਤਾਨਾ ਜੋਗੀ,

ਬਾਬਰ ਦੇ ਜੇਲ ਖਾਨੇ,ਪੀਸਣ ਨੂੰ ਮਿਲਦੇ ਦਾਣੇ,
ਚੱਕੀ ਤਾਂ ਬੋਲੇ ਸਤਿ ਕਰਤਾਰ, ਇੱਕ ਮਸਤਾਨਾ ਜੋਗੀ..
ਤੱਕਿਆ ਮੈਂ ਬਾਬਰ ਦੇ ਦਰਬਾਰ, ਇੱਕ ਮਸਤਾਨਾ ਜੋਗੀ...

ਮੱਝੀਆਂ ਤੋ ਖੇਤ ਚਰਾ ਕੇ, ਸੱਪ ਤੋ ਮੁੱਖ ਛਾਂ ਕਰਾ ਕੇ,
ਸੁੱਤਾ ਪਿਆ ਡਿੱਠਾ ਸੀ ਕਰਤਾਰ ਰਾਏ ਬੁਲਾਰ, ਇਕ ਮਸਤਾਨਾ ਜੋਗੀ,
ਤੱਕਿਆ ਮੈਂ ਖੇਤਾਂ ਦੇ ਵਿਚਕਾਰ, ਇੱਕ ਮਸਤਾਨਾ ਜੋਗੀ..

ਨਾਨਕ ਜਦ ਪੜ੍ਹਨੇ ਪਾਇਆ, ਧੁਰ ਦਾ ਉਸ ਗਿਆਨ ਪੜਾਇਆ,
ਫੱਟੀ ਤੇ ਲਿਖਿਆ ਇੱਕ ਓਂਕਾਰ, ਇੱਕ ਮਸਤਾਨਾ ਜੋਗੀ,
ਤੱਕਿਆ ਮੈਂ ਬੱਚਿਆਂ ਦੇ ਵਿਚਕਾਰ, ਇੱਕ ਮਸਤਾਨਾ ਜੋਗੀ...

ਬਾਬਾ ਮੋਦੀ ਖ਼ਾਨਾ ਚਲਾਇਆ,ਤੇਰਾ ਤੇਰਾ ਮੁੱਖੋਂ ਫ਼ੁਰਮਾਇਆ,
ਵੰਡੀਆਂ ਫੇਰ ਦਾਤਾਂ ਆਪ ਕਰਤਾਰ, ਇੱਕ ਮਸਤਾਨਾ ਜੋਗੀ,
ਤੱਕਿਆ ਮੈਂ ਬਾਬਰ ਦੇ ਦਰਬਾਰ ਇੱਕ ਮਸਤਾਨਾ ਜੋਗੀ..

ਬਾਬਾ ਜਾ ਮੱਕੇ ਪਿਆ, ਕਾਜ਼ੀ ਫੜ ਲੱਤੋਂ ਲਿਆ
ਘੁੰਮਿਆ ਫੇਰ ਅੱਲਾ ਦਾ ਦਰਬਾਰ, ਇੱਕ ਮਸਤਾਨਾ ਜੋਗੀ,
ਤੱਕਿਆ ਮੈਂ ਅੱਲਾ ਦੇ ਦਰਬਾਰ ਇੱਕ ਮਸਤਾਨਾ ਜੋਗੀ..

ਨਾਨਕ ਦੀ ਧੁਰ ਦੀ ਬਾਣੀ, ਸੁਲਝਾਉਂਦੀ ਉਲਝੀ ਤਾਣੀ ,
ਭਰਿਆ ਪਿਆ 'ਪ੍ਰੀਤ' ਗਿਆਨ ਭੰਡਾਰ, ਇੱਕ ਮਸਤਾਨਾ ਜੋਗੀ,
ਤੱਕਿਆ ਮੈਂ ਕਲਯੁਗ ਦੇ ਵਿਚਕਾਰ ਇੱਕ ਮਸਤਾਨਾ ਜੋਗੀ
ਤੱਕਿਆ ਮੈਂ ਬਾਬਰ ਦੇ ਦਰਬਾਰ ਇੱਕ ਮਸਤਾਨਾ ਜੋਗੀ..

ਡਾ. ਲਵਪ੍ਰੀਤ ਕੌਰ 'ਜਵੰਦਾ'
9814203357

## ਕਵਿਤਾ

ਮਾੜੇ ਨੇ ਵੇਲ਼ੇ ਯਾਰਾ ਅਪਣਾ ਖਿਆਲ ਰੱਖੀਂ
ਬੀਤੇ ਨੂੰ ਯਾਦ ਕਰਕੇ ਅੱਖਾਂ ਨਾ ਲਾਲ ਰੱਖੀਂ

ਚੱਲਣ ਦੀ ਸਾਨੂੰ ਗੁੜ੍ਹਤੀ ਹੈ ਪਾਣੀਆਂ ਨੇ ਦਿੱਤੀ
ਮੁੜ ਆਉਣ ਦਾ ਤੂੰ ਸਾਡੇ ਨਾ ਫਿਰ ਸਵਾਲ ਰੱਖੀਂ

ਸਾਡੇ ਵਜੂਦ ਅੰਦਰ ਤਲਖੀ ਵੀ ਪਲ਼ ਰਹੀ ਐ
ਸਾਡੀ ਨਾਰਾਜ਼ਗੀ ਤੇ ਖੁੱਲ੍ਹੇ ਨਾ ਵਾਲ਼ ਰੱਖੀਂ

ਤੈਨੂੰ ਡਰਾ ਵੀ ਸਕਦੈ ਇਹ ਸ਼ੂਕਦਾ ਹਨੇਰਾ
ਹਿੰਮਤ ਦੇ ਨਾਲ਼ ਦਿਲ ਦੀ ਭਰ ਕੇ ਮਸ਼ਾਲ ਰੱਖੀਂ

ਜੇ ਨਾ ਮਿਲ਼ੇ ਕਦੇ ਵੀ ਡੁੱਲ੍ਹੇ ਗਵਾਚੇ ਹਾਸੇ
ਆਪਾ ਵਰਾਉਣ ਦੇ ਲਈ ਅੱਥਰੂ ਹੀ ਭਾਲ਼ ਰੱਖੀਂ

ਕੁਝ ਬੇਯਕੀਨੀਆਂ ਵਿਚ ਲੰਘੇ ਨੇ ਦੌਰ ਮੇਰੇ
ਮੇਰੇ ਯਕੀਨ ਦੇ ਲਈ ਇੱਕ-ਦੋ ਤਾਂ ਸਾਲ ਰੱਖੀਂ

ਹਰ ਸਿਫ਼ਤ ਦੀ ਤਲ਼ੀ 'ਤੇ ਮੈਂ ਸਿਫ਼ਤ ਹੀ ਧਰੀ ਹੈ
ਏਦਾਂ ਦਾ ਮੇਰੇ ਵਾਂਗੂੰ ਜਜ਼ਬਾ ਕਮਾਲ ਰੱਖੀਂ



ਰਿੱਤੂ ਵਾਸੂਦੇਵ

## ਪਰਾਲੀ

ਕੌੜੇ ਧੂੰਏ ਕੋਲੋਂ ਧਰਤ ਬਚਾਈਂ ਵੀਰਨਾਂ
ਅੱਗ ਨਾ ਪਰਾਲੀ ਨੂੰ ਤੂੰ ਲਾਈਂ ਵੀਰਨਾਂ

ਆਲ੍ਹਣੇ ਚ ਤੱਕੀਂ ਬੈਠੇ ਨਿੱਕੇ ਨਿੱਕੇ ਬੋਟ ਵੇ
ਭੋਲੇ ਪੰਛੀਆਂ ਨੂੰ ਐਵੇਂ ਨਾ ਸਤਾਈਂ ਵੀਰਨਾਂ

ਸ਼ੁੱਧ ਹਵਾ ਵਿੱਚ ਵੇਖੀਂ ਸਾਹ ਸੌਖਾ ਆਊਗਾ
ਗੱਲ ਸੱਚੀ ਇਹ ਭਾਵੇਂ ਅਜ਼ਮਾਈਂ ਵੀਰਨਾਂ


ਹਰ ਵਾਰ ਫੂਕਦੈਂ ਤੂੰ ਧਰਤ ਦੀ ਹਿੱਕ ਵੇ
ਐਤਕੀਂ ਤੂੰ ਠੰਡ ਵਰਤਾਈਂ ਵੀਰਨਾਂ

ਫ਼ਸਲ ਹੋਵੇ ਦੂਣੀਂ ਵਿੱਚ ਨਾੜ ਨੂੰ ਜੇ ਵਾਹ ਦੀਏ
ਇਹੋ ਹੋਰਾਂ ਤਾਈਂ ਗੱਲ ਸਮਝਾਈਂ ਵੀਰਨਾਂ

ਮੱਚ ਜਾਂਦੇ ਰੁੱਖ ਜਿਹੜੇ ਖੇਤਾਂ ਵਿੱਚ ਖੜ੍ਹੇ ਨੇ
ਇੰਨਾ ਵੱਡਾ ਕਹਿਰ ਨਾ ਕਮਾਈਂ ਵੀਰਨਾਂ

ਦਿੰਦੀ ਸਰਕਾਰ ਫੇਰ ਮਾਣ ਸਨਮਾਨ ਵੀ
ਚੰਗੀ ਖੇਤੀ ਨਾਲ ਨਾਮ ਚਮਕਾਈਂ ਵੀਰਨਾਂ

ਭੁੱਲ ਨਾ ਤੂੰ ਜਾਵੀਂ ਇਹੇ ਧਰਤ ਹੈ ਮਾਂ ਜਿਹੀ
ਗੱਲ ਦੀਪ ਦੀ ਤੂੰ ਖਾਨੇ ਵਿੱਚ ਪਾਈਂ ਵੀਰਨਾਂ



ਅਮਨਦੀਪ ਕੌਰ ਹਾਕਮ ਸਿੰਘ ਵਾਲਾ ਬਠਿੰਡਾ
9877654596

## ਪ੍ਰਬੰਧ ਕਰੋ

ਰਾਵਣ ਦਾ ਪੁਤਲਾ ਫੂਕ
ਹੁਣ
ਰਾਜਸੀ ਨੇਤਾਵਾਂ ’ਚੋਂ
ਕੁਰਸੀ ਮੋਹ,
ਪਰਿਵਾਰ ਮੋਹ,
ਰਾਜਨੀਤੀ ਨੂੰ ਲਾਹੇਵੰਦ ਧੰਦਾ
ਮੰਨਣ ਵਾਲੇ ਮੋਹ ਨੂੰ ਵੀ
ਫੂਕਣ ਦਾ
ਪ੍ਰਬੰਧ ਕਰੋ।

ਧੰਨ ਦੌਲਤ ਦੇ ਲਾਲਚ ’ਚ
ਮਿਲਾਵਟ ਕਰਨ ਵਾਲਿਆਂ ਨੂੰ ਵੀ
ਫੂਕਣ ਵਾਲੇ ਪੁਤਲਿਆਂ ਦੇ ਨਾਲ
ਖੜਾ ਕਰਨ ਦਾ
ਪ੍ਰਬੰਧ ਕਰੋ

ਥਾਣਿਆਂ
ਤਹਿਸੀਲਾਂ
ਅਦਾਲਤਾਂ ਅਤੇ
ਹੋਰ ਮਹਿਕਮਿਆਂ ਵਿਚ
ਹੱਥ ਅੱਡੀ ਖੜੇ ਰਾਵਣਾਂ ਲਈ ਵੀ
ਕਿਸੇ ਚਿਖਾ ਦਾ
ਪ੍ਰਬੰਧ ਕਰੋ।

ਸਹੂਲਤਾਂ ਤੋਂ ਸੱਖਣੇ
ਸਰਕਾਰੀ ਸਕੂਲਾਂ ਵਿਚ
ਪੜਾਉਣ ਦੀ ਥਾਂ
ਨਕਲ ਮਰਵਾ ਕੇ
ਪਾਸ ਕਰਵਾਉਣ
ਨਿਜੀ ਸਕੂਲਾਂ ਵਿਚ ਫੈਲੀ
ਫਿਸਾਂ, ਕਿਤਾਬਾਂ, ਰੰਗ ਬਰੰਗੀਆਂ ਪੁਸ਼ਾਕਾਂ
ਦੇ ਨਾਂ ਤੇ ਕੀਤੀ ਜਾਂਦੀ ਲੁੱਟ
ਯੂਨੀਵਰਸਿਟੀਆਂ ’ਚ ਡਿਗਰੀਆਂ ਦੀ ਹੋੜ ਵਿਚ
ਹੋ ਰਹੇ ਦੁਸ਼ਕਰਮਾਂ ਦੇ
ਜਿੰਮੇਵਾਰ ਰਾਵਣਾਂ ਲਈ ਵੀ
ਕਿਸੇ ਸਜਾ ਦਾ
ਪ੍ਰਬੰਧ ਕਰੋ।

ਨਸ਼ਿਆਂ ਦੇ ਸੌਦਾਗਰ
ਜੋ ਜਵਾਨੀ ਦਾ ਕਰ ਰਹੇ ਘਾਣ
ਉਹਨਾਂ ਰਾਵਣਾਂ ਦੇ ਦਹਿਨ ਦਾ ਵੀ ਕੋਈ
ਪ੍ਰਬੰਧ ਕਰੋ।

ਅਭੋਲ ਬਚੀਆਂ
ਮੁਟਿਆਰਾਂ
ਔਰਤਾਂ ਨੂੰ
ਆਪਣੀ ਹਵਸ ਦਾ ਸ਼ਿਕਾਰ ਬਣਾਉਣ ਵਾਲੇ
ਆਦਮ ਖੋਰਾਂ ਨੂੰ ਵੀ
ਜਿਉਂਦੇ ਅਗਨ ਭੇਟ ਕਰਨ ਦਾ
ਪ੍ਰਬੰਧ ਕਰੋ।

ਛੋਟੀ ਉਮਰੇ ਹੀ
ਅਡੀਆਂ ਚੁਕ ਫਾਹਾ ਲੈਣ ਵਾਂਗ
ਵਿਦੇਸ਼ੀ ਯੂਨੀਵਰਸਿਟੀਆਂ ਵੱਲ ਲੱਗਦੀ
ਅੰਨ੍ਹੇਵਾਹ ਦੌੜ ਦੀ ਭੇਡ ਚਾਲ ਦੇ
ਰਾਵਣ ਨੂੰ ਵੀ
ਕਿਸੇ ਲਛਮਣ ਰੇਖਾ ਵਿਚ ਕੈਦ ਕਰਨ ਦਾ ਵੀ
ਪ੍ਰਬੰਧ ਕਰੋ।

ਸਾਹਿਤਕ ਮੱਠਾਂ ਵਿਚ
ਚੇਲੇ-ਚਪਟਿਆਂ ‘ਤੇ
ਮਨ ਚਾਹੀ ਕਿਰਪਾ ਲਿਆਉਣ ਦੇ
ਜੁਗਾੜਾਂ ਦੀ
ਰਾਵਣੀ ਸੋਚ ਦਾ
ਅਤੇ
ਮੱਠਾਂ ਦੇ ਬੰਦ ਕਰਨ ਦੇ
ਪੁੰਨ ਵਰਗੇ ਕੰਮ ਦਾ ਵੀ ਕੋਈ
ਪ੍ਰਬੰਧ ਕਰੋ।

ਆਮ ਜਨਤਾ ਵਿਚ
ਵੋਟਾਂ ਵੇਲੇ
ਧਰਮ ਦੀ ਆੜ ਵਿਚ
ਦੰਗੇ ਕਰਵਾਉਣੇ
ਝੂਠ-ਤੁਫਾਨ ਬੋਲ
ਲੋਕਾਂ ਨੂੰ ਗੁੰਮਰਾਹ ਕਰਦੇ ਨੇਤਾਵਾਂ ਦਾ
ਵੋਟਾਂ ਬਟੋਰਨ ਲਈ
ਨਸ਼ੇ ਵੰਡਣ ਦੇ ਰਾਵਣੀ ਰੁਝਾਨ ਨੂੰ ਵੀ
ਧਰਤੀ ਹੇਠ
ਡੂੰਘਾ ਦਫ਼ਨਾਉਣ ਦਾ
ਪ੍ਰਬੰਧ ਕਰੋ।

ਵਿਦੇਸ਼ਾਂ ਵਿਚ ਵੀ
ਕੁਝ ਦੇਸੀ ਰਾਵਣ ਵਿਚਰ ਰਹੇ
ਜੋ
ਮਜ਼ਬੂਰ ਵਿਦਿਆਰਥੀਆਂ ਦੇ ਕੰਮ ਦੇ
ਪੈਸੇ ਮਾਰ
ਕੁੜੀਆਂ ਨੂੰ
ਹਵਸ ਦਾ ਸ਼ਿਕਾਰ ਬਣਾ
ਮੁੰਡਿਆਂ ਨੂੰ ਨਸ਼ੇ ਵੇਚਣ ਦੇ ਰਾਹ ਪਾ
ਆਪਣੀ ਸੋਨ ਲੰਕਾ ਨੂੰ
ਹੋਰ ਰਹੇ ਚਮਕਾ
ਲਈ ਵੀ
ਕਿਸੇ ਅਗਨ ਬਾਣ ਦਾ
ਪ੍ਰਬੰਧ ਕਰੋ।

ਹੋਰ ਵੀ ਬਹੁਤ ਰਾਵਣ
ਫਿਰ ਰਹੇ ਚੁਫੇਰੇ
ਪੁਤਲਿਆਂ ਨੂੰ ਅੱਗ ਲਾ
ਬੁਰਾਈ ਤੇ ਸੱਚਾਈ ਦਾ ਨਾਹਰਾ ਲਾਉਣ ਨਾਲ
ਹੀ
ਬੁਰਾਈ ਖਤਮ ਨਹੀਂ ਹੁੰਦੀ
ਇਕੱਲੇ-ਇਕੱਲੇ ਰਾਵਣ ਨੂੰ
ਸਬਕ ਸਿਖਾਉਣ ਦਾ
ਅੱਗ ਲਾਉਣ ਦਾ
ਪ੍ਰਬੰਧ ਕਰੋ
ਪ੍ਰਬੰਧ ਕਰੋ।

**ਰਵਿੰਦਰ ਸਿੰਘ ਸੋਢੀ**
**604-369-2371**

## ਓਟ ਦੇ ਪਿੱਛੇ

ਬੜੀ ਸਿਆਸਤ ਹੈ ਵੋਟ ਦੇ ਪਿੱਛੇ।
ਸਭ ਤੁਰੇ ਆਉਂਦੇ ਨੋਟ ਦੇ ਪਿੱਛੇ।

ਸੱਚ ਦੇ ਪਿੱਛੇ ਝੂਠ ਇੰਝ ਹੈ, ਜਿਵੇਂ
ਬਾਜ਼ ਪਇਆ ਹੁੰਦੈ ਬੋਟ ਦੇ ਪਿੱਛੇ।

ਖ਼ੁੱਦ ਤੋਂ ਵੀ ਮੈਂ ਪਰਦਾ ਰੱਖਿਆ,
ਕੌਣ ਹੈ ਦਿਲ ਦੀ ਚੋਟ ਦੇ ਪਿੱਛੇ।

ਦਿਲ ਦੇ ਰੋਗ ਲਈ ਮੁੰਗਫਲੀ ਚੰਗੀ,
ਮੈਂ ਰਹਿਆ ਬਦਾਮ, ਅਖਰੋਟ ਦੇ ਪਿੱਛੇ।

ਕੁੜੀਆਂ-ਚਿੜੀਆਂ ਭੋਲੀਆਂ ਹੁੰਦੀਆਂ,
ਝੱਟ ਭਰਮ ਦੀਆਂ ਛੋਟ ਦੇ ਪਿੱਛੇ।

ਹੁਣ ਨਾ ਦੁੱਖਾਂ ਵਿੱਚ ਝੂਰੇ ‘ਤੇਜਿੰਦਰ’,
ਹੈ ਵਿਸ਼ਵਾਸ ਉਹਦੀ ਓਟ ਦੇ ਪਿੱਛੇ।



**ਡਾ. ਤੇਜਿੰਦਰ**

## ਮੌਤ ਦਾ ਤਾਂਡਵ

ਕੱਲ ਸੀ ਉੱਥੇ ਰੌਣਕਾਂ ਲੱਗੀਆਂ,
ਅੱਜ ਸੁੰਨੇ ਪਏ ਬਜ਼ਾਰ ਕੁੜੇ।
ਐਸੀ ਤਬਾਹੀ ਹੁੰਦੀ ਦੋਵਾਂ ਦੀ,
ਸ਼ਹਿਰ ਬਣੇ ਮਜ਼ਾਰ ਕੁੜੇ।
ਦੋਵੇਂ ਪਾਸਿਓਂ ਫੌਜਾਂ ਚੜ੍ਹਈਆਂ,
ਹੁੰਦੀਆ ਮੌਤਾਂ ਬੇ ਸ਼ੁਮਾਰ ਕੁੜੇ।
ਮੌਤ ਦਾ ਤਾਂਡਵ ਉੱਥੇ ਹੁੰਦਾ,
ਇਜ਼, ਗਾਜ਼ਾ ਵਿਚਕਾਰ ਕੁੜੇ।
ਮਾਰੇ ਜਾਂਦੇ ਨੇ ਨਿਹੱਥੇ ਲੋਕੀ,
ਕੀ ਬੱਚੇ ਬੁੱਢੇ ਬਿਮਾਰ ਕੁੜੇ।
ਕੋਈ ਕਿਸੇ ਦੀ ਬਾਤ ਨਾ ਪੁੱਛੇਂ,
ਹਰ ਕੋਈ ਦਿਸੇ ਲਾਚਾਰ ਕੁੜੇ।
ਸਾਨੂੰ ਵੀ ਕੀ ਪਤਾ ਸੀ ਲੱਗਣਾ,
ਦੱਸਦੇ ਪੱਤਰਕਾਰ ਕੁੜੇ।
ਉਹਨਾਂ ਦੀ ਵੀ ਜਾਨ ਤਲੀ ਤੇ,
ਉਹ ਵੀ ਜਾਂਦੇ ਹਾਰ ਕੁੜੇ।
ਘਰ ਛੱਡਣੇ ਕਿਹੜਾ ਸੌਖੇ ਹੁੰਦੇ,
ਪੁੱਛ ਵਿਛੜੇ ਜੋ ਪਰਿਵਾਰ ਕੁੜੇ।
ਪੱਤੋ,ਰੱਬ ਕਰੇ ਕੋਈ ਬੁੱਲਾ ਆਵੇ,
ਸਭ ਕੁਝ ਦੇਵੇ ਠਾਰ ਕੁੜੇ।

**ਹਰਪ੍ਰੀਤ ਪੱਤੋ**
**94658-21417**

## ਮੇਰੀ ਕਵਿਤਾ


ਕਿਸ ਨੂੰ ਹਾਲ ਸੁਣਾਵਾਂ
ਸੱਜਣ ਮੇਰਾ ਠੱਗ ਨੀ,
ਦਿੱਲ ਖੋਹਣਾ ਉਸਦਾ ਕੰਮ ਨੀ,
ਮੈਂ ਆਪ ਵੈਰੀ ਹੋਈ ਦਿਲ ਦੀ,
ਜੋ ਲਾਈ ਉਸ ਨਾਲ ਅੱਖ ਨੀ।
ਕਿਝੰ -ਕਿਝੰ ਲੇਖਾ ਹੁਣ ਕਰਾ,
ਜਦ ਉੱਡ ਗਿਆ ਪ੍ਰਦੇਸ਼ ਨੀ,
ਗੁਆਚੀਆਂ ਹੋਵੇ ਤਾਂ,
ਮਿਲ ਜਾਵੇ ਦਿਲ,
ਮੈਂ ਤਾ ਦਿੱਤਾ ਉਸ ਨੂੰ ਆਪ ਨੀ।
ਗ਼ਮ ਸਰੋਵਰ ਵਿੱਚ ਛੱਡ ਗਿਆ,
ਹੁਣ ਕਿਵੇਂ ਹੋਈਏ ਪਾਰ ਨੀ।
ਵਣਜਾਰਾ ਸੀ ਉਹ ਜਾਤ ਦਾ,
ਮੈਂ ਹੀ ਨਾ ਪਛਾਣਿਆ ਗੋਤ ਨੀ,
ਟੁਰ ਗਏ ਉਸ ਯਾਰ ਦਾ,
ਹੁਣ ਕਿਥੋਂ ਲੁਭੀਏ ਅਨਸਰ ਨੀ।
ਕੋਸਾ ਉਸ ਪਹਿਲੇ ਪਹਿਰ ਨੂੰ,
ਜਿਸ ਘੜੀ ਲਾਈ ਉਸ ਨਾਲ ਨੀ,
ਭਰਵਾਸੇ ਉਸ ਯਾਰ ਨੂੰ,
ਹੁਣ ਯਾਦ ਕਰ-ਕਰ ਰੋਵਾਂ ਨੀ ।
ਰੁਸੇ ਨੇ ਕਰਮ,
ਜਾ,
ਰੁੱਸਿਆ ਉਹ ਦਿਲਦਾਰ ਨੀ,
ਵਿੱਚ ਭਰਮਾਂ ਦੇ ਮੈਂ ਫਸੀ,
ਹੁਣ ਕਿਸ ਨੂੰ ਸੁਣਾਵਾਂ ਹਾਲ ਨੀ,
ਸੱਜਣ ਮੇਰਾ ਠੱਗ ਨੀ ,
ਦਿਲ ਖੋਹਣਾ ਉਸਦਾ ਕੰਮ ਨੀ।



**ਨੀਰ ਪੰਜਾਬੀ (ਯੂ ਐਸ ਏ)**

## ਯਾਦਾਂ ਦਾ ਖੂਹ...

ਉਂਝ ਹੰਝੂਆਂ ਤੋਂ ਭਾਵੇਂ ਘਬਰਾਏ,
ਪਰ ਹਾਸੇ ਬੁੱਲੀਆਂ ਤੱਕ ਆਏ।
ਅੱਖੀਆਂ ਤੱਕ ਆਉਂਦੇ-ਆਉਂਦੇ,
ਰੁਕ ਰੁਕ ਕੇ ਫ਼ੇਰ ਵੀ ਸ਼ਰਮਾਏ।
ਉਂਝ ਹੰਝੂਆਂ....
ਜਿੱਥੋਂ ਖ਼ੁਸ਼ੀਆਂ ਲੱਭੀਆਂ ਸਨ,
ਓਥੇ ਹੀ ਪੀੜਾਂ ਦੱਬੀਆਂ ਹਨ।
ਖੇਡਣ ਲਈ ਬਣਾਈ ਜਿਹੜੀ,
ਖਿੱਦੋ ’ਚੋਂ ਲੀਰਾਂ ਕੱਢੀਆਂ ਹਨ।
ਦਰਦਾਂ ਦੇ ਸਾਗਰ ਵੱਗਦੇ ਨੇ,
ਤੇ ਪਾਣੀ ਵੀ ਉਥੋਂ ਹੀ ਲਿਆਏ।
ਉਂਝ ਹੰਝੂਆਂ.....
ਯਾਦਾਂ ਦਾ ਖੂਹ ਬੜਾ ਹੀ ਡੂੰਘਾ,
ਕੁਝ ਬੋਲੇ ਨਾ ਕਦੇ ਇਹ ਗੂੰਗਾ।
ਪੈੜਾਂ ਲਕੋਣ ਲਈ ਵਕਤ ਨੂੰ,
ਸ਼ਾਇਦ ਦੇ ਗਿਆ ਕੋਈ ਲੂੰਗਾ।
ਚੱਕੀ ਚੱਲਦੀ ਸੀ ਦਿਨ ਰਾਤ,
ਗਮ ਆਪੇ ਸੀ ਅਸੀਂ ਪਿਹਾਏ।
ਉਂਝ ਹੰਝੂਆਂ....



**ਮਨਜੀਤ ਕੌਰ ਧੀਮਾਨ**
**9464633059**

## ਨੀਲਾ ਬਿੰਦੂ

ਨੀਲੇ ਬਿੰਦੂ ਵਿਚ ਰਹਿਣ ਵਾਲਾ
ਮੈਂ ਨਾ ਮਾਤਰ ਜੀਵ
ਮੈਂ ਮੈਂ ਕਰਦਾ ਰਹਿੰਦਾ
ਮੈਂ ਆਹ ਕੀਤਾ ਮੈਂ ਔਹ ਕੀਤਾ
ਜੇ ਮੈਂ ਨਾ ਹੁੰਦਾ
ਇਹ ਕੰਮ ਨਾ ਹੁੰਦਾ
ਮੈਂ ਇਹਦਾ ਕੰਮ ਕਢਾਇਆ
ਮੈਂ ਓਹਦਾ ਕੰਮ ਕਢਾਇਆ
ਮੇਰੇ ਕਰਕੇ ਇਹ ਅਹੁਦੇ ਤੇ ਬੈਠਾ
ਮੈਂ ਮੇਰੀ ਕਰਦਾ ਰਹਿੰਦਾ
ਜਿਵੇਂ ਮੇਰੇ ਤੋਂ ਬਿਨਾਂ ਤੇ
ਕੁਝ ਸੰਭਵ ਹੀ ਨਹੀਂ
ਟਟੀਹਰੀ ਵਾਂਗੂੰ
ਜੋਂ ਕਹਿੰਦੀ
ਮੈਂ ਰੱਬ ਥੰਮਿਆ
ਜੇ ਮੈਂ ਲੱਤਾਂ ਉਤਾਂਹ ਕਰਕੇ ਨਾ ਸੌਵਾਂ
ਤੇ ਰੱਬ ਥੱਲੇ ਡਿੱਗ ਜਾਏ
ਇੱਟ ਵਾਂਗੂੰ
ਜੋ ਕਹਿੰਦੀ
ਸਾਰਾ ਘਰ ਮੇਰੇ ਕਰਕੇ ਖਲੋਤਾ
ਹੈ ਤੇ ਅਸਲ ਵਿਚ ਕੁਝ ਵੀ ਨਹੀਂ
ਭਰਮ ਹੀ ਏ



**ਜੋਬਨਰੂਪ ਛੀਨਾ**

## ਕੁੜੀਆਂ ਕੀ ਨੇ ?

ਕੁੜੀਆਂ ਕਲੀ ਨੇ,
ਕੁੜੀਆਂ ਕੁਆਰੀ ਕੰਨਿਆਂ,
ਕੰਨਿਆ ਦੇਵੀ,
ਕੁੜੀਆਂ ਕੀ ਨੇ,
ਤੁਸੀਂ ਦੱਸੋ ਮੈਨੂੰ।
ਮੈਂ ਬਹੁਤ ਕੁਝ,
ਸੁਣਿਆ,ਪੜਿਆ ਹੈ।
ਸ਼ਾਇਦ ਤੁਸੀਂ ਵੀ ,
ਬਹੁਤ ਕੁਝ ਪੜਿਆ ਜਾਂ,
ਸੁਣਿਆ ਹੋਵੇਗਾ।
ਕਦੇ ਕੁਝ ਵਿਚਾਰ ਕੀਤਾ ਹੋਵੇਗਾ ਜਾਂ ਨਹੀਂ,
ਮੈਨੂੰ ਨਹੀਂ ਪਤਾ।
ਪਰ ਮੈਂ ਤਾਂ ਲਿਖ਼ਤਾਂ ਵਿਚ,
ਜਿੰਨਾ ਹੋ ਸਕਿਆ,
ਜ਼ਿਕਰ ਕੀਤਾ, ਫ਼ਿਕਰ ਕੀਤਾ।
ਜਦ ਮੈਂ ਮਾਸੂਮ ਬਾਲ ਸੀ,
ਤਾਂ ਮੇਰੀ ਸਕੀਆਂ ਭੈਣਾਂ,
ਆਂਢ ਗੁਆਂਢ ਦੀਆਂ ਭੈਣਾਂ,
ਮੇਰਾ ਹਾਰ ਸ਼ਿੰਗਾਰ ਕਰਕੇ,
ਕ੍ਰਿਸ਼ਨ ਕੱਨਈਹੀਆ ਬਣਾ ਖੁਸ਼ ਹੁੰਦੀਆਂ।
ਕਦੇ ਕਹਿੰਦੀਆਂ ਭਾਲੂ ਵਾਂਗ,
ਨੱਚ ਕੇ ਦਿਖਾ।
ਤੇ ਮੈਂ ਭੈਣਾਂ ਦਾ ਕਹਿਣਾ ਮੰਨ,
ਨੱਚਣ ਕੁੱਦਣ ਲੱਗ ਜਾਂਦਾ।
ਕੁੜੀਆਂ ਨੇ ਮੇਰਾ ਮਾਂ ਵਾਂਗ,
ਧਿਆਨ ਰੱਖਿਆ।
ਉਸ ਵੇਲੇ,
ਉਸ ਵੇਲੇ ਮੈਂ ਜਿੱਥੇ ਕੁੜੀਆਂ ਦਾ ਭਰਾ ਸੀ,
ਉਥੇ ਉਨ੍ਹਾਂ ਪੁੱਤ ਵੀ ਸੀ,
ਕਿਉਂਕਿ ਵੱਡੇ ਭੈਣ ਭਰਾ,
ਮਾਂ ਬਾਪ ਸਮਾਨ ਹੁੰਦੇ ਹਨ,
ਪਰ ਹੁਣ ਜੇ ਕੋਈ ਸਮਝੇ।
ਪ੍ਰਾਇਮਰੀ ਸਕੂਲ ਵਿੱਚ,
ਆਸੇ ਪਾਸੇ ਮੁੰਡਿਆਂ ਤੋਂ,
ਬਹੁਤ ਕੁਝ ਸੁਣਦਾ,
ਪਰ ਮੈਨੂੰ ਕੁਝ ਸਮਝ
ਨਾ ਆਉਂਦਾ।
ਪਰ ਨੌਂਵੀਂ ਦਸਵੀਂ ਵੇਲੇ,
ਸਭ ਕੁਝ ਸਮਝ ਆਉਣ ਲੱਗਾ ਕਿ,
ਕੁੜੀਆਂ ਮਾਸ਼ੂਕ ਵੀ,
ਹੁੰਦੀਆਂ ਨੇ।
ਫਿਰ ਬਹੁਤ ਕੁਝ ਨੋਟ ਕੀਤਾ।
ਹੋਰਾਂ ਵਾਂਗ ਮੈਂ ਵੀ,
ਇਸ਼ਕ ਰੰਗ ਵਿਚ,
ਰੰਗਿਆ ਗਿਆ।
ਉਨ੍ਹਾਂ ਤੇ ਮੇਰੇ ਵਿਚਾਲੇ,
ਬੱਸ ਫ਼ਰਕ ਏਨਾ ਸੀਂ,
ਕਿ ਉਹ ਸ਼ਰੇਆਮ ਗੱਲਾਂ ਕਰ ਲੈਂਦੇ,
ਤੇ ਮੈਂ ਦੂਰੋਂ ਦੇਖ ਦੇਖ,
ਕੁਝ ਨਾ ਕੁਝ ਸੋਚਦਾ ਰਹਿੰਦਾ।
ਕਦੇ ਘਰੋਂ ਕੁੱਟ ਤੇ, ਬਦਨਾਮੀ ਤੋਂ ਡਰਦਾ।
ਜੋ ਗੱਲਾਂ ਮੈਂ ਕਿਸੇ ਨੂੰ ਨਾ ਕਹਿ ਸਕਿਆ,
ਮੈਂ ਲਿਖਤਾਂ ਨੂੰ ਆਪਣਾ ਸਹਾਰਾ ਬਣਾਇਆ।
ਮੈਨੂੰ ਦੱਸਿਆ ਗਿਆ ਸੀ,
ਕਿ ਕਿਤਾਬਾਂ ਸੱਚੀਆਂ ਦੋਸਤ ਹਨ,
ਇਨ੍ਹਾਂ ਦਾ ਸਾਥ ਨਾ ਛੱਡਣਾ।

ਸਮਾਂ ਬੀਤਣ ਤੇ ਮੇਰੇ ਮਾਪਿਆਂ,
ਮੇਰੀ ਸ਼ਾਦੀ ਕਰ ਦਿੱਤੀ,
ਤੇ ਫਿਰ ਇਕ ਕੁੜੀ ਮੈਨੂੰ,
ਪਤਨੀ ਦੇ ਰੂਪ ਵਿਚ ਮਿਲੀ।
ਜੋ ਕਿ ਮੇਰੀ ਪਹਿਲੀ ਗਰਲ ਫਰੈਂਡ ਸੀ,
ਜੋ ਮੇਰੇ ਜੀਵਨ ਦੇ ਦੁੱਖ ਸੁੱਖ ਦੀ ਸਾਥੀ ਸੀ।
ਫਿਰ ਮੇਰੀ ਪਤਨੀ ਮੇਰੀ ਇੱਜ਼ਤ ਨੇ,
ਨੰਨ੍ਹੀ ਕਲੀ ਨੂੰ ਜਨਮ ਦਿੱਤਾ।
ਫਿਰ ਕੁੜੀ ਮੈਨੂੰ ਧੀ ਦੇ ਰੂਪ ਵਿਚ ਮਿਲੀ।
ਕੁੜੀ ਦਾ ਧੀ ਤੋਂ ਮਾਂ ਤੱਕ ਦਾ,
ਸਫ਼ਰ ਬਹੁਤ ਲੰਮੇਰਾ ਹੈ।
ਕੁੜੀ ਨੂੰ ਬਹੁਤ ਕੁਝ,
ਸੁਣਨਾ ਪੈਂਦਾ ਹੈ,
ਸਹਿਣਾ ਪੈਂਦਾ ਬਥੇਰਾ ਹੈ।



**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
**9463162463**

## ਚਿੜੀਆਂ ਨੂੰ ਸੱਦਾ

ਕਿਧਰੋਂ ਉਡ ਕੇ ਆ ਨੀ ਚਿੜੀਏ।
ਵਿਹੜੇ ਫੇਰਾ ਪਾ ਨੀ ਚਿੜੀਏ।
ਵਤਨੀਂ ਛੱਡ ਕੇ ਕਿੱਥੇ ਤੁਰਗੀ,
ਆ ਕੇ ਦਾਣੇ ਖਾ ਨੀ ਚਿੜੀਏ।
ਸਾਡੇ ਬਚਪਨ ਦੀ ਤੂੰ ਸਾਥਣ
ਫਿਰ ਤੋਂ ਫੇਰਾ ਪਾ ਨੀ ਚਿੜੀਏ
ਤੂੰ ਤਾਂ ਸਾਨੂੰ ਚੰਗੀ ਲੱਗੇਂ
ਐਵੇਂ ਨਾ ਤੜਫਾ ਨੀ ਚਿੜੀਏ।
ਲਾ ਟੋਕਰੀ ਤੈਨੂੰ ਫੜਦੇ,
ਬਚਪਨ ਯਾਦ ਕਰਾ ਨੀ ਚਿੜੀਏ।
ਅੱਖਾਂ ਤੋਂ ਤੂੰ ਓਝਲ ਹੋ ਗਈ,
ਕਿੱਥੇ ਰਹੀ ਸੁਸਤਾ ਨੀ ਚਿੜੀਏ।
ਲੋਕਾਂ ਤੇਰੇ ਰੈਣ-ਬਸੇਰੇ,
ਸੱਚੀਂ ਦਿੱਤੇ ਢਾਹ ਨੀ ਚਿੜੀਏ।
ਆ ਜਾ ਨੀ ਤੂੰ ਰੂਪ ਸੁਹਾਣਾ,
ਅਪਣਾ ਜ਼ਰਾ ਵਿਖਾ ਨੀ ਚਿੜੀਏ।
ਪਾਵਾਂ ਤੈਨੂੰ ਦਾਣੇ-ਰੋਟੀ,
ਜਲਦੀ ਆ ਕੇ ਖਾ ਨੀ ਚਿੜੀਏ।
ਸੌਂਹ ਤੇਰੀ ਤੈਨੂੰ ਤੰਗ ਨੀ ਕਰਦੇ,
ਭੁਲਾ ਨੂੰ ਬਖਸ਼ਾ ਨੀ ਚਿੜੀਏ।
ਸਾਡੇ ਤੋਂ ਤੂੰ ਬੇਮੁਖ ਹੋ ਕੇ,
ਵਤਨੀਂ ਛੱਡ ਕੇ ਜਾ ਨਾ ਚਿੜੀਏ।
ਤਰਸ ਗਏ ਤੇਰੀ ਚੀਂ-ਚੀਂ ਸੁਣਨੋ,
ਆ ਕੇ ਸ਼ੋਰ ਮਚਾ ਨੀ ਚਿੜੀਏ।
ਬੀਬੀ ਰਾਣੀ ਬੜੀ ਸਿਆਣੀ,
ਮੁੜ ਆ, ਮੁੜ ਕੇ ਆ ਨੀ ਚਿੜੀਏ।
ਵੇਖ ਲਵਾਂ ਤੈਨੂੰ ਜੀ ਭਰਕੇ,
ਦੀਦੇ ਦਰਸ ਕਰਾ ਨੀ ਚਿੜੀਏ।
ਪੱਠਿਆਂ ਵਿੱਚੋਂ ਲੱਭ ਕੇ ਸੁੰਡੀ,
ਲੈਂਦੀ ਸੀ ਤੂੰ ਖਾ ਨੀ ਚਿੜੀਏ।
ਬੱਚਿਆਂ ਦੇ ਲਈ ਉਹੀਓ ਚੋਗਾ,
ਫਿਰ ਤੂੰ ਲੈ ਕੇ ਜਾ ਨੀ ਚਿੜੀਏ
ਚੀਂ ਚੀਂ ਵਾਲੇ ਗੀਤ ਪਿਆਰੇ
‘ਸਾਹਿਲ’ ਨੂੰ ਫੇਰ ਸੁਣਾਂ ਨੀ ਚਿੜੀਏ।



**ਕੁਲਦੀਪ ਸਿੰਘ ਸਾਹਿਲ**
**9417990040**

## ਮੈਨੂੰ ਪਿੰਡ ਹੀ ਰਹਿਣ ਦਿਓ

ਮੈਂ ਸ਼ਹਿਰ ਨਹੀਂ ਹੋਣਾ ਚਾਹੁੰਦਾ
ਅਤਿ ਆਧੁਨਿਕ
ਸੁਵਿਧਾਵਾਂ ਨਾਲ ਲੈਸ
ਚੌੜੀਆਂ ਸੜਕਾਂ
ਸੜਕਾਂ ਤੇ ਲੱਗੀਆਂ ਸਟਰੀਟ ਲਾਈਟਾਂ

ਹਰੇ ਭਰੇ
ਇੱਕੋ ਜਿਹੇ ਦਰਖਤ
ਬੇਸ਼ੁਮਾਰ ਗੱਡੀਆਂ
ਦੁਪਈਆ ਵਾਹਨ
ਵਾਹਨਾਂ ਦੀਆਂ ਲੰਬੀਆਂ ਕਤਾਰਾਂ

ਸ਼ੋਰ ਗੁਲ
ਸ਼ੌਪਿੰਗ ਮਾਲ
ਫੂਡ ਜੌਇੰਟ

ਅਣਜਾਣ ਗੁਆਂਢੀ
ਖ਼ੂਬਸੂਰਤ ਸ਼ਮਸ਼ਾਨ ਘਰ
ਤਰਤੀਬ ਨਾਲ ਬਣੇ
ਫਲੈਟ

ਸ਼ਾਮ ਦੀ ਸੈਰ ’ਤੇ
ਟਹਿਲਦੇ ਲੋਕ
ਇਸ ਸਭ ਵਿੱਚ
ਗੁਆਚ ਜਾਏਗਾ

ਮੇਰਾ ਨਿਘ
ਮੇਰੀ ਅਪਣੱਤ
ਮੇਰੇ ਨਿਵਾਸੀਆਂ ਦਾ ਆਪਸੀ ਮੋਹ
ਇਕ ਦੂਜੇ ਦੇ ਨਾਨਕੇ ਦਾਦਕੇ ਤੱਕ ਦੀ ਸਾਂਝ
ਸਾਂਝੇ ਸੁੱਖ ਦੁੱਖ

ਬੋਹੜ ਹੇਠ ਬੈਠੇ ਬਾਬੇ
ਸਾਂਝੀਆਂ ਮੁਕਾਣਾ
ਧੁੱਪੇ ਡਹੇ ਮੰਜੇ
ਪੀੜੀਆਂ ਦੀ ਸਾਂਝ
ਸਾਂਝੇ ਲੰਗਰ
ਖੁਰਲੀਆਂ ਤੇ ਬੰਨੇ ਡੰਗਰ
ਸਾਂਝੀਆ ਲੋਹੜੀਆਂ
ਮੇਲੇ ਜਾਂਦੀਆਂ ਟਰਾਲੀਆਂ

ਹੱਸਦੇ ਖੇਡਦੇ
ਕਿਸਾਨ ਤੇ ਕਾਮੇ
ਸਧਾਰਨ ਜਾਮੇ

ਮੈਂ ਖੁਸ਼ ਹਾਂ ਸਾਦਗੀ ਵਿੱਚ
ਨਹੀਂ ਬਣਨਾ
ਆਧੁਨਿਕ
ਮੈਨੂੰ ਪਿੰਡ ਹੀ ਰਹਿਣ ਦਿਓ



**ਹਰਪ੍ਰੀਤ ਸੰਧੂ**

AUTO GROUP

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD